


SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 40
January 16, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




## ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 14 ਜਨਵਰੀ ਨੂੰ 133ਵਾਂ ਜਨਮ ਦਿਨ ਦੇਸ਼ ਵਿਦੇਸ਼ ਵਿਚ ਮਨਾਇਆ ਗਿਆ, ਜਿਨ੍ਹਾਂ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਦੇਸ਼ ਦੀ ਆਜ਼ਾਦੀ ਲਈ ਹੋਰਨਾਂ ਗਦਰੀ ਬਾਬਿਆਂ ਨਾਲ ਸੰਘਰਸ਼ ਕੀਤਾ ਅਤੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ, ਜਿਨ੍ਹਾਂ ਬਾਰੇ ਅਸੀਂ ਸਮੇਂ-ਸਮੇਂ ਹਫਤਾਵਾਰੀ ਅਖਬਾਰਾਂ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਅੰਗਰੇਜ਼ੀ ਅਤੇ ਪੰਜਾਬੀ ਵਿਚ ਅਕਸਰ ਜ਼ਿਕਰ ਕਰਦੇ ਆਏ ਹਾਂ। ਗਦਰੀ ਬਾਬਾ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਹੋਰਨਾਂ ਮਾਣਯੋਗ ਲੇਖਕਾਂ ਨੇ ਵੀ ਬਹੁਤ ਕੁਝ ਲਿਖਿਆ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਵਸ ਦੀਆਂ ਲੱਖ-ਲੱਖ ਵਧਾਈਆਂ।

http://www.ambedkartimes.com/ronkiram.htm#b

# ਵਿਰੋਧੀ ਧਿਰਾਂ ਦੇ ਵੱਧ ਰਹੇ ਕਾਰਵੇਂ ਨੇ ਭਾਜਪਾ ਦੀ ਨੀਂਦ ਉਡਾਈ

## ਉਤਰ ਪ੍ਰਦੇਸ਼ ਅਤੇ ਬਿਹਾਰ ਵਿਚ ਭਾਜਪਾ ਨੂੰ ਕਰਨਾ ਪੈ ਸਕਦਾ ਹੈ ਦੁਸ਼ਵਾਰੀਆਂ ਦਾ ਸਾਹਮਣਾ

**ਚੰਡੀਗੜ੍ਹ (ਬਿਊਰੋ)–** ਭਾਰਤ ਵਿਚ ਇਸ ਸਾਲ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਲਈ ਕਾਂਗਰਸ, ਬਸਪਾ, ਸਪਾ, ਜਨਤਾ ਦਲ, ਤ੍ਰਿਣਾਮੂਲ ਕਾਂਗਰਸ ਸਮੇਤ ਕਈ ਹੋਰ ਅਹਿਮ ਖੇਤਰੀ ਪਾਰਟੀਆਂ ਵਿਚਕਾਰ ਵੱਧ ਰਹੇ ਤਾਲਮੇਲ ਦੇ ਕਾਰਨ ਕੇਂਦਰੀ ਸਿਆਸਤ ਵਿਚ ਖਲਬਲੀ ਦਾ ਮਾਹੌਲ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਕੋਲ ਉਹੀ ਭਾਈਵਾਲ ਹਨ, ਜੋ 2014 ਦੀਆਂ ਲੋਕ ਸਭਾ ਚੋਣਾਂ ਵਿਚ ਸਨ, ਪਰ ਵਿਰੋਧੀ ਪਾਰਟੀਆਂ ਵਿਚੋਂ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚ ਅਸਰ ਰਸੂਖ ਰੱਖਣ ਵਾਲੀਆਂ ਪਾਰਟੀਆਂ ਦੇ ਆਪਸੀ ਗੱਠਜੋੜ ਕਾਰਨ ਕੇਂਦਰੀ ਸਿਆਸਤ ਵਿਚ ਵੱਡੀ ਤਬਦੀਲੀ ਆਉਣ ਦੇ ਆਸਾਰ ਵੱਧ ਗਏ ਹਨ।



**70 ਤੋਂ ਵੱਧ ਸੀਟਾਂ ਜਿੱਤ ਸਕਦਾ ਹੈ ਬਸਪਾ-ਸਪਾ ਗੱਠਜੋੜ**

ਲਖਨਊ- ਦੇਸ਼ ਦੇ ਸਭ ਤੋਂ ਜ਼ਿਆਦਾ ਲੋਕ ਸਭਾ ਸੀਟਾਂ (80) ਵਾਲੇ ਸੂਬੇ ਉਤਰ ਪ੍ਰਦੇਸ਼ ਵਿਚ ਬਸਪਾ-ਸਪਾ 'ਚ ਹੋਇਆ ਸਿਆਸੀ ਗੱਠਜੋੜ ਦੇਸ਼ ਦੀ ਸਿਆਸਤ ਬਦਲਣ ਵਾਲਾ ਸਾਬਤ ਹੋ ਸਕਦਾ ਹੈ। ਉਤਰ ਪ੍ਰਦੇਸ਼ ਦੇ ਲਖਨਊ ਵਿਚ 12 ਜਨਵਰੀ ਨੂੰ ਬਸਪਾ ਮੁਖੀ ਕੁਮਾਰੀ ਮਾਇਆਵਤੀ ਤੇ ਸਪਾ ਪ੍ਰਧਾਨ ਅਖਿਲੇਸ਼ ਯਾਦਵ ਦੀ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਦੋਵੇਂ ਪਾਰਟੀਆਂ ਵੱਲੋਂ 38-39 ਲੋਕ ਸਭਾ ਸੀਟਾਂ'ਤੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਗਿਆ।

ਬਸਪਾ ਤੇ ਸਪਾਕੁੱਲ 76 ਲੋਕ ਸਭਾ ਸੀਟਾਂ 'ਤੇ ਚੋਣ ਲੜਨਗੇ, ਜਦਕਿ 2 ਸੀਟਾਂ ਰਾਏਬਰੇਲੀ ਤੇ ਅਮੇਠੀ ਕਾਂਗਰਸ ਲਈ ਛੱਡੀਆਂ ਗਈਆਂ ਹਨ। ਬਾਕੀ 2 ਸੀਟਾਂ ਰਾਸ਼ਟਰੀ ਲੋਕ ਦਲ (ਆਰ.ਐਲ.ਡੀ.) ਲਈ ਛੱਡੀਆਂ ਜਾ ਸਕਦੀਆਂ ਹਨ।

ਦੋਵੇਂ ਪਾਰਟੀਆਂ ਵਿਚਕਾਰ ਹੋਇਆ ਗੱਠਜੋੜ ਸਿਆਸੀ ਨਜ਼ਰੀਏ ਨਾਲ ਕਾਫੀ ਮਹੱਤਵਪੂਰਨ

**(ਬਾਕੀ ਸਫਾ 3 'ਤੇ)**

# ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਅਮਰੀਕਾ 'ਚ ਸਮਾਗਮ ਆਰੰਭ

**ਵਾਸ਼ਿੰਗਟਨ (ਬਿਊਰੋ)–** ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ 'ਚ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਅਮਰੀਕਾ 'ਚ ਸ਼ੁਰੂਆਤ ਹੋ ਗਈ ਹੈ। ਗੁਰੂ ਨਾਨਕ ਦੇਵ ਦੇ ਮਾਨਵਤਾ ਅਤੇ ਵੰਡ ਕੇ ਛੱਕਣ ਦੇ ਸੁਨੇਹੇ ਨੂੰ ਲੋਕਾਂ ਤਕ ਪਹੁੰਚਾਉਣ ਲਈ ਉਚੇਚੇ ਤੌਰ 'ਤੇ ਇਹ ਉਪਰਾਲਾ ਕੀਤਾ ਗਿਆ ਹੈ। ਅਮਰੀਕਾ 'ਚ ਨਵੇਂ ਰਾਜਦੂਤ ਹਰਸ਼ ਵੀ ਸ਼੍ਰਿੰਗਲਾ ਨੇ ਕਿਹਾ ਕਿ ਭਾਰਤੀ ਸਫ਼ਾਰਤਖਾਨਿਆਂ ਅਤੇ ਕੌਂਸਲਖਾਨਿਆਂ ਨੇ ਸਾਲ ਭਰ ਚੱਲਣ ਵਾਲੇ ਕੀਰਤਨਾਂ, ਸੈਮੀਨਾਰਾਂ ਅਤੇ ਅੰਤਰ ਧਰਮ ਸਮਾਗਮਾਂ ਸਮੇਤ ਹੋਰ ਸਰਗਰਮੀਆਂ ਦਾ ਐਲਾਨ ਕੀਤਾ ਹੈ। ਸ਼ਨਿਚਰਵਾਰ ਨੂੰ ਭਾਈ ਬਲਦੀਪ ਸਿੰਘ ਨੇ ਗੁਰਬਾਣੀ ਕੀਰਤਨ ਨਾਲ ਇਨ੍ਹਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ। ਸ੍ਰੀ ਸ਼੍ਰਿੰਗਲਾ ਨੇ ਕਰੀਬ 200 ਵਿਅਕਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਭਾਰਤ ਦੇ ਮਹਾਨ ਦਾਰਸ਼ਨਿਕਾਂ ਅਤੇ ਸਮਾਜ ਸੁਧਾਰਕਾਂ ਵਿਚੋਂ ਇਕ ਸਨ ਅਤੇ ਉਨ੍ਹਾਂ ਜਾਤ-ਪਾਤ ਦੇ ਬੰਧਨ ਤੋਂ ਸਮਾਜ ਨੂੰ ਨਿਜਾਤ ਦਿਵਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਵੱਖ ਵੱਖ ਮੁਲਕਾਂ 'ਚ ਸਮਾਗਮਾਂ ਦੀ ਯੋਜਨਾ ਬਣਾਈ ਹੈ। ਰਾਜਦੂਤ ਮੁਤਾਬਕ ਅਮਰੀਕਾ 'ਚ ਵੱਖ ਵੱਖ ਗੁਰਦੁਆਰਿਆਂ ਅਤੇ ਸਿੱਖ ਆਗੂਆਂ ਕੋਲ ਪਹੁੰਚ ਕਰਕੇ ਉਨ੍ਹਾਂ ਨਾਲ ਕਈ ਮੁੱਦਿਆਂ ਨੂੰ ਵਿਚਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਕ ਟਾਸਕ ਫੋਰਸ ਬਣਾਈ ਗਈ ਹੈ ਜੋ ਵੱਖ ਵੱਖ ਸਮਾਗਮਾਂ ਲਈ ਤਾਲਮੇਲ ਬਣਾ ਕੇ ਚੱਲੇਗੀ। ਉਨ੍ਹਾਂ ਦੱਸਿਆ ਕਿ ਹਿਊਸਟਨ, ਨਿਊਯਾਰਕ, ਸਾਂ ਫਰਾਂਸਿਸਕੋ, ਸ਼ਿਕਾਗੋ ਅਤੇ ਅਟਲਾਂਟਾ ਦੇ ਪੰਜ ਕੌਂਸਲਖਾਨੇ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਨਾਲ ਮਿਲ ਕੇ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਗੇ।






MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

INDIA BAZAAR



Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders




CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# ਮੇਲਾ ਮਾਘੀ: ਵੱਡੀ ਗਿਣਤੀ ਸੰਗਤ ਨੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਮੱਥਾ ਟੇਕਿਆ

**ਸ੍ਰੀ ਮੁਕਤਸਰ ਸਾਹਿਬ (ਬਿਊਰੋ)–** ਸ਼ਹੀਦੀ ਜੋੜ ਮੇਲ ਮਾਘੀ ਮੌਕੇ ਵੱਡੀ ਗਿਣਤੀ ਸ਼ਰਧਾਲੂਆਂ ਨੇ ਅੱਜ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ ਅਤੇ ਚਾਲੀ ਮੁਕਤਿਆਂ ਨੂੰ ਸ਼ਰਧਾ-ਸੁਮਨ ਭੇਟ ਕੀਤੇ। ਇਸ਼ਨਾਨ 13 ਜਨਵਰੀ ਦੀ ਅੱਧੀ ਰਾਤ ਨੂੰ ਸ਼ੁਰੂ ਹੋ ਗਿਆ ਸੀ। ਸਾਰਾ ਦਿਨ ਸ਼ਰਧਾਲੂਆਂ ਦਾ ਤਾਂਤਾ ਲੱਗਿਆ ਰਿਹਾ। ਮੌਸਮ ਖੁਸ਼ਗਵਾਰ ਹੋਣ ਦੇ ਬਾਵਜੂਦ ਪਿਛਲੇ ਵਰ੍ਹਿਆਂ ਨਾਲੋਂ ਇਸ ਵਾਰ ਸ਼ਰਧਾਲੂਆਂ ਦੀ ਆਮਦ ਘਟ ਰਹੀ। ਇਸ ਦਾ ਇਕ ਕਾਰਨ ਤਾਂ ਅਕਾਲੀ ਦਲ ਤੋਂ ਬਗੈਰ ਹੋਰ ਕਿਸੇ ਸਿਆਸੀ ਪਾਰਟੀ ਵੱਲੋਂ ਕਾਨਫਰੰਸ ਨਾ ਕਰਨ ਦਾ ਦੱਸਿਆ ਜਾ ਰਿਹਾ ਹੈ ਤੇ ਦੂਸਰਾ ਆਰਥਿਕ ਮੰਦੀ ਦਾ। ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਂਦੀਆਂ ਪ੍ਰਦਰਸ਼ਨੀਆਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਲਾਈਆਂ ਗਈਆਂ। ਇਸ ਵਰ੍ਹੇ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ 'ਚ ਸੰਗਤ ਦੀ ਸਹੂਲਤ ਲਈ ਵਿਸ਼ੇਸ਼ ਤੌਰ 'ਤੇ ਗੋਤਾਖੋਰਾਂ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਗੁਰਦੁਆਰਾ ਟਿੱਬੀ ਸਾਹਿਬ, ਰਕਾਬਸਰ ਸਾਹਿਬ, ਖੂਹ ਸਾਹਿਬ, ਦਾਤਨਸਰ ਸਾਹਿਬ ਵਿਖੇ ਨਿਹੰਗ ਸਿੰਘ ਜਥੇਬੰਦੀਆਂ ਨੇ ਆਪੋ-ਆਪਣੇ ਪੜਾਅ ਲਾਏ ਹਨ, ਜਿਨ੍ਹਾਂ ਦੁਆਰਾ 15 ਜਨਵਰੀ ਨੂੰ ਮਹੱਲਾ ਕੱਢਿਆ ਜਾਵੇਗਾ।

ਚਾਲੀ ਮੁਕਤਿਆਂ ਦੀ ਯਾਦ ਵਿੱਚ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ 12 ਜਨਵਰੀ ਨੂੰ ਅਖੰਡ ਪਾਠ ਆਰੰਭ ਹੋਏ, ਜਿਨ੍ਹਾਂ ਦਾ ਅੱਜ ਸੁਭਾ 6 ਵਜੇ ਭੋਗ ਪਾਇਆ ਗਿਆ। ਇਸ ਦੌਰਾਨ ਸਾਰੀ ਰਾਤ ਤੇ ਦਿਨ ਭਾਈ ਮਹਾਂ ਸਿੰਘ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਸ 'ਚ ਢਾਡੀ, ਕਵੀਸ਼ਰ ਜੱਥਿਆਂ ਨੇ ਯੋਧਿਆਂ ਦੀ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਇਆ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਬਲਦੇਵ ਸਿੰਘ ਨੇ ਦੱਸਿਆ ਕਿ ਸੰਗਤ ਦੀ ਸਹੂਲਤ ਲਈ ਸੁਚੱਜੇ ਪ੍ਰਬੰਧ ਕੀਤੇ ਗਏ ਸਨ।



ਮਾਘੀ ਦੇ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਗਈ ਸਿਆਸੀ ਕਾਨਫਰੰਸ 'ਚ ਕਾਂਗਰਸ ਪਾਰਟੀ ਖਾਸ ਤੌਰ 'ਤੇ ਗਾਂਧੀ ਪਰਿਵਾਰ ਨੂੰ ਪੰਜਾਬ ਦੀ ਬਰਬਾਦੀ ਤੇ ਸਿੱਖ ਨਸਲਕੁਸ਼ੀ ਲਈ ਜ਼ਿੰਮੇਵਾਰ ਦੱਸਦਿਆਂ ਉਸ ਦੀ ਤੁਲਨਾ 'ਮੁਗਲਾਂ' ਨਾਲ ਕੀਤੀ ਗਈ ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਤੇ ਸਿੱਖ ਹਿਤੈਸ਼ੀ ਬਣਾ ਕੇ ਪੇਸ਼ ਕਰਦਿਆਂ ਉਸ ਦੀ ਰੱਜ ਕੇ ਸਿਫ਼ਤ ਕੀਤੀ ਗਈ। ਕਾਨਫਰੰਸ 'ਚ ਆਮ ਆਦਮੀ ਪਾਰਟੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਹਾਲਾਂਕਿ ਪਿਛਲੀਆਂ ਸਿਆਸੀ ਕਾਨਫਰੰਸਾਂ 'ਚ ਮੁੱਖ ਨਿਸ਼ਾਨਾ 'ਆਪ' ਹੀ ਹੁੰਦੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਂ ਸਪੱਸ਼ਟ ਕਿਹਾ ਕਿ ਹੁਣ ਲੜਾਈ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਡਤ ਨਹਿਰੂ ਦੇ ਗਲਤ ਫੈਸਲੇ ਕਰਕੇ ਅੱਜ ਕਰਤਾਰਪੁਰ ਲਾਂਘੇ ਵਰਗੇ ਮਸਲੇ ਖੜ੍ਹੇ ਹੋਏ ਹਨ। ਦੇਸ਼ ਵਿੱਚ ਸਭ ਤੋਂ ਵੱਧ ਸਮਾਂ ਰਾਜ ਗਾਂਧੀ ਪਰਿਵਾਰ ਨੇ ਕੀਤਾ ਅਤੇ ਕਿਸਾਨਾਂ ਦੀ ਬਦਹਾਲੀ, ਦਲਿਤਾਂ ਦੇ ਸ਼ੋਸ਼ਣ ਅਤੇ ਬੇਰੁਜ਼ਗਾਰੀ ਲਈ ਗਾਂਧੀ ਪਰਿਵਾਰ ਹੀ ਜ਼ਿੰਮੇਵਾਰ ਹੈ।

ਮੇਲਾ ਮਾਘੀ ਮੌਕੇ ਡੇਰਾ ਭਾਈ ਮਸਤਾਨ ਸਿੰਘ ਵਿਖੇ ਹੋਈ ਅਕਾਲੀ ਦਲ (ਮਾਨ) ਦੀ ਸਿਆਸੀ ਕਾਨਫਰੰਸ ਵਿਚ ਖਾਲਿਸਤਾਨ ਪੱਖੀ ਨਾਅਰੇ ਲੱਗੇ। ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿੱਖ ਪੰਥ ਦੇ ਘਾਣ ਲਈ ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੂੰ ਜ਼ਿੰਮੇਵਾਰ ਠਹਿਰਾਇਆ।

ਉਨ੍ਹਾਂ ਕਿਹਾ ਕਿ ਜੇ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਤੇ ਦਿੱਲੀ ਦੇ ਸਿੱਖ ਕਤਲੇਆਮ ਲਈ ਕਾਂਗਰਸ ਸਰਕਾਰ ਜ਼ਿੰਮੇਵਾਰ ਹੈ ਤਾਂ ਕੋਟਕਪੂਰਾ ਵਿਚ ਸ਼ਾਂਤੀਪੂਰਵਕ ਧਰਨੇ 'ਤੇ ਬੈਠੀ ਸਿੱਖ ਸੰਗਤ 'ਤੇ ਗੋਲੀਆਂ ਚਲਵਾਉਣ ਵਾਲੇ ਪੁਲੀਸ ਅਫ਼ਸਰਾਂ ਨੂੰ ਬਚਾਉਣ ਲਈ ਕੋਝੇ ਹੱਥਕੰਡੇ ਅਪਣਾਉਣ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜ਼ਿੰਮੇਵਾਰ ਹਨ। ਉਨ੍ਹਾਂ ਬਰਗਾੜੀ ਮੋਰਚੇ ਬਾਰੇ ਕਿਹਾ ਕਿ ਮੋਰਚੇ ਸਦਕਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ 24 ਵਿਅਕਤੀਆਂ ਦੀਆਂ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ ਤੇ ਦੋ ਜਣਿਆਂ ਦੀ ਗ੍ਰਿਫ਼ਤਾਰੀ ਬਾਕੀ ਹੈ। ਬੁਲਾਰਿਆਂ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲ੍ਹਣ ਦੀ ਗੱਲ ਸਭ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਨੇ ਕੀਤੀ ਸੀ ਤੇ ਇਸੇ ਕਰਕੇ ਇਸ ਨੂੰ ਪ੍ਰਵਾਨਗੀ ਮਿਲੀ ਹੈ।

# ਵਿਰੋਧੀ ਧਿਰਾਂ ਦੇ ਵੱਧ ਰਹੇ ਕਾਰਵੇਂ ਨੇ ਭਾਜਪਾ ਦੀ ਨੀਂਦ ਉਡਾਈ

**(ਸਫਾ 1 ਦੀ ਬਾਕੀ)**

ਮੰਨਿਆ ਜਾ ਰਿਹਾ ਹੈ। ਜੇਕਰ ਸਾਲ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਭਾਜਪਾ ਨੂੰ ਇਸ ਸੂਬੇ 'ਚੋਂ ਭਾਰੀ ਗਿਣਤੀ 'ਚਸੀਟਾਂ ਮਿਲੀਆਂ ਸਨ। 71 ਲੋਕ ਸਭਾ ਸੀਟਾਂ'ਤੇ ਭਾਜਪਾ ਅਤੇ 2 ਲੋਕ ਸਭਾ ਸੀਟਾਂ 'ਤੇ ਉਸਦੀ ਸਹਿਯੋਗੀ ਪਾਰਟੀ ਆਪਣਾ ਦਲ ਜੇਤੂ ਰਹੀ ਸੀ।

**ਯੂਪੀ ਅਤੇ ਬਿਹਾਰ ਕੇਂਦਰ 'ਚ ਸੱਤਾ ਦਾ ਫ਼ੈਸਲਾ ਕਰਨਗੇ: ਤੇਜਸਵੀ**

ਬਸਪਾ ਅਤੇ ਸਮਾਜਵਾਦੀ ਪਾਰਟੀ ਦੇ ਗਠਜੋੜ ਦਾ ਮੁਲਕ 'ਚ ਵਧੀਆ ਸੁਨੇਹਾ ਜਾਣ ਦਾ ਦਾਅਵਾ ਕਰਦਿਆਂ ਰਾਸ਼ਟਰੀ ਜਨਤਾ ਦਲ ਆਗੂ ਤੇਜਸਵੀ ਯਾਦਵ ਨੇ ਅੱਜ ਕਿਹਾ ਕਿ ਲੋਕ ਸਭਾ ਚੋਣਾਂ ਮਗਰੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਤੈਅ ਕਰਨਗੇ ਕਿ ਕੇਂਦਰ 'ਚ ਸਰਕਾਰ ਕੌਣ ਬਣਾਏਗਾ। ਤੇਜਸਵੀ ਨੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ,''ਯੂਪੀ 'ਚ 80 ਅਤੇ ਬਿਹਾਰ 'ਚ 40 ਲੋਕ ਸਭਾ ਸੀਟਾਂ ਹਨ। ਜੇਕਰ ਝਾਰਖੰਡ (14 ਸੀਟਾਂ) ਨੂੰ ਵੀ ਮਿਲਾ ਲਈਏ ਤਾਂ ਕੁੱਲ 134 ਸੀਟਾਂ ਬਣ ਜਾਂਦੀਆਂ ਹਨ। ਭਾਜਪਾ ਕੋਲ ਇਸ ਸਮੇਂ 115 ਸੀਟਾਂ ਹਨ ਪਰ ਇਨ੍ਹਾਂ ਸੂਬਿਆਂ 'ਚ ਗਠਜੋੜ ਬਣਨ ਨਾਲ ਭਾਜਪਾ 100 ਤੋਂ ਵਧ ਸੀਟਾਂ ਹਾਰ ਜਾਏਗੀ।'' ਉਸ ਨੇ ਆਸ ਜਤਾਈ ਕਿ ਬਿਹਾਰ 'ਚ ਵੀ ਯੂਪੀ ਵਰਗਾ ਗਠਜੋੜ ਬਣਾ ਕੇ ਭਾਜਪਾ ਨੂੰ ਮਾਤ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਆਰਜੇਡੀ ਆਗੂ ਨੇ ਐਤਵਾਰ ਰਾਤ ਨੂੰ ਬਸਪਾ ਸੁਪਰੀਮੋ ਮਾਇਆਵਤੀ ਨਾਲ ਵੀ ਮੁਲਾਕਾਤ ਕੀਤੀ ਸੀ। ਤੇਜਸਵੀ ਨੇ ਕਿਹਾ ਕਿ ਉਹ ਮਾਇਆਵਤੀ ਨੂੰ ਜਨਮਦਿਨ ਦੀ ਅਗਾਊਂ ਵਧਾਈ ਦੇਣ ਅਤੇ ਆਸ਼ੀਰਵਾਦ ਲੈਣ ਲਈ ਆਇਆ ਸੀ। ਉਸ ਨੇ ਕਿਹਾ ਕਿ ਅਜਿਹੇ ਗਠਜੋੜ ਦੀ ਕਲਪਨਾ ਆਰਜੇਡੀ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੇ ਕੀਤੀ ਸੀ। ਤੇਜਸਵੀ ਨੇ ਕਿਹਾ ਕਿ ਭਗਵਾਂ ਪਾਰਟੀ ਤੋਂ ਲੋਕ ਖੁਸ਼ ਨਹੀਂ ਹਨ ਅਤੇ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਪੈਕੇਜ ਦੇਣ ਦਾ ਵਾਅਦਾ ਕਰਕੇ ਬਿਹਾਰ ਨੂੰ ਵੀ 'ਧੋਖਾ' ਦੇਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਨਿਤੀਸ਼ ਕੁਮਾਰ ਨੂੰ 'ਸੀਐਮ ਚਾਚਾ' ਆਖਦਿਆਂ ਕਿਹਾ ਕਿ ਆਰਜੇਡੀ ਨਾਲ ਗਠਜੋੜ ਤੋੜ ਕੇ ਉਹ ਭਾਜਪਾ ਦੇ ਪਾਲੇ 'ਚ ਚਲੇ ਗਏ ਹਨ। ਇਸ ਮੌਕੇ ਅਖਿਲੇਸ਼ ਨੇ ਕਿਹਾ ਕਿ ਤੇਜਸਵੀ ਵੱਲੋਂ ਯੂਪੀ 'ਚ ਹਮਾਇਤ ਦੇਣ ਨਾਲ ਗਠਜੋੜ ਹੋਰ ਮਜ਼ਬੂਤ ਹੋਵੇਗਾ।

ਇਸ ਦੌਰਾਨ ਤੇਜਸਵੀ ਯਾਦਵ ਨੇ ਸੰਕੇਤ ਦਿੱਤੇ ਕਿ ਉਹ ਬਿਹਾਰ 'ਚ ਕਾਂਗਰਸ ਨਾਲ ਗਠਜੋੜ ਕਰਨਗੇ। ਉਨ੍ਹਾਂ ਕਿਹਾ ਕਿ ਬਸਪਾ ਅਤੇ ਸਮਾਜਵਾਦੀ ਪਾਰਟੀ ਦੇ ਗਠਜੋੜ ਤੋਂ ਕਾਂਗਰਸ ਨੂੰ ਬਾਹਰ ਰੱਖੇ ਜਾਣ ਨਾਲ ਉਦੇਸ਼ 'ਚ ਕੋਈ ਫਰਕ ਨਹੀਂ ਪਏਗਾ ਅਤੇ ਸਾਰਿਆਂ ਦਾ ਇਕੋ ਮਕਸਦ ਹੈ ਕਿ ਭਾਜਪਾ ਨੂੰ ਹਰਾਇਆ ਜਾਵੇ।

**ਸੀਪੀਐਮ ਅਤੇ ਕਾਂਗਰਸ ਵਿਚਾਲੇ ਸੂਬਾ ਪੱਧਰ 'ਤੇ ਚੋਣਾਂ ਸਬੰਧੀ ਸਾਂਝ ਹੋ ਸਕਦੀ ਹੈ: ਯੇਚੁਰੀ**

ਕੋਲਕਾਤਾ- ਸੀਪੀਆਈ-ਐਮ ਦੇ ਸਕੱਤਰ ਜਨਰਲ ਸੀਤਾਰਾਮ ਯੇਚੁਰੀ ਨੇ ਆਖਿਆ ਕਿ ਲੋਕ ਸਭਾ ਚੋਣਾਂ ਲਈ ਸੀਪੀਆਈ-ਐਮ ਅਤੇ ਕਾਂਗਰਸ ਵਿਚਕਾਰ ਕਿਸੇ ਤਰ੍ਹਾਂ ਦੀ ਸਾਂਝ ਸੂਬਾਈ ਪੱਧਰ 'ਤੇ ਹੀ ਸੰਭਵ ਹੈ ਕਿਉਂਕਿ ਵੱਖ ਵੱਖ ਸੂਬਿਆਂ ਵਿਚ ਸਿਆਸੀ ਸਥਿਤੀਆਂ ਵੱਖੋ ਵੱਖਰੀਆਂ ਹਨ। ਸ੍ਰੀ ਯੇਚੁਰੀ ਦੀ ਇਹ ਟਿੱਪਣੀ ਅਜਿਹੇ ਵਕਤ ਆਈ ਹੈ ਜਦੋਂ ਸੀਪੀ-ਆਈਐਮ ਦੀ ਸੂਬਾਈ ਲੀਡਰਸ਼ਿਪ ਦੇ ਕੁਝ ਹਲਕਿਆਂ ਵੱਲੋਂ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਨੂੰ ਹਰਾਉਣ ਲਈ ਕਾਂਗਰਸ ਨਾਲ ਗੱਠਜੋੜ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ। ਸ੍ਰੀ ਯੇਚੁਰੀ ਰਾਤੀਂ ਪੱਛਮੀ ਬੰਗਾਲ ਦੇ ਸਾਬਕਾ ਸਨਅਤ ਮੰਤਰੀ ਅਤੇ ਪੋਲਿਟਬਿਊਰੋ ਦੇ ਮੈਂਬਰ ਨਿਰੂਪਮ ਸੇਨ ਸਬੰਧੀ ਸ਼ੋਕ ਸਭਾ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਹ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਰਹੇ ਸਨ ਕਿ ਸੀਪੀਆਈਐਮ ਕੌਮੀ ਪੱਧਰ 'ਤੇ ਭਾਜਪਾ ਵਿਰੋਧੀ ਮੁਹਾਜ਼ ਕਾਇਮ ਕਰਨ ਲਈ ਕਾਂਗਰਸ ਨਾਲ ਗੱਲਬਾਤ ਕਰਨ ਤੋਂ ਕਿਉਂ ਝਿਜਕ ਰਹੀ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਬਸਪਾ ਵਿਚਕਾਰ ਗੱਠਜੋੜ ਹਾਂਦਰੂ ਘਟਨਾਕ੍ਰਮ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਅਜੇ ਕਾਫੀ ਕੁਝ ਹੋਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਚੋਣਾਂ ਤੋਂ ਬਾਅਦ ਕੇਂਦਰ ਵਿਚ ਭਾਜਪਾ ਵਿਰੋਧੀ ਧਰਮ ਨਿਰਪੱਖ ਅਤੇ ਜਮਹੂਰੀ ਪਾਰਟੀਆਂ ਦਾ ਮੁਹਾਜ਼ ਸਾਹਮਣੇ ਆਉਣ ਦੇ ਆਸਾਰ ਹਨ।

ਉਧਰ, ਪੱਛਮੀ ਬੰਗਾਲ ਵਿਚ ਕਾਂਗਰਸ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਪਾਰਟੀ ਦੇ ਜ਼ਿਆਦਾਤਰ ਆਗੂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨਾਲ ਗ਼ੈਰ ਰਸਮੀ ਸੀਟਾਂ ਦੀ ਐਡਜਸਟਮੈਂਟ ਕਰਨ ਦੇ ਪੱਖ ਵਿਚ ਹਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਫ਼ੇਸ ਬੁੱਕ ਨੇ ਭਾਰਤੀ ਮੂਲ ਦੇ ਅਧਿਕਾਰੀ ਨੂੰ ਮੁਖੀ ਬਣਾਇਆ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫ਼ੇਸ ਬੁੱਕ ਨੇ ਆਪਣੇ 'ਮਾਰਕੀਟ ਪਲੇਸ ਐਂਡ ਪੇਮੈਂਟਸ ਸਰਵਿਸਜ਼' ਦੇ ਪ੍ਰੋਡੱਕਟ ਮੁਖੀ ਕਰਨਦੀਪ ਆਨੰਦ ਨੂੰ ਤਰਕੀ ਦੇ ਕੇ ਆਪਣੇ ਅਦਾਰੇ 'ਵਰਕਪਲੇਸ' ਦਾ ਮੁਖੀ ਨਿਯੁੱਕਤ ਕੀਤਾ ਹੈ। ਇਹ ਆਦੇਸ਼ ਤੁਰੰਤ ਲਾਗੂ ਹੋ ਗਏ ਹਨ। ਵਰਕਪਲੇਸ ਫ਼ੇਸ ਬੁੱਕ ਦਾ 'ਕਮਿਊਨੀਕੇਸ਼ਨ ਟੂਲ' ਹੈ ਜਿਸ ਦੀ ਭਾਰਤ ਸਮੇਤ ਵਿਸ਼ਵ ਭਰ ਵਿਚ 30000 ਤੋਂ ਵਧ ਸੰਸਥਾਵਾਂ ਵਰਤੋਂ ਕਰ ਰਹੀਆਂ ਹਨ। ਫ਼ੇਸ ਬੁੱਕ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਆਨੰਦ ਦਾ ਪਿਛਲਾ ਤਜ਼ਰਬਾ ਵਰਕਪਲੇਸ ਦੇ ਬਹੁਤ ਕੰਮ ਆਵੇਗਾ ਤੇ ਉਹ ਪ੍ਰੋਡੱਕਟ ਟੀਮ ਦੇ ਕੰਮਕਾਰ ਨੂੰ ਵੇਖੇਗਾ। ਉਹ ਵਰਕਪਲੇਸ ਦੇ ਮੌਜੂਦਾ ਉਪ ਪ੍ਰਧਾਨ ਜੁਲੀਅਨ ਕੋਰਡਨਿਊ ਨਾਲ ਮਿਲਕੇ ਕੰਮ ਕਰੇਗਾ।

# ਗੁਰਦੁਆਰਾ ਸਾਹਿਬ ਫ਼੍ਰੀਮੌਂਟ ਵਿਖੇ ਸ਼ਹੀਦ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਗੁਰਦੇਵ ਸਿੰਘ ਕਾਓਕੇ ਦੀ ਬਰਸੀ ਮਨਾਈ ਗਈ



**ਫਰੀਮੌਂਟ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਉਤਰੀ ਅਮਰੀਕਾ ਵਿੱਚ ਆਪਣੀ ਵਿਸੇਸ਼ ਥਾਂ ਰੱਖਣ ਵਾਲੇ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਗੁਰਦੇਵ ਸਿੰਘ ਕਾਓਕੇ ਦੀ ਸਲਾਨਾ ਬਰਸੀ ਮਨਾਈ ਗਈ । ਲੰਘੇ ਐਤਵਾਰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਇਹਨਾਂ ਸੂਰਬੀਰਾਂ ਦੀਆਂ ਸ਼ਹਾਦਤਾਂ ਨੂੰ ਯਾਦ ਕੀਤਾ ਗਿਆ। ਸਿੱਖ ਬੁਲਾਰਿਆਂ ਨੇ ਭਾਵ ਪੂਰਤ ਸਰਧਾਂਜਲੀ ਭੇਟ ਕੀਤੀ । ਕਥਾ ਕੀਰਤਨ ਤੋਂ ਇਲਾਵਾ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਬੀਬੀ ਭਗਵਾਨ ਕੌਰ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਭਾਈ ਗੁਰਦੀਪ ਸਿੰਘ ਹੋਣਾ ਸ਼ਹੀਦਾਂ ਨੂੰ ਸਮਰਪਤ ਕਵਿਤਾਂ ਪੜੀਆਂ। ਭਾਈ ਕਾਓਕੇ ਦੀ ਸਪੁਤਰੀ ਸਰਬਜੀਤ ਕੌਰ ਅਤੇ ਜਾਈ ਭਾਈ ਸਰਬਜੋਤ ਸਿੰਘ ਸਿੱਦੀ ਹੋਣਾ ਨੂੰ ਪਰਬੰਧਕਾਂ ਵਲੋਂ ਸਨਮਾਨਤ ਕੀਤਾ ਗਿਆ।

# ਬਸਪਾ ਨੇ ਮਨਾਇਆ ਕੁਮਾਰੀ ਮਾਇਆਵਤੀ ਦਾ 63ਵਾਂ ਜਨਮ ਦਿਨ

## ਦੇਸ਼ ਨੂੰ ਬਚਾਉਣ ਲਈ ਭੈਣ ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਸਮੇਂ ਦੀ ਮੁੱਖ ਲੋੜ : ਆਗੂ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਨੇ ਜਿਲਾ ਪੱਧਰ ਤੇ ਕੌਮੀਂ ਪ੍ਰਧਾਨ ਕੁਮਾਰੀ ਮਾਇਆਵਤੀ ਦਾ 63ਵਾਂ ਜਨਮ ਦਿਨ ਮਨਾਇਆ। ਜਿਲਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਹੇਠ ਮਨਾਏ ਜਨਮ ਦਿਨ ਸਮਾਰੋਹ ਦੌਰਾਨ ਪਹਿਲਾਂ ਸ੍ਰੀ ਗੁਰੂ ਰਵਿਦਾਸ ਮੰਦਰ ਬਸਤੀ ਜੋਧੇਵਾਲ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ ਅਤੇ ਇਸ ਉਪਰੰਤ ਅੰਬੇਡਕਰ ਚੌਕ ਸਥਿਤ ਬਾਬਾ ਸਾਹਿਬ ਦੇ ਬੁੱਤ ਤੇ ਫੁੱਲ ਮਾਲਾਵਾਂ ਭੇਂਟ ਕੀਤੀਆਂ ਗਈਆਂ। ਜਨਮ ਦਿਨ ਦੀ ਵਧਾਈ ਦਿੰਦਿਆਂ ਲੋਕ ਸਭਾ ਲੁਧਿਆਣਾ ਦੇ ਇੰਚਾਰਜ ਐਮ ਪੀ ਸਿੰਘ ਗੋਰਾਇਆਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾ ਕੇ ਭੈਣ ਕੁਮਾਰੀ ਮਾਇਆਵਤੀ ਦੀ ਲੰਮੀ ਉਮਰ ਅਤੇ ਸੇਹਤ ਹਮੇਸ਼ਾਂ ਤੰਦਰੁਸਤ ਰਹਿਣ ਦੀ ਅਰਦਾਸ ਕੀਤੀ ਗਈ। ਇਸ ਤੋਂ ਇਲਾਵਾ ਵਾਹਿਗੁਰੂ ਦੇ ਚਰਨਾਂ ਵਿੱਚ ਉਹਨਾਂ ਨੂੰ ਦੇਸ਼ ਦੀ ਅਗਲੀ ਪ੍ਰਧਾਨ ਮੰਤਰੀ ਬਣਾਏ ਜਾਣ ਦੀ ਬੇਨਤੀ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਸ੍ਰੀ ਗੋਰਾਇਆ ਸਮੇਤ ਹਾਜਰ ਸੂਬਾ ਸਕੱਤਰ ਗੁਰਮੇਲ ਸਿੰਘ ਸੰਧੂ, ਦੇਸ਼ਰਾਜ ਚੌਹਾਨ, ਜੋਨ ਕੋਆਡੀਨੇਟਰ ਜੀਤ ਰਾਮ ਬਸਰਾ, ਰਵੀਕਾਂਤ ਜੱਖੂ ਅਤੇ ਗੁਰਮੇਲ ਸਿੰਘ ਨੇ ਕਿਹਾ ਕਿ ਮੋਦੀ ਦੀਆਂ ਮਾੜੀਆਂ ਅਤੇ ਲੋਕ ਵਿਰੋਧੀ ਨੀਤੀਆਂ ਕਾਰਨ ਦੇਸ਼ ਬਰਬਾਦ ਹੋ ਰਿਹਾ ਹੈ। ਦੇਸ਼ ਦੀ ਬਰਬਾਦੀ ਰੋਕਣ ਲਈ ਕੁਮਾਰੀ ਮਾਇਆਵਤੀ ਨੂੰ ਦੇਸ਼ ਦੀ ਅਗਲੀ ਪ੍ਰਧਾਨ ਮੰਤਰੀ ਬਣਾਉਣਾ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ। ਉਹਨਾਂ ਦੇਸ਼ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਸਪਾ ਦੀ ਤਾਕਤ ਬਣਨ। ਕੁਮਾਰੀ ਮਾਇਆਵਤੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ ਅਤੇ ਚਾਹ ਦਾ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਜਸਵੀਰ ਪੌਲ, ਜਸਪਾਲ ਭੌਰਾ, ਬਿੱਕਰ ਸਿੰਘ ਨੱਤ, ਬਲਵਿੰਦਰ ਜੱਸੀ, ਲੇਖਰਾਜ ਬਿਲਗਾ, ਜੱਸਾ ਰਾਮ ਪ੍ਰਕਾਸ, ਪਵਨ ਕੁਮਾਰ, ਅਜੇ ਕੁਮਾਰ, ਗੁਰਦੇਵ ਬੱਧਣ, ਵਿੱਕੀ ਕੁਮਾਰ, ਅਨੁਜ ਕੁਮਾਰ, ਲਾਭ ਸਿੰਘ ਭਾਮੀਆਂ, ਨਰਿੰਦਰ ਰੱਲ, ਨਰੇਸ਼ ਬਸਰਾ, ਖਵਾਜਾ ਪ੍ਰਸ਼ਾਦ, ਮਿੰਨੀ ਖੰਨਾ, ਚਰਨ ਦਾਸ ਮਾਂਗਟ, ਵਿੱਕੀ ਬਹਾਦਰਕੇ, ਗੁਲਸ਼ਨ ਪਾਲ ਸਿੰਘ, ਸੁਖਦੇਵ ਕਾਲਾ, ਅਵਤਾਰ ਬੱਗਾ, ਸੁਰਜੀਤ ਸਿੰਘ ਬੱਗਾ, ਰਾਮਾਨੰਦ, ਬੱਗਾ ਸਿੰਘ ਟੀਂਗ, ਸੁਰਿੰਦਰ ਕੌਰ, ਜਵਾਹਰ ਅੰਬੇਡਕਰੀ ਅਤੇ ਹੋਰ ਹਾਜਰ ਸਨ।





# ਡਾ. ਪਰਮਜੀਤ ਸਿੰਘ ਸਰੋਆ ਦੇ ਅਮਰੀਕਾ ਦੌਰੇ ਦੌਰਾਨ ਸੈਕਰਾਮੈਂਟੋ 'ਚ ਸਨਮਾਨ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਸਕੱਤਰ ਡਾ. ਪਰਮਜੀਤ ਸਸਿੰਘ ਸਰੋਆ ਕੁਝ ਸਦਨਾਂ ਲਈ ਅਮਰੀਕਾ ਦੀ ਯਾਤਰਾ 'ਤੇ ਆਏ ਹੋਏ ਹਨ। ਭਾਵੇਂ ਉਹ ਨਿੱਜੀ ਦੌਰੇ 'ਤੇ ਹਨ ਲੇਕਿਨ ਉਹਨਾਂ ਨੇ ਆਪਣਾ ਨੈਤਿਕ ਫਰਜ਼ ਸਮਝਦਿਆਂ ਹੋਇਆ ਸ਼੍ਰੋਮਣੀ ਗੁਰ-ਦੁਆਰਾ ਪਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਸਵਚ ਮਨਾਏ ਜਾ ਰਹੇ ਸਮਾਗਮਾਂ ਸਬੰਧੀ ਸੰਗਤਾਂ ਨੂੰ ਸੱਦਾ ਦਿੱਤਾ। ਇਸੇ ਸਮਾਗਮ ਅਧੀਨ ਉਹ ਇੰਡੋ ਐਮੇਰੀਕਨ ਵਿਖੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਸ. ਅਵਤਾਰ ਸਿੰਘ ਡੋਡ ਦੇ ਨਾਲ ਉਚੇਚੇ ਤੌਰ 'ਤੇ ਪਹੁੰਚੇ। ਜਿਥੇ ਨਰਿੰਦਰਪਾਲ ਸਿੰਘ ਹੁੰਦਲ ਮੁੱਖ ਸੰਪਾਦਕ ਇੰਡੋ ਅਮਰੀਕਨ ਟਾਈਮਜ, ਪ੍ਰੋ. ਮੁਖਤਾਰ ਸਿੰਘ ਗਿੱਲ, ਸ. ਦਲਜੀਤ ਸਿੰਘ ਸਿੰਧੂ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਸੁਆਗਤ ਕੀਤਾ। ਉਹਨਾਂ ਨੇ ਇਸ ਭੇਟ ਵਾਰਤਾ ਵਿਚ ਆਉਣ ਵਾਲੇ ਸਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪੁਰਬ ਨੂੰ ਭਾਰਤ ਵਿਚ ਅਤੇ ਵੱਖ ਵੱਖ ਹੋਰ ਮੁਲਕਾਂ ਸਵਚ ਮਨਾਏ ਜਾਣ ਲਈ ਪਰੋਗਰਾਮਾਂ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵੱਲੋਂ ਸਵਦੇਸ਼ਾਂ ਵਿਚ ਵਸਦੀਆਂ ਸੰਗਤਾਂ ਨੂੰ ਖਾਸ ਤੌਰ 'ਤੇ ਸੱਦਾ ਦਿੱਤਾ ਕਿ ਉਹ ਇਹਨਾਂ ਸਮਾਗਮਾਂ ਵਿਚ ਪਾਕਿਸਤਾਨ ਅਤੇ ਪੰਜਾਬ ਵਿਚ ਜਦੋਂ ਵੀ ਸਮਾਂ ਮਿਲੇ ਪਹੁੰਚਣ ਦੀ ਕਿਰਪਾਲਤਾ ਕਰਨ ਅਤੇ ਆਪਣੇ ਮੁਲਕਾਂ ਦੇ ਵੱਖ ਵੱਖ ਇਲਾਕਿਆਂ ਵਿਚ ਵੱਡੇ ਪੱਧਰ ਉਤੇ ਸਮਾਗਮਾਂ ਦਾ ਆਯੋਜਨ ਕਰਨ, ਉਹਨਾਂ ਨੂੰ ਕਿਸੇ ਕਿਸਮ ਦੀ ਵੀ ਸਹਾਇਤਾ ਦੀ ਲੋੜ ਹੋਵੇ, ਉਹਨਾਂ ਨਾਲ ਸੰਪਰਕ ਕਰ ਸਕਦੇ ਹਨ। ਉਹ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵੱਲੋਂ ਹਰ ਸੰਭਵ ਸਹਾਇਤਾ ਦਾ ਇੰਤਜ਼ਾਮ ਕਰਵਾਉਣਗੇ।

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hay-ward, CA 94544



Prop: Jasbir Singh Takhar
510-755-2132

Harmandeep Singh

A & S
Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 3 ਮਾਰਚ ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ

**ਫਰਿਜ਼ਨੋ–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 1, 2, 3 ਮਾਰਚ 2019 ਵਿਚ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਅਖੰਡ ਪਾਠ ਸਾਹਿਬ ਦੇ ਭੋਗ 3 ਮਾਰਚ 2019 ਨੂੰ ਪਾਏ ਜਾਣਗੇ। ਇਸ ਦਰਮਿਆਨ ਪਾਠੀ, ਕੀਰਤਨੀਏ, ਢਾਡੀਆਂ ਦੀ ਸੇਵਾ ਰਤਨਪਾਲ ਤੇ ਰਾਜ ਕੁਮਾਰ ਜੱਸੀ ਪਰਿਵਾਰ ਵੱਲੋਂ ਲਈ ਗਈ ਹੈ। ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਵਰਿੰਦਰਪਾਲ ਤੇ ਪਰਿਵਾਰ, ਦੁੱਧ ਦੀ ਸੇਵਾ ਬੰਸੀ ਲਾਲ ਬੰਗੜ ਪਰਿਵਾਰ, ਦੇਸੀ ਘਿਓ ਦੀ ਸੇਵਾ ਸ੍ਰੀ ਸੁਖਜਿੰਦਰ ਤੇ ਬੀਬੀ ਦਲਜੀਤ ਕੌਰ ਪਰਿਵਾਰ, ਕੱਪ-ਪਲੇਟਾਂ ਨੈਪਕੀਨ ਤੇ ਚਮਚਿਆਂ ਦੀ ਸੇਵਾ ਸ੍ਰੀ ਸਲੀਮ ਤੇ ਪਰਿਵਾਰ, ਬੇਸਣ ਤੇ ਪਿਆਜ ਦੀ ਸੇਵਾ ਬੀਬੀ ਰਜਿੰਦਰ ਕੌਰ (ਹੂਰਨ ਸਿਟੀ), ਚੰਦੋਆ, ਪੜਦੇ ਰੁਮਾਲੇ, ਚਾਦਰਾਂ ਦੀ ਸੇਵਾ ਮੋਮੀ ਪਰਿਵਾਰ ਵੱਲੋਂ, ਕੁਕਿੰਗ ਆਇਲ ਦੀ ਸੇਵਾ ਕੈਪਟਨ ਰਾਮ ਸਿੰਘ ਅਤੇ ਪਰਿਵਾਰ ਵੱਲੋਂ,



ਮੁਫ਼ਤ ਮੈਡੀਕਲ ਕੈਂਪ ਡਾ. ਸਤਨਾਮ ਬੰਗੜ ਦੀ ਟੀਮ ਵੱਲੋਂ ਕੀਤੀ ਜਾਵੇਗੀ। ਹੋਰ ਵੀ ਸੇਵਾਵਾਂ ਖਾਲੀ ਹਨ, ਜਿਸ ਲਈ ਗੁਰੂ ਘਰ ਦੇ ਬਾਬਾ ਜੀ ਜਾਂ ਪ੍ਰਧਾਨ ਅਤੇ ਚੇਅਰਮੈਨ ਨਾਲ ਸੰਪਰਕ ਕੀਤਾ ਜਾ ਸਕਦਾ ਹੈ।ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਜਥੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਵਿਦਵਾਨ ਬਾਰੇ ਆਪਣੇ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਉਣਗੇ। ਇਹ ਸੇਵਾ ਸ੍ਰੀ ਰਾਜ ਕੁਮਾਰ ਅਤੇ ਰਤਨਪਾਲ ਜੱਸੀ ਪਰਿਵਾਰ ਵੱਲੋਂ ਸੰਭਾਲੀ ਗਈ ਹੈ।

ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾਵੇ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਬਹਿਬਲ ਕਾਂਡ: ਬਾਦਲ ਤੋਂ ਲੈ ਕੇ ਰਿਕਸ਼ੇ ਵਾਲੇ ਤਕ 212 ਗਵਾਹਾਂ ਦੇ ਬਿਆਨ ਦਰਜ

**ਫ਼ਰੀਦਕੋਟ–** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਕੋਟਕਪੂਰਾ ਤੇ ਬਹਿਬਲ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਜਾਂਚ ਲਗਪਗ ਮੁਕੰਮਲ ਕਰ ਲਈ ਹੈ। ਜਾਂਚ ਟੀਮ ਦੇ ਅਧਿਕਾਰੀ ਆਈਜੀ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਅੱਜ ਇੱਥੇ ਕਿਹਾ ਕਿ ਅਕਤੂਬਰ 2018 ਵਿੱਚ ਉਨ੍ਹਾਂ ਪੜਤਾਲ ਸ਼ੁਰੂ ਕੀਤੀ ਸੀ ਅਤੇ ਅੱਜ ਤੱਕ ਉਨ੍ਹਾਂ 212 ਦੇ ਕਰੀਬ ਗਵਾਹਾਂ ਦੇ ਬਿਆਨ ਕਲਮਬੰਦ ਕਰ ਲਏ ਹਨ, ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, 36 ਤੋਂ ਵੱਧ ਪੁਲੀਸ ਅਧਿਕਾਰੀ, ਅਕਸ਼ੈ ਕੁਮਾਰ ਆਦਿ ਸ਼ਾਮਲ ਹਨ। ਬਹਿਬਲ ਕਾਂਡ ਦੀ ਪੜਤਾਲ ਵਿੱਚ ਫ਼ਰੀਦਕੋਟ ਦੇ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ, ਸਾਬਕਾ ਇੰਸਪੈਕਟਰ ਅਮਰਜੀਤ ਸਿੰਘ ਤੇ ਤਿੰਨ ਹੋਰ ਪੁਲੀਸ ਅਧਿਕਾਰੀਆਂ ਨੂੰ ਵੀ ਸ਼ਾਮਿਲ ਕੀਤਾ ਜਾਣਾ ਸੀ ਪਰ ਇਨ੍ਹਾਂ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਦਾਇਰ ਕਰਕੇ ਆਪਣੇ ਖ਼ਿਲਾਫ਼ ਚਲਦੀ ਕਾਰਵਾਈ ਉੱਪਰ ਰੋਕ ਲਗਵਾਈ ਹੋਈ ਹੈ। ਆਈਜੀ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਜਾਂਚ ਟੀਮ ਵੱਲੋਂ ਵਿਸ਼ਵ ਪੱਧਰ ਦੇ ਪੈਮਾਨੇ ਦੀ ਪੜਤਾਲ ਕੀਤੀ ਗਈ ਹੈ ਅਤੇ ਪੜਤਾਲ ਵਿੱਚ ਗਵਾਹਾਂ, ਦੋਸ਼ੀਆਂ ਅਤੇ ਪੀੜਤਾਂ ਦੀ ਨਿਰਪੱਖ ਤਰੀਕੇ ਨਾਲ ਸ਼ਨਾਖ਼ਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇ ਹਾਈ ਕੋਰਟ ਵਿਚੋਂ ਸਟੇਅ ਟੁੱਟ ਜਾਂਦਾ ਹੈ ਤਾਂ ਉਹ ਸਾਬਕਾ ਪੁਲੀਸ ਮੁਖੀ ਚਰਨਜੀਤ ਸ਼ਰਮਾ ਸਮੇਤ ਬਾਕੀ ਪੁਲੀਸ ਅਧਿਕਾਰੀਆਂ ਨੂੰ ਵੀ ਜਾਂਚ ਵਿੱਚ ਸ਼ਾਮਿਲ ਕਰ ਕੇ ਚਲਾਨ ਅਦਾਲਤ ਵਿੱਚ ਪੇਸ਼ ਕਰ ਦੇਣਗੇ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਫ਼ੈਸਲੇ ਤੱਕ ਜਾਂਚ ਟੀਮ ਆਪਣੇ ਦਫ਼ਤਰ ਵਿਚ ਰੋਜ਼ਾਨਾ ਹਾਜ਼ਰ ਰਹੇਗੀ ਅਤੇ ਕੋਈ ਵੀ ਗਵਾਹ ਆਪਣੇ ਬਿਆਨ ਦਰਜ ਕਰਵਾ ਸਕਦਾ ਹੈ। ਅਧਿਕਾਰੀ ਨੇ ਦੱਸਿਆ ਕਿ ਬਹਿਬਲ ਕਾਂਡ ਵਿੱਚ ਜਿਹੜੀਆਂ ਗੋਲੀਆਂ ਨਾਲ ਦੋ ਸਿੱਖ ਨੌਜਵਾਨ ਮਾਰੇ ਗਏ ਸਨ, ਉਨ੍ਹਾਂ ਗੋਲੀਆਂ ਦੀ ਵੀ ਪੜਤਾਲ ਕੀਤੀ ਗਈ ਹੈ ਤੇ ਇਨ੍ਹਾਂ ਗੋਲੀਆਂ ਨਾਲ ਹੋਈ ਛੇੜਛਾੜ ਦਾ ਮਾਮਲਾ ਵੀ ਜਾਂਚ ਅਧੀਨ ਹੈ। ਉਨ੍ਹਾਂ ਕਿਹਾ ਕਿ ਜੇ ਲੋੜ ਪਈ ਤਾਂ ਕੁਝ ਵਿਅਕਤੀਆਂ ਦਾ ਝੂਠ ਫੜਨ ਵਾਲਾ ਟੈਸਟ ਵੀ ਕਰਵਾਇਆ ਜਾ ਸਕਦਾ ਹੈ।

### ਜਾਂਚ ਟੀਮ ਨੂੰ ਮਿਲੇ ਅਹਿਮ ਗਵਾਹ

ਬਹਿਬਲ ਤੇ ਕੋਟਕਪੂਰਾ ਕਾਂਡ ਦੀ ਪੜਤਾਲ ਕਰ ਰਹੀ ਜਾਂਚ ਟੀਮ ਨੂੰ ਕੁਝ ਅਹਿਮ ਗਵਾਹ ਮਿਲੇ ਹਨ, ਜੋ ਸਮੁੱਚੀ ਘਟਨਾ ਦੀਆਂ ਕੜੀਆਂ ਨੂੰ ਇਕ ਦੂਜੀ ਨਾਲ ਜੋੜਦੇ ਹਨ। ਪੁਲੀਸ ਨੂੰ ਅੱਜ ਇਕ ਰਿਕਸ਼ਾ ਚਾਲਕ ਗਵਾਹ ਮਿਲਿਆ, ਜਿਸ ਨੇ ਕੋਟਕਪੂਰਾ ਵਿੱਚ ਪੁਲੀਸ ਦੀ ਗੋਲੀ ਨਾਲ ਜ਼ਖ਼ਮੀ ਹੋਏ ਰਣਜੀਤ ਸਿੰਘ ਨੂੰ ਹਸਪਤਾਲ ਦਾਖ਼ਲ ਕਰਵਾਇਆ ਸੀ। ਇਸ ਤੋਂ ਇਲਾਵਾ ਪਟਿਆਲਾ ਤੋਂ ਵੀ ਇਕ ਗਵਾਹ ਜਾਂਚ ਟੀਮ ਸਾਹਮਣੇ ਪੇਸ਼ ਹੋਇਆ, ਜੋ ਗੋਲੀ ਕਾਂਡ ਵੇਲੇ ਮੌਕੇ 'ਤੇ ਮੌਜੂਦ ਸੀ। ਜਾਂਚ ਟੀਮ ਨੇ ਫ਼ਰੀਦਕੋਟ ਜ਼ਿਲ੍ਹੇ ਅਤੇ ਇਸ ਦੇ ਆਸ-ਪਾਸ ਦੇ ਜ਼ਿਲ੍ਹਿਆਂ ਦੇ ਹਸਪਤਾਲਾਂ ਦਾ ਰਿਕਾਰਡ ਵੀ ਕਬਜ਼ੇ ਵਿਚ ਲਿਆ ਹੈ ਅਤੇ ਉੱਥੇ ਘਟਨਾ ਵਾਲੇ ਦਿਨਾਂ 'ਚ ਦਾਖ਼ਲ ਹੋਏ ਜ਼ਖ਼ਮੀਆਂ ਦੀ ਸ਼ਨਾਖ਼ਤ ਕੀਤੀ ਹੈ।

# ਅਮੋਲਕ ਸਿੰਘ ਨੂੰ ਸਦਮਾ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੂੰ ਉਸ ਵੇਲੇ ਗੰਭੀਰ ਸਦਮਾ ਪੁੱਜਾ, ਜਦੋਂ ਉਹਨਾਂ ਦੇ ਬੇਹੱਦ



ਸਤਿਕਾਰਤ, ਮਿਹਨਤੀ ਅਤੇ ਲੋਕ-ਲਹਿਰ ਦੇ ਸ਼ੁੱਭਚਿੰਤਕ ਵਡੇਰੇ ਭੈਣ ਨਸੀਬ ਕੌਰ ਸਦੀਵੀ ਵਿਛੋੜਾ ਦੇ ਗਏ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਦੱਸਿਆ ਕਿ 6 ਜਨਵਰੀ ਨੂੰ ਉਹ ਅਚਨਚੇਤ ਹੀ ਦੋਰਾਹਾ (ਲੁਧਿਆਣਾ) ਦੇ ਇੱਕ ਹਸਪਤਾਲ ਵਿੱਚ ਸਦਾ ਲਈ ਅਲਵਿਦਾ ਆਖ ਗਏ। ਉਹਨਾਂ ਦੱਸਿਆ ਕਿ 15 ਜਨਵਰੀ ਦਿਨ ਮੰਗਲਵਾਰ ਦਿਨੇ 12 ਵਜੇ ਨਸੀਬ ਕੌਰ ਦੀ ਯਾਦ 'ਚ ਸਮੂਹ ਪਰਿਵਾਰ ਵੱਲੋਂ ਪਿੰਡ ਸ਼ਾਹਪੁਰ (ਦੋਰਾਹਾ-ਪਾਇਲ ਸੜਕ 'ਤੇ ਸਥਿਤ) ਵਿਖੇ ਸ਼ਰਧਾਂਜ਼ਲੀ ਸਮਾਗਮ ਕੀਤਾ ਜਾ ਰਿਹਾ ਹੈ।ਦੇਸ਼ ਭਗਤ ਯਾਦਗਾਰ ਕਮੇਟੀ ਨੇ ਅਮੋਲਕ ਸਿੰਘ ਦੇ ਪਰਿਵਾਰ ਅਤੇ ਸਾਕ-ਸਬੰਧੀਆਂ ਨਾਲ ਦੁੱਖ 'ਚ ਸ਼ਰੀਕ ਹੁੰਦਿਆਂ ਭਾਵ-ਭਿੰਨੀ ਸ਼ਰਧਾਂਜ਼ਲੀ ਅਰਪਤ ਕੀਤੀ।

# ਮੋਦੀ ਦੇ ਵਿਦੇਸ਼ ਦੌਰਿਆਂ ਨੇ ਤੋੜੇ ਰਿਕਾਰਡ

ਨਵੀਂ ਦਿੱਲੀ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਵਿਸ਼ਵ ਦਰਸ਼ਨ' ਸਰਕਾਰੀ ਖ਼ਜ਼ਾਨੇ ਨੂੰ 2022.58 ਕਰੋੜ ਰੁਪਏ ਵਿਚ ਪਏ ਹਨ। ਪ੍ਰਧਾਨ ਮੰਤਰੀ ਮੋਦੀ ਨੇ ਵਿਦੇਸ਼ ਯਾਤਰਾ ਦੇ ਮਾਮਲੇ ਵਿਚ ਪਿਛਲੇ ਸਾਰੇ ਪ੍ਰਧਾਨ ਮੰਤਰੀਆਂ ਦੇ ਰਿਕਾਰਡ ਤੋੜ ਦਿੱਤੇ ਹਨ। ਮੋਦੀ ਵੱਲੋਂ 3 ਦਸੰਬਰ 2018 ਤੱਕ ਕੁੱਲ 84 ਵਿਦੇਸ਼ ਦੌਰੇ ਕੀਤੇ ਗਏ ਹਨ, ਜਿਨ੍ਹਾਂ ਦੌਰਾਨ ਉਨ੍ਹਾਂ ਨੇ ਕਰੀਬ 60 ਮੁਲਕਾਂ ਦੇ ਰੰਗ ਵੇਖੇ ਹਨ। ਨਰਿੰਦਰ ਮੋਦੀ ਨੇ ਆਪਣੇ 1700 ਦਿਨਾਂ ਦੇ ਕਾਰਜਕਾਲ ਦੌਰਾਨ ਵਿਦੇਸ਼ੀ ਧਰਤੀ 'ਤੇ ਕਰੀਬ 196 ਦਿਨ ਬਿਤਾਏ, ਭਾਵ ਮੋਦੀ ਦਾ ਔਸਤਨ ਹਰ ਅੱਠਵਾਂ ਦਿਨ ਵਿਦੇਸ਼ ਵਿਚ ਲੰਘਿਆ।ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਮੋਦੀ ਦੇ ਵਿਦੇਸ਼ ਦੌਰਿਆਂ ਦਾ ਹੁਣ ਤੱਕ ਦਾ ਖਰਚਾ 2022.58 ਕਰੋੜ ਆਇਆ ਹੈ, ਜਿਸ ਵਿਚੋਂ ਏਅਰ ਕਰਾਫਟ ਮੁਰੰਮਤ 'ਤੇ 1583.18 ਕਰੋੜ ਅਤੇ ਵਿਸ਼ੇਸ਼ ਉਡਾਣਾਂ (ਚਾਰਟਰਡ ਫਲਾਈਟ) ਉਤੇ 429.28 ਕਰੋੜ ਰੁਪਏ ਦਾ ਖਰਚਾ ਆਇਆ ਹੈ। ਵਿਦੇਸ਼ ਯਾਤਰਾ ਦੌਰਾਨ ਵਰਤੀ ਹਾਟਲਾਈਨ 'ਤੇ 9.12 ਕਰੋੜ ਰੁਪਏ ਦਾ ਖਰਚਾ ਪਿਆ ਹੈ। ਇਸ ਖ਼ਰਚੇ ਵਿਚ ਨਰਿੰਦਰ ਮੋਦੀ ਦੀ ਵਿਦੇਸ਼ਾਂ ਵਿਚਲੀ ਰਿਹਾਇਸ਼ ਤੇ ਹੋਰ ਖ਼ਰਚੇ ਸ਼ਾਮਲ ਨਹੀਂ ਹਨ। ਆਖਰੀ ਚਾਰ ਵਿਦੇਸ਼ ਦੌਰਿਆਂ ਦਾ ਖਰਚਾ ਵੀ ਇਸ ਤੋਂ ਵੱਖਰਾ ਹੈ, ਜਿਸ ਦੇ ਬਿੱਲ ਪ੍ਰਾਪਤ ਹੋਣੇ ਬਾਕੀ ਹਨ। ਸਾਲ 2018 ਦੌਰਾਨ ਸ੍ਰੀ ਮੋਦੀ ਨੇ 54 ਦਿਨ ਅਤੇ 2015 ਵਿਚ 56 ਦਿਨ ਵਿਦੇਸ਼ ਯਾਤਰਾ ਵਿਚ ਕੱਢੇ। ਮੋਦੀ ਕੋਲ ਇਸ ਵਕਤ ਸਿਰਫ 2.28 ਕਰੋੜ ਦੀ ਚੱਲ-ਅਚੱਲ ਸੰਪਤੀ ਹੈ। ਉਨ੍ਹਾਂ ਕੋਲ ਨਾ ਕੋਠੀ, ਨਾ ਕਾਰ, ਨਾ ਹੀ ਕੋਈ ਸ਼ੋਅਰੂਮ ਤੇ ਨਾ ਕੋਈ ਦੁਕਾਨ ਹੈ।ਉਨ੍ਹਾਂ ਦਾ ਔਸਤਨ ਪ੍ਰਤੀ ਦਿਨ ਦਾ ਵਿਦੇਸ਼ ਖ਼ਰਚਾ 10.31 ਕਰੋੜ ਆਇਆ ਹੈ ਤੇ ਪ੍ਰਤੀ ਦੇਸ਼ ਔਸਤਨ 33.70 ਕਰੋੜ ਖ਼ਰਚ ਆਏ ਹਨ। ਜਦੋਂ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ 31 ਦੇਸ਼ਾਂ ਦੇ ਦੌਰਿਆਂ ਦੌਰਾਨ 131 ਦਿਨ ਵਿਦੇਸ਼ਾਂ 'ਚ ਬਿਤਾਏ ਅਤੇ ਉਨ੍ਹਾਂ ਦੀ ਵਿਦੇਸ਼ ਯਾਤਰਾ ਦਾ ਖ਼ਰਚਾ ਸਿਰਫ 144.43 ਕਰੋੜ ਰਿਹਾ ਸੀ। ਵਾਜਪਾਈ ਦਾ ਪ੍ਰਤੀ ਦਿਨ ਦਾ ਵਿਦੇਸ਼ ਖਰਚਾ 1.10 ਕਰੋੜ ਰੁਪਏ ਰਿਹਾ। ਯੂ.ਪੀ.ਏ. ਸਰਕਾਰ ਦੇ 10 ਵਰ੍ਹਿਆਂ ਦੌਰਾਨ ਡਾ. ਮਨਮੋਹਨ ਸਿੰਘ ਨੇ ਪਹਿਲੀ ਪਾਰੀ ਦੌਰਾਨ 35 ਮੁਲਕਾਂ ਦੇ ਦੌਰੇ ਦੌਰਾਨ 144 ਦਿਨ ਵਿਦੇਸ਼ੀ ਧਰਤੀ 'ਤੇ ਬਿਤਾਏ। ਇਵੇਂ ਦੂਜੀ ਪਾਰੀ ਦੌਰਾਨ ਡਾ. ਮਨਮੋਹਨ ਸਿੰਘ ਨੇ 38 ਮੁਲਕਾਂ ਦੇ ਦੌਰੇ ਦੌਰਾਨ 161 ਦਿਨ ਵਿਦੇਸ਼ੀ ਧਰਤੀ 'ਤੇ ਬਿਤਾਏ। ਇਨ੍ਹਾਂ ਦਸ ਵਰ੍ਹਿਆਂ ਦੀ ਵਿਦੇਸ਼ ਯਾਤਰਾ ਦਾ ਕੁੱਲ ਖਰਚਾ 699 ਕਰੋੜ ਰਿਹਾ। ਡਾ. ਮਨਮੋਹਨ ਸਿੰਘ ਦਾ ਦਸ ਵਰ੍ਹਿਆਂ ਦੌਰਾਨ ਪ੍ਰਤੀ ਦਿਨ ਵਿਦੇਸ਼ ਯਾਤਰਾ ਦਾ ਖਰਚਾ 2.29 ਕਰੋੜ ਰਿਹਾ। ਡਾ. ਮਨਮੋਹਨ ਸਿੰਘ ਤੇ ਅਟਲ ਬਿਹਾਰੀ ਵਾਜਪਾਈ ਦੇ ਬਹੁ-ਗਿਣਤੀ ਦੌਰੇ ਏਸ਼ਿਆਈ ਮੁਲਕਾਂ ਦੇ ਰਹੇ ਹਨ। ਵਾਜਪਾਈ ਦਾ ਸਭ ਤੋਂ ਮਹਿੰਗਾ ਵਿਦੇਸ਼ ਦੌਰਾ ਜਮਾਇਕਾ ਦਾ ਇਕ ਰੋਜ਼ਾ ਦੌਰਾ ਸੀ, ਜਿਸ 'ਤੇ 9.25 ਕਰੋੜ ਖ਼ਰਚ ਆਏ ਸਨ ਅਤੇ ਇਸੇ ਤਰ੍ਹਾਂ ਡਾ. ਮਨਮੋਹਨ ਸਿੰਘ ਦਾ ਸਭ ਤੋਂ ਮਹਿੰਗਾ ਵਿਦੇਸ਼ ਦੌਰਾ ਡੈਨਮਾਰਕ ਦਾ ਸੀ, ਜਿਸ 'ਤੇ ਇਕ ਦਿਨ ਵਿਚ 10.71 ਕਰੋੜ ਖਰਚ ਆਏ ਸਨ। ਨਰਿੰਦਰ ਮੋਦੀ ਦੇ ਵਿਦੇਸ਼ ਦੌਰੇ ਦੇ ਔਸਤਨ ਹਰ ਦਿਨ ਦਾ 10.31 ਕਰੋੜ ਖਰਚ ਆਇਆ ਹੈ। ਮੋਟੇ ਅੰਦਾਜ਼ੇ ਅਨੁਸਾਰ ਸ੍ਰੀ ਮੋਦੀ ਨੇ ਦੇਸ਼ ਦੇ ਹੁਣ ਤੱਕ ਕਰੀਬ 350 ਦੌਰੇ ਕੀਤੇ ਹਨ। ਦੱਸਣਯੋਗ ਹੈ ਕਿ ਨਰਿੰਦਰ ਮੋਦੀ ਦੀ ਵਿਦੇਸ਼ ਯਾਤਰਾ ਨੂੰ ਲੈ ਕੇ ਮੁਲਕ ਵਿਚ ਅਕਸਰ ਚਰਚਾ ਛਿੜੀ ਰਹਿੰਦੀ ਹੈ।


# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

E-mail : deshdoaba@yahoo.com

www.deshdoaba.com www.ambedkartimes.com


# ਹਿੰਦੁਸਤਾਨ ਦੀ ਅਜ਼ਾਦੀ ਲਈ ਅੰਗਰੇਜ਼ ਸਰਕਾਰ ਦੇ ਵਿਰੁੱਧ ਕੂਕਾ ਲਹਿਰ

ਹਿੰਦੁਸਤਾਨ ਦੀ ਅਜ਼ਾਦੀ ਲਈ ਅੰਗਰੇਜ਼ ਸਰਕਾਰ ਦੇ ਵਿਰੁੱਧ ਕੂਕਾ ਲਹਿਰ ਨੂੰ ਅੱਖੋਂ ਪਰੋਖੇ ਕਰਨਾ ਸ਼ਾਇਦ ਸਰਾਸਰ ਬੇਇੰਨਸਾਫੀ ਹੋਵੇਗੀ। ਕੂਕਾ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਦਾ 1872 'ਚ ਬਾਈਕਾਟ ਕਰਕੇ ਆਪਣੀ ਸਰਕਾਰ ਬਣਾਕੇ ਉਸ ਸਰਕਾਰ ਨਾਲ ਟੱਕਰ ਲਈ ਜਿਸ ਦੇ ਰਾਜ ਵਿੱਚ ਸੂਰਜ ਨਹੀਂ ਸੀ ਛੁੱਪਦਾ।

ਯਾਦ ਰਹੇ ਪੰਜਾਬ ਦੀ ਧਰਤੀ ਤੇ ਵੱਖ 2 ਥਾਂਵਾਂ ਤੇ ਫ਼ਰੰਗੀਆਂ ਦੀ ਸ਼ਹਿ ਨਾਲ ਬੁੱਚੜ ਖਾਨੇ ਬਣਾਕੇ ਗਾਵਾਂ (ਗੋਕਾ) ਨੂੰ ਮਾਰਿਆ ਜਾਂ ਵੱਢਿਆ ਜਾਂਦਾ ਸੀ ਜੋ ਸਿੱਖ ਧਰਮ ਵਿੱਚ ਗਊ ਹੱਤਿਆ ਅਸਿਹ ਸੀ।

ਇਤਿਹਾਸ ਦੇ ਪੰਨਿਆਂ ਤੇ ਜਨਵਰੀ17-18,ਸੰਨ1872 ਤੇ ਤੱਕਦਿਆਂ ਲੂੰ ਕੰਢੇ ਉੱਭਰ ਆਉਂਦੇ ਹਨ ਜਦੋਂ ਕੂਕਾ ਲਹਿਰ ਦੇ ਯੋਧਿਆਂ ਨੂੰ ਮਲੇਰ ਕੋਟਲਾ ਵਿਖੇ ਤੋਪਾਂ ਮੋਹਰੇ ਖੜੇ ਕਰਕੇ ਬੇਰਹਿਮ ਫ਼ਰੰਗੀਆਂ ਨੇ 66 ਸਿੰਘਾਂ ਨੂੰ ਸ਼ਹੀਦ ਕੀਤਾ ਸੀ ਜਿੰਨ੍ਹਾ ਵਿੱਚ 12 ਸਾਲ ਦਾ ਬੱਚਾ ਵੀ ਸ਼ਹੀਦ ਹੋਇਆ ਸੀ।

ਸਾਨੂੰ ਸਭ ਨੂੰ ਮਨੁੱਖੀ ਫਰਜ਼ਾਂ ਨੂੰ ਨਿਭਾਉਂਦੇ ਹੋਏ ਉਹ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਨਾ ਚਾਹੀਦਾ ਹੈ । ਇਹ ਯਾਦ ਸੱਚੀ ਸ਼ਰਧਾਂਜਲੀ ਹੋਵੇਗੀ।

**ਵੱਲੋਂ :- ਇੰਡੋ-ਅਮੈਰੀਕਨ ਹੈਰੀਟੇਜ ਫਾਉਡੇਸ਼ਨ ਨਿਊਯਾਰਕ**

ਦੇਸ਼ ਦੁਆਬਾ

# ਕੀ ਬਦਲੇਗੀ ਕੇਂਦਰ ਸਰਕਾਰ?

ਇਸ ਸਾਲ ਦੇ ਅਪ੍ਰੈਲ-ਮਈ ਵਿਚ ਲੋਕ ਸਭਾ ਚੋਣਾਂ ਹੋਣੀਆਂ ਹਨ। ਇਹਨਾਂ ਚੋਣਾਂ ਦੇ ਲਈ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਆਪਣੇ ਪਹਿਲੇ ਹੀ ਭਾਈਵਾਲਾਂ ਦੇ ਨਾਲ ਚੋਣ ਲੜ ਰਹੀ ਹੈ, ਜਦਕਿ ਮੁੱਖ ਵਿਰੋਧੀ ਧਿਰ ਕਾਂਗਰਸ ਇਸ ਵਾਰ ਨਵੇਂ ਭਾਈਵਾਲਾਂ ਦੇ ਨਾਲ ਮਿਲ ਕੇ ਚੋਣਾਂ ਲੜ ਰਹੀ ਹੈ। ਕਾਂਗਰਸ ਦੇ ਨਾਲ ਇਸ ਵਾਰ ਬਸਪਾ, ਸਪਾ, ਤ੍ਰਿਣਾਮੂਲ ਕਾਂਗਰਸ, ਲਾਲੂ ਯਾਦਵ ਦੀ ਪਾਰਟੀ ਅਤੇ ਕਮਿਊਨਿਸਟ ਪਾਰਟੀਆਂ ਤਾਲਮੇਲ ਦੇ ਰਾਹ ਪੈ ਰਹੀਆਂ ਹਨ। ਹਾਲਾਂਕਿ ਕਮਿਊਨਿਸਟ ਪਾਰਟੀ ਕਾਂਗਰਸ ਨਾਲ ਸਿਰਫ ਸੂਬਿਆਂ ਦੇ ਪੱਧਰ ਤੇ ਹੀ ਤਾਲਮੇਲ ਦੇ ਹੱਕ ਵਿਚ ਹੈ। ਬਸਪਾ ਅਤੇ ਸਪਾ ਦਾ ਉਤਰ ਪ੍ਰਦੇਸ਼ ਵਿਚ ਇਕ ਮਜਬੂਤ ਗੱਠਜੋੜ ਹੋ ਚੁੱਕਾ ਹੈ। ਦੱਖਣੀ ਸੂਬਿਆਂ ਵਿਚ ਖੇਤਰੀ ਪਾਰਟੀਆਂ ਆਪੋ-ਆਪਣਾ ਰਸਤਾ ਅਖਤਿਆਰ ਕਰਨਗੀਆਂ, ਜਦਕਿ ਇਹਨਾਂ ਵਿਚੋਂ ਕੁਝ ਕਾਂਗਰਸ ਨਾਲ ਅਤੇ ਕੁਝ ਭਾਜਪਾ ਨੂੰ ਹਮਾਇਤ ਦੇ ਸਕਦੀਆਂ ਹਨ। ਇਹ ਪਾਰਟੀਆਂ ਕਿਸੇ ਵੀ ਸੂਰਤ ਵਿਚ ਕੇਂਦਰ ਵਿਚੋਂ ਭਾਜਪਾ ਦੀ ਸੱਤਾ ਖਤਮ ਕਰਨ ਲਈ ਲੜ ਰਹੀਆਂ ਹਨ ਪਰ ਇਕ ਸਥਿਰ ਸਰਕਾਰ ਦੇਣ ਬਾਰੇ ਫਿਲਹਾਲ ਇਹਨਾਂ ਪਾਰਟੀਆਂ ਨੇ ਆਪਣਾ ਏਜੰਡਾ ਤਹਿ ਨਹੀਂ ਕੀਤਾ ਹੈ।

ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਇਹਨਾਂ ਚੋਣਾਂ ਨੂੰ ਵਿਚਾਰਧਾਰਾ ਦਾ ਯੁੱਧ ਦੱਸ ਰਹੀ ਹੈ। ਭਾਜਪਾ ਦਾ ਕਹਿਣਾ ਹੈ ਕਿ ਮੁਲਕ ਦੀ ਜਨਤਾ ਇਹ ਤਹਿ ਕਰੇਗੀ ਕਿ ਉਹਨਾਂ ਨੂੰ ਇਕ ਇਮਾਨਦਾਰ, ਮਿਹਨਤ ਕਰਨ ਵਾਲੀ ਅਤੇ ਸਥਿਰ ਸਰਕਾਰ ਚਾਹੀਦੀ ਹੈ ਜਾਂ ਫਿਰ ਲੱਤਾਂ ਖਿੱਚਣ ਵਾਲੀਆਂ ਮੌਕਾਪ੍ਰਸਤ ਪਾਰਟੀਆਂ ਦਾ ਤਾਲਮੇਲ। ਹਾਲਾਂਕਿ ਭਾਜਪਾ ਵੀ ਅਜਿਹੇ ਮੌਕਾਪ੍ਰਸਤ ਗੱਠਜੋੜਾਂ ਨਾਲ ਉਪਰ ਆਈ ਹੈ। ਭਾਜਪਾ ਦੀ ਸਰਕਾਰ ਨੇ ਚੋਣਾਂ ਦੇ ਐਨ ਨੇੜੇ ਰਾਖਵੇਂਕਰਨ ਦਾ ਪੱਤਾ ਵੀ ਖੇਡਿਆ ਹੈ ਅਤੇ ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਚੋਣਾਂ ਤੋਂ ਪਹਿਲਾਂ ਤੀਨ ਤਲਾਕ ਦਾ ਮੁੱਦਾ ਉਠਾ ਕੇ ਮੁਸਲਿਮ ਵੋਟ ਵਿਚ ਵੀ ਸੰਨ੍ਹ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਨੂੰ ਸੁਪਰੀਮ ਕੋਰਟ ਤੋਂ ਰਫਾਇਲ ਸੌਦੇ ਵਿਚ ਮਿਲੀ ਕਲੀਨ ਚਿੱਟ ਨੇ ਵੀ ਇਸ ਦੇ ਹੌਸਲੇ ਬੁਲੰਦ ਕੀਤੇ ਹਨ। ਭਾਜਪਾ ਦੇ ਭਾਈਵਾਲਾਂ ਵਿਚ ਪ੍ਰਮੁੱਖ ਤੌਰ ਤੇ ਜਨਤਾ ਦਲ (ਯੂ), ਜੋ ਬਿਹਾਰ ਵਿਚ ਸੱਤਾ ਵਿਚ ਹੈ, ਅਕਾਲੀ ਦਲ ਬਾਦਲ, ਰਾਮ ਵਿਲਾਸ ਪਾਸਵਾਨ ਅਤੇ ਕੁਝ ਹੋਰ ਛੋਟੇ ਦਲ ਪ੍ਰਮੁੱਖ ਹਨ, ਜਦਕਿ ਇਸ ਦੀ ਵਿਚਾਰਧਾਰਾ ਦੀ ਹਾਮੀ ਭਰਨ ਵਾਲੀ ਸ਼ਿਵ ਸੈਨਾ ਇਸ ਪਾਰਟੀ ਤੋਂ ਇਸ ਵਾਰ ਵੀ ਦੂਰ ਹੈ।

ਇਸ ਵਾਰ ਦੀਆਂ ਚੋਣਾਂ ਵਿਚ ਇਕ ਅਹਿਮ ਗੱਲ ਇਹ ਹੈ ਕਿ ਇਹ ਚੋਣਾਂ ਭਾਜਪਾ ਵਿਰੋਧ ਅਤੇ ਭਾਜਪਾ ਦੇ ਹੀ ਪੱਖ ਵਾਲਿਆਂ ਵਿਚਕਾਰ ਲੜੀਆਂ ਜਾ ਰਹੀਆਂ ਹਨ। ਚੋਣਾਂ ਵਿਚ ਵਿਰੋਧੀ ਗੱਠਜੋੜ ਜੇਕਰ ਇਕ ਮਜ਼ਬੂਤ ਰਣਨੀਤੀ ਬਣਾਉਂਦਾ ਹੈ, ਆਪਣਾ ਸਾਂਝਾ ਏਜੰਡਾ ਪੇਸ਼ ਕਰਦਾ ਹੈ ਅਤੇ ਇਕ ਸਥਿਰ ਸਰਕਾਰ ਦੇਣ ਲਈ ਆਪਣੇ ਨੇਤਾ ਦਾ ਨਾਂ ਵੀ ਸਾਹਮਣੇ ਲਿਆਉਂਦਾ ਹੈ ਤਾਂ ਨਿਸਚਿਤ ਹੀ ਇਸ ਮੋਰਚੇ ਨੂੰ ਕਾਮਯਾਬੀ ਮਿਲ ਸਕਦੀ ਹੈ। ਪਰ ਜੇਕਰ ਚੋਣਾਂ ਤੋਂ ਪਹਿਲਾਂ ਹੀ ਇਸ ਮੋਰਚੇ ਵਿਚ ਪ੍ਰਧਾਨ ਮੰਤਰੀ ਦੀ ਹੋੜ ਨਜ਼ਰ ਆਈ ਤਾਂ ਵੋਟਰ ਜ਼ਰੂਰ ਸੋਚਣਗੇ ਕਿ ਕਿਸ ਗੱਠਜੋੜ ਨੂੰ ਸੱਤਾ ਵਿਚ ਲਿਆਂਦਾ ਜਾਵੇ- ਐਨੀ ਡੀ. ਏ. ਨੂੰ ਜਾਂ ਯੂ. ਪੀ. ਏ. ਨੂੰ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਲੋਹੜੀ ਮੌਸਮੀ, ਬ੍ਰਾਹਮਣੀ ਜਾਂ ਸਿੱਖ ਤਿਉਹਾਰ?



ਅਵਤਾਰ ਸਿੰਘ ਮਿਸ਼ਨਰੀ
510-432-5827

ਭਾਈ ਕਾਨ੍ਹ ਸਿੰਘ ਨ੍ਹਾਭਾ ਮਹਾਨ ਕੋਸ਼ ਦੇ ਪੰਨਾ ੧੦੭੫ ਤੇ ਲਿਖਦੇ ਹਨ ਕਿ "ਵੈਦਿਕ ਧਰਮ" ਨਾਮ ਰਸਾਲੇ ਵਿੱਚ ਲਿਖਿਆ ਹੈ ਕਿ ਲੋੜ੍ਹੀ ਦਾ ਮੂਲ "ਤਿਲ-ਰੋੜੀ" ਹੈ, ਇਸ ਤੋਂ ਤਿਲੋੜੀ ਹੋਇਆ ਅਰ ਇਸ ਦਾ ਰੂਪਾਂਤਰ ਲੋੜ੍ਹੀ ਹੈ। ਲੋੜ੍ਹੀ ਦੇ ਦਿਨ ਤਿਲ ਅਤੇ ਰੋੜੀ (ਗੁੜ) ਖਾਂਦੇ ਤੇ ਅੱਗ 'ਚ ਪਾਏ (ਹਵਨ) ਕੀਤੇ ਜਾਂਦੇ ਹਨ। ਇਹ ਤਿਉਹਾਰ ਮਾਘੀ ਦੀ ਸੰਗ੍ਰਾਂਦ ਤੋਂ ਇੱਕ ਦਿਨ ਪਹਿਲਾਂ ਆਉਂਦਾ ਹੈ। ਲੋਹੜੀ ਸਿੱਖਾਂ ਦਾ ਨਹੀਂ ਸਗੋਂ ਮੌਸਮੀ ਤਿਉਹਾਰ ਹੈ। ਅੱਜ ਇਸ ਨੂੰ ਨਿਰੋਲ ਬ੍ਰਾਹਮਣੀ ਤਿਉਹਾਰ ਬਣਾ ਦਿੱਤਾ ਗਿਆ ਹੈ। ਮਈ ਮਹੀਨੇ 'ਚ ਵਾਪਰੇ ਮੁਕਤਸਰ ਦੇ ਇਤਿਹਾਸਕ ਸਾਕੇ ਨੂੰ ਰਲ-ਗਡ ਕਰ, ਮਾਘ ਮਹੀਨੇ ਨਾਲ ਜੋੜ ਕੇ, ਮਾਘੀ ਦੀ ਸੰਗ੍ਰਾਂਦ ਨੂੰ ਸਿੱਖ ਦਿਹਾੜਾ ਹੋਣ ਦਾ ਭੁਲੇਖਾ ਪਾਇਆ ਗਿਆ ਹੈ। ਅੱਜ ਦੇਖਾ ਦੇਖੀ ਹੋਰਾਂ ਮਗਰ ਲੱਗ ਕੇ, ਅਪਣੇ ਆਪ ਨੂੰ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲੇ ਵੀ, ਪੁੱਤਾਂ-ਧੀਆਂ ਦੀਆਂ ਲੋਹੜੀਆਂ ਮਨਾਈ ਜਾਂਦੇ ਹਨ। ਐਸਾ ਕਿਉਂ ਹੈ? ਜਰਾ ਧਿਆਨ ਨਾਲ ਸੋਚੋ! ਲੋਹੜੀ ਦਾ ਮੂਲ ਸੰਬੰਧ ਦੇਵੀ-ਦੇਵਤਿਆਂ ਦੀ ਪੂਜਾ ਅਤੇ ਯੱਗਾਂ ਨਾਲ ਹੈ। ਬ੍ਰਾਹਮਣੀ ਮਤ ਦਾ ਆਧਾਰ ਹੀ ਦੇਵੀ-ਦੇਵਤਿਆਂ ਦੀ ਪੂਜਾ-ਅਰਚਾ ਅਤੇ ਯੱਗ-ਹਵਨ ਹਨ। ਗੁਰਮਤਿ ਅਜਿਹੇ ਥੋਥੇ ਕਰਮਕਾਂਡਾਂ ਅਤੇ ਅੰਧਵਿਸ਼ਵਾਸ਼ਾਂ ਦਾ ਭਰਵਾਂ ਖੰਡਨ ਕਰਦੀ ਹੈ। ਦੇਵੀ-ਦੇਵਤਿਆਂ ਬਾਰੇ ਗੁਰਮਤਿ ਦਾ ਫੁਰਮਾਨ-ਦੇਵੀ ਦੇਵਾ ਮੂਲੁ ਹੈ ਮਾਇਆ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ (੧੨੯)

ਬ੍ਰਾਹਮਣ ਮੱਤ ਦਾ ਸਭ ਤੋਂ ਪੁਰਾਤਨ ਗ੍ਰੰਥ "ਰਿਗ ਵੇਦ" ਮੰਨਿਆਂ ਜਾਂਦਾ ਹੈ। ਇਸ ਵੇਦ ਦਾ ਮੂਲ ਦੇਵੀ ਦੇਵਤਿਆਂ ਦੀ ਉਸਤਤਿ ਵਿੱਚ ਰਚੇ ਗਏ ਮੰਤ੍ਰਾਂ ਦੇ ਸੰਗ੍ਰਹ ਨਾਲ ਹੈ। ਦੂਜਾ "ਸਾਮਦੇਵ" ਮੰਤ੍ਰਾਂ ਦੀ ਸਮਾਨਤਾ ਦਰਸਾਉਣ ਵਾਲਾ ਵੇਦ, ਇਸ ਦੇ ਕੁਲ ੧੫੪੯ ਮੰਤ੍ਰ ਨੇ ਅਤੇ ਬ੍ਰਾਹਮਣ ਇਸ ਵੇਦ ਨੂੰ ਯੱਗ ਆਦਿਕ ਮੰਗਲ ਕਰਮਾਂ ਵਿੱਚ ਗਾਉਂਦੇ ਹਨ। ਉਸਤਤਿ ਦਾ ਢੰਗ ਕਿਹੜਾ ਵਰਤਿਆ ਜਾਵੇ? ਇਸ ਵਾਸਤੇ ਯੱਗ ਕਰਨੇ ਆਰੰਭ ਹੋਏ। "ਯਜੁਰ ਵੇਦ" ਇਸ ਵਿੱਚ ਬਲੀਦਾਨ ਅਤੇ ਯੱਗ ਹੋਮ ਦਾ ਵਰਨਣ ਹੈ। "ਅਥਵਣ ਵੇਦ" ਇਸ ਵਿੱਚ ਮੰਤ੍ਰ, ਟੂਣੇ, ਜਾਦੂ ਆਦਿ ਦਾ ਵਰਨਣ ਅਤੇ ਇਸ ਦੇ ੭੬੦ ਮੰਤ੍ਰ ਹਨ। ਅਗਨੀ ਨੂੰ ਦੇਵੀ ਦੇਵਤਿਆਂ ਦੀ ਜੀਭ ਬਲਕਿ ਸਾਰੇ ਯੱਗਾਂ ਦਾ ਆਧਾਰ ਅਗਨ ਦੇਵਤਾ ਮੰਨਿਆਂ ਗਿਆ ਹੈ। ਇਸ ਕਰਕੇ ਲੋਹੜੀ ਜੱਗਾਂ ਦੀ ਅਰੰਭਤਾ ਦਾ ਸੂਚਕ ਮੰਨੀ ਜਾਂਦੀ ਹੈ। ਇਵੇਂ ਲੋਹੜੀ ਵਾਲੇ ਦਿਨ, ਜਾਣੇ ਅਣਜਾਣੇ, ਅਗਨ ਦੇਵਤਾ ਦੀ ਖੂਬ ਪੂਜਾ ਕੀਤੀ ਜਾਂਦੀ ਹੈ। ਇਸ ਦੇ ਨਾਲ ਸਾਨੂੰ ਇਹ ਵੀ ਸੋਚਣ ਦੀ ਲੋੜ ਹੈ ਕਿ ਇਸ ਮਨਮਤਿ ਨਾਲ, ਅਸੀਂ ਅਪਣੀ ਸੰਤਾਨ ਨੂੰ ਵਿਰਾਸਤ ਵਿੱਚ ਕਿਹੜੀ ਸਿੱਖੀ ਦੇ ਰਹੇ ਹਾਂ?



ਲੋਹੜੀ ਅਤੇ ਸਗਨ-ਅਪਸਗਨ- ਗੁਰਬਾਣੀ ਦਾ ਫੁਰਮਾਨ ਹੈ-ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ (੪੦੧) ਭਾਵ ਇਨ੍ਹਾਂ ਸਗਨਾਂ-ਅਪਸਗਨਾਂ ਦੇ ਚੱਕਰ ਵਿੱਚ ਉਹੀ ਲੋਕ ਪੈਂਦੇ ਨੇ, ਜਿਨ੍ਹਾਂ ਨੂੰ ਰੱਬ ਯਾਦ ਨਹੀਂ ਅਉਂਦਾ ਪਰ ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਣ ਵਾਲੇ ਕਦੇ ਸਗਨਾਂ-ਅਪਸਗਨਾਂ ਦੇ ਵਹਿਮ ਵਿੱਚ ਨਹੀਂ ਪੈਂਦੇ। ਭਾਰਤ ਵਿੱਚ ਬਹੁਤਾ, ਹਿੰਦੂ ਬ੍ਰਾਹਮਣ ਦਾ ਪ੍ਰਭਾਵ ਹੋਣ ਕਰਕੇ, ਫਸਲਾਂ ਵੀ ਸਗਨ ਅਪਸਗਨ ਦੇਖ ਕੇ ਬੀਜੀਆਂ ਜਾਂਦੀਆਂ ਅਤੇ ਅੱਜ ਵੀ ਅਜਿਹਾ ਕੀਤਾ ਜਾ ਰਿਹਾ ਹੈ। ਇਸ ਕਰਕੇ ਲੋਹੜੀ ਦੇ ਸ਼ੁਭ ਸ਼ਗਨਾਂ ਦੇ ਨਾਮ ਤੇ ਪਹਿਲੇ ਚੌਵੀ ਘੰਟੇ ਸਗਨਾਂ ਨੂੰ ਹੀ ਸਮ੍ਰਪਤ ਹੁੰਦੇ ਹਨ। "ਮਾਘ ਰਿੱਧੀ ਪੋਹ ਖਾਧੀ" ਦੇ ਕਥਨ ਅਨੁਸਾਰ ਪੰਜਾਬ ਵਿੱਚ ਰਾਤ ਨੂੰ ਪੋਹ ਮਹੀਨੇ ਦੇ ਆਖਰੀ ਦਿਨ, ਖਿਚੜੀ ਰਿੰਨ੍ਹ ਲਈ ਜਾਂਦੀ ਹੈ ਅਤੇ ਸਵੇਰੇ ਮਾਘੀ ਦੀ ਸੰਗ੍ਰਾਂਦ ਵਾਲੇ ਦਿਨ ਖਾਧੀ ਜਾਂਦੀ ਹੈ। ਉਚੇਚੇ ਰਾਤ ਨੂੰ ਰਿੰਨ੍ਹ ਕੇ, ਸਵੇਰੇ ਖਾਣ ਵੇਲੇ, ਇਸ ਸਗਨ ਪਿੱਛੇ ਅੰਨ ਦੇਵਤੇ ਪਾਸੋਂ ਕਾਮਨਾ ਕੀਤੀ ਜਾਂਦੀ ਹੈ ਕਿ ਅੰਨ ਭੰਡਾਰ ਹਰ ਸਵੇਰ ਚਲਦਾ ਅਤੇ ਫ਼ਸਲਾਂ ਸਦਾ ਵਧਦੀਆਂ ਫੁਲਦੀਆਂ ਰਹਿਣ। ਜਰਾ ਸੋਚੋ! ਕੀ ਫਸਲਾਂ ਚੰਗੀ ਦੇਖ-ਭਾਲ, ਚੰਗੇ ਵਾਤਾਵਰਣ ਅਤੇ ਵਧੀਆ ਮੌਸਮ ਨਾਲ ਵਧਦੀਆਂ ਫੁੱਲਦੀਆਂ ਹਨ ਜਾਂ ਕਿਸੇ ਮੰਤ੍ਰ ਪੜ੍ਹਨ ਜਾਂ ਸਗਨ-ਅਪਸਗਨ ਮੰਨਣ ਨਾਲ?

ਠੰਡੀ ਸਿਆਲੀ ਰੁੱਤ ਹੋਣ ਕਰਕੇ ਪੁਰਾਨੇ ਸਮੇਂ ਲੋਕ ਠੰਡ ਤੋਂ ਬਚਨ ਲਈ ਗਲੀਆਂ, ਚੌਰਾਹਿਆਂ ਅਤੇ ਮੁਹੱਲਿਆਂ ਵਿੱਚ ਲੱਕੜ ਦੇ ਵੱਡੇ-ਵੱਡੇ ਖੁੰਡਾਂ, ਗੋਹਿਆਂ ਆਦਿਕ ਦੀ ਅੱਗ ਬਾਲ ਕੇ ਸੇਕਦੇ, ਤਿਲ-ਗੁੜ ਦੀਆਂ ਬਣੀਆਂ ਰਿਉੜੀਆਂ, ਮੂੰਗਫਲੀ ਆਦਿਕ ਖਾਂਦੇ ਅਤੇ ਖੁਸ਼ੀ ਦੇ ਗੀਤ ਗਾਉਂਦੇ ਸਨ। ਵੇਖਾਵੇ ਵਾਲੇ ਧਰਮ ਅਤੇ ਵਹਿਮ-ਭਰਮ-ਪਾਖੰਡ ਦੇ ਨਾਂ ਤੇ, ਪੇਟ ਪਾਲਣ ਵਾਲੇ ਪੁਜਾਰੀ, ਹਰ ਵੇਲੇ ਇਸ ਤਾਕ ਵਿੱਚ ਰਹਿੰਦੇ ਹਨ ਕਿ ਜਿਸ ਕਰਮ ਵੱਲ ਲੋਕਾਂ ਦਾ ਝੁਕਾ ਵੱਧ ਹੈ ਕਿਉਂ ਨਾਂ ਉਸ ਨੂੰ ਧਰਮ ਨਾਲ ਜੋੜ ਕੇ, ਪੂਜਾ ਦੇ ਨਾਂ ਤੇ, ਸ਼ਰਧਾਲੂਆਂ ਤੋਂ ਮਾਇਆ ਦੇ ਗੱਫੇ ਬਟੋਰੇ ਜਾਣ। ਅੱਗ ਨੂੰ ਵੇਦਾਂ ਵਿੱਚ ਦੇਵਤਿਆਂ ਦੀ ਜੀਭ ਮੰਨਿਆਂ ਗਿਆ ਹੈ, ਜੋ ਇਸ ਵਿੱਚ ਭੇਟਾ ਕੀਤਾ ਜਾਵੇ, ਉਹ ਸਿੱਧਾ ਦੇਵਤਿਆਂ ਨੂੰ ਪਹੁੰਚ ਜਾਂਦਾ ਹੈ ਅਤੇ ਦੇਵੀ-ਦੇਵਤਾ ਪ੍ਰਸੰਨ ਹੋ ਕੇ ਵਰ ਦਿੰਦੇ ਹਨ। ਇਹ ਸਾਰਾ ਕੁਝ ਪੁਜਾਰੀ ਰਾਹੀਂ ਕਰਵਾਇਆ ਜਾਵੇ ਤਾਂ ਜਲਦੀ ਪਹੁੰਚਦਾ ਹੈ। ਪੁਜਾਰੀ ਲੋਕ ਚੰਗੇ ਮੰਦੇ ਸਮੇਂ ਦੇ ਸਗਨ-ਅਪਸਗਨ ਵੀ ਦਸਦੇ ਹਨ। ਲੋਕ ਡਰਦੇ ਹਨ ਕਿ ਕਿਤੇ ਅਪਸ਼ਗਨ ਨਾਂ ਹੋ ਜਾਵੇ, ਇਸ ਲਈ ਉਹ ਹਰ ਕੰਮ ਭਾਂਵੇ ਉਹ ਖੁਸ਼ੀ, ਗਮੀ, ਬੀਜ-ਬਜਾਈ, ਖਾਨ-ਪਾਨ ਜਾਂ ਕੋਈ ਘਰ, ਜਮੀਨ ਆਦਿਕ ਖ੍ਰੀਦਨ ਦਾ ਹੋਵੇ, ਜਨਮ ਤੋਂ ਮਰਨ ਤੱਕ ਇਨ੍ਹਾਂ ਅਖੌਤੀ ਧਰਮ ਪੁਜਾਰੀਆਂ ਤੋਂ ਪੁੱਛ ਕੇ ਕਰਦੇ ਹਨ। ਇਵੇਂ ਹੀ ਲੋਹੜੀ ਵਾਲੇ ਦਿਨ ਜਿੱਥੇ ਆਮ ਲੋਕ ਘਰਾਂ ਵਿੱਚੋਂ ਗੁੜ, ਮੂੰਗਫਲੀਆਂ ਅਤੇ ਰਿਉੜੀਆਂ ਇਕੱਠੀਆਂ ਕਰਕੇ ਲਿਆਉਂਦੇ ਅਤੇ ਠੰਡ ਤੋਂ ਬਚਣ ਲਈ ਅੱਗ ਦੇ ਅੰਗੀਠੇ ਦੁਆਲੇ ਬੈਠ ਕੇ ਖਾਂਦੇ ਸਨ। ਫਿਰ ਬ੍ਰਾਹਮਣ ਪੁਜਾਰੀ ਦੇ ਕਹਿਣ 'ਤੇ, ਅਗਨ ਦੇਵਤਾ ਨੂੰ ਖੁਸ਼ ਕਰਨ ਲਈ, ਤਿਲ ਆਦਿਕ ਸਮਗਰੀ ਅਗਨਿ ਭੇਟ ਅਤੇ ਸੰਗ੍ਰਾਂਦ ਆਦਿਕ ਦਿਨਾਂ 'ਤੇ, ਧਰਮ ਅਸਥਾਨਾਂ ਉਪਰ ਪਹੁੰਚ ਕੇ, ਮਨ ਚਾਹਿਆ ਦਾਨ ਕਰਨ ਲੱਗ ਪਏ। ਜਿਸ ਨਾਲ ਪੁਜਾਰੀ ਬਾਮ੍ਹਣ ਭਾਊ ਦਾ ਹਲਵਾ ਮੰਡਾ ਖੂਬ ਚੱਲਣ ਲੱਗ ਪਿਆ। ਉਸ ਨੇ ਏਵੇਂ ਦੇ ਪੁੰਨਿਆਂ, ਮੱਸਿਆ, ਸੰਗਰਾਂਦ, ਦਸਵੀਂ, ਪੰਚਕਾਂ, ਹੋਲੀ, ਲੋਹੜੀ ਆਦਿਕ ਅਨੇਕ ਦਿਨ ਦਿਹਾਰ, ਮੇਲਿਆਂ ਦੇ ਵੱਡੇ ਇਕੱਠ ਦੇ ਰੂਪ ਵਿੱਚ ਮਨਾਉਣੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਨੂੰ ਇਸੇ ਬ੍ਰਾਹਮਣ ਦੇ ਬਦਲਵੇਂ ਰੂਪ ਉਦਾਸੀ, ਨਿਰਮਲੇ, ਸੰਤ, ਮਹੰਤ, ਅਜੋਕੇ ਡੇਰੇਦਾਰ ਅਤੇ ਸੰਪ੍ਰਦਾਈ ਗ੍ਰੰਥੀਆਂ ਨੇ ਵੀ ਰੋਜੀ ਰੋਟੀ ਲਈ ਅਪਣਾਅ ਲਿਆ। ਇਨ੍ਹਾਂ ਦਿਨਾਂ ਤੇ ਪਾਠਾਂ ਦੀਆਂ ਇਕੋਤਰੀਆਂ, ਕੀਰਤਨ ਦਰਬਾਰ, ਜੱਗ, ਹਵਨ ਆਦਿਕ ਕਰ, ਵੱਡੀਆਂ-੨ ਭੇਟਾਵਾਂ ਲੈ ਕੇ, ਜਨਤਾ ਨੂੰ ਲੁੱਟਿਆ ਜਾਂਦਾ ਹੈ।

ਹੁਣ ਸਿੱਖਾਂ ਦੇ ਡੇਰਿਆਂ ਅਤੇ ਕੁਝ ਸੰਸਥਾਵਾਂ ਨੇ ਇਸ ਬਹਾਨੇ ਫੰਡ ਇਕੱਠਾ ਕਰਨ ਅਤੇ ਮੀਡੀਏ ਵਿੱਚ ਆਏ ਰਹਿਣ ਲਈ ਪੁੱਤਾਂ ਦੀ ਥਾਂ ਧੀਆਂ ਦੀਆਂ ਲੋਹੜੀਆਂ ਮਨਾਉਂਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜਰਾ ਸੋਚੋ! ਜਿਸ ਤਿਉਹਾਰ ਨਾਲ ਸਾਡਾ ਸਬੰਧ ਹੀ ਕੋਈ ਨਹੀਂ ਉਸ ਨੂੰ ਧੀਆਂ-ਪੁੱਤਾਂ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ।

ਅੱਜ ਪੁਰਾਣਾ ਜਮਾਨਾਂ ਨਹੀਂ ਕਿ ਠੰਡ ਤੋਂ ਬਚਣ ਲਈ, ਲਕੜਾਂ-ਗੋਹਿਆਂ ਆਦਿਕ ਦੀਆਂ ਅੱਗਾਂ ਬਾਲ ਕੇ ਹੀ, ਨਿੱਘ ਪ੍ਰਾਪਤ ਕੀਤਾ ਜਾ ਸਕੇ। ਅੱਜ ਦੇ ਜਮਾਨੇ ਵਿੱਚ ਮਣਾਂ-ਮੂੰਹੀਂ ਅਨਾਜ਼ ਸਾੜਨਾ ਮੂਰਖਤਾ ਨਹੀਂ ਤਾਂ ਹੋਰ ਕੀ ਹੈ? ਜਿਸ ਸ਼ੇਰ ਮਰਦ ਗੁਰੂ ਨਾਨਕ ਸਾਹਿਬ ਨੇ, ਡੰਕੇ ਦੀ ਚੋਟ ਨਾਲ ਔਰਤ ਅਤੇ ਮਰਦ ਨੂੰ ਬਾਬਰਤਾ ਦਿੱਤੀ ਸੀ, ਕੀ ਇਹ ਧੀਆਂ ਦੀਆਂ ਲੋਹੜੀਆਂ ਮਨਾਉਣ ਵਾਲੇ ਬਰਾਬਰਤਾ ਦੇ ਅਧਾਰ ਤੇ ਆਪਣੀਆਂ, ਮਾਵਾਂ, ਭੈਣਾਂ, ਧੀਆਂ ਨੂੰ ਪੰਜਾਂ ਪਿਆਰਿਆਂ ਦੀ ਦੇਗ਼, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ, ਗ੍ਰੰਥੀ, ਪੰਜਾਂ ਤਖਤਾਂ ਚੋਂ ਕਿਸੇ ਤਖਤ ਦੀ ਜਥੇਦਾਰੀ ਦੀ ਸੇਵਾ ਅਤੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋ, ਖੰਡੇ ਬਾਟੇ ਦੀ ਪਹੁਲ ਤਿਆਰ ਕਰਨ ਦੀ ਮਾਨਤਾ, ਦੇਣ ਜਾਂ ਦਿਵਾਉਣ ਲਈ, ਯਤਨਸ਼ੀਲ ਸਿੱਖ ਸੰ-ਸਥਾਵਾਂ ਦਾ ਸਾਥ ਦੇਣਗੇ? ਲੋਹੜੀ ਬਾਲਣ ਵਾਲੇ ਇਹ ਦੱਸਣਗੇ ਕਿ ਗੁਰੂ ਗ੍ਰੰਥ ਸਹਿਬ ਵਿਖੇ, ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਆਪਣੇ ਗੁਰਮਤੀ ਜੀਵਨ ਕਾਲ ਸਮੇਂ, ਧੀਆਂ-ਪੁੱਤਾਂ ਦੀਆਂ ਲੋਹੜੀਆਂ ਬਾਲੀਆਂ ਸਨ? ਕੀ ਬੇਬੇ ਨਾਨਕੀ, ਮਾਤਾ ਖੀਵੀ, ਮਾਤਾ ਗੰਗਾ, ਬੀਬੀ ਵੀਰੋ, ਮਾਤਾ ਗੁਜਰੀ, ਮਾਤਾ ਜੀਤੋ, ਮਾਤਾ ਭਾਗ ਕੌਰ, ਬੀਬੀ ਸ਼ਰਨ ਕੌਰ ਆਦਿਕ ਸਿੱਖ ਬੀਬੀਆਂ ਨੇ ਵੀ, ਗੁਰਮਤਿ ਧਾਰਨ ਕਰਕੇ ਲੋਹੜੀ ਬਾਲੀ ਜਾਂ ਮਨਾਈ ਸੀ?

ਗੁਰੂ ਪਾਤਸ਼ਾਹ ਨੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਹੋਮ-ਯੱਗਾਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਰੋਕਿਆ ਹੈ। ਗੁਮਮਤਿ ਵਿੱਚ ਕੇਵਲ ਕਰਤੇ ਦੀ ਪੂਜਾ ਹੀ ਸਮਝਾਈ ਗਈ ਹੈ-ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ (੪੮੯) ਅਗਨੀ, ਹਵਾ, ਪਾਣੀ, ਅਨਾਜ ਦੀ ਪੂਜਾ ਨੂੰ ਕਿਰਤਮ ਦੀ ਪੂਜਾ ਦੱਸਕੇ ਇਸ ਤੋਂ ਸੁਚੇਤ ਕੀਤਾ ਹੈ। ਗੁਰੂ ਦੀ ਸਿਖਿਆ ਲੈ, ਜੀਵਨ ਨੂੰ ਚਲਾਉਣਾ ਅਤੇ ਇਸ ਤਰ੍ਹਾਂ ਜੀਂਦੇ ਜੀਅ ਆਪਣੇ ਮਨੁੱਖਾ ਜੀਵਨ ਨੂੰ ਚੰਗੇ ਗੁਣਾਂ ਵਾਲਾ ਸਦਾਚਾਰੀ ਬਣਾ "ਗੁਣ ਕਹਿ ਗੁਣੀ ਸਮਾਵਣਿਆ" ਹੋਣਾ ਹੈ। ਇਸੇ ਨੂੰ ਗੁਰਬਾਣੀ ਵਿੱਚ ਜੀਵਨ ਮੁਕਤ ਹੋਣਾ ਵੀ ਆਖਿਆ ਗਿਆ ਹੈ। ਗੁਰਬਾਣੀ ਦੀ ਸਿਖਿਆ ਅਨੁਸਾਰ ਚੱਲਣ ਵਾਲਾ ਇਨਸਾਨ, ਇਸ ਅਵਸਥਾ ਨੂੰ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ। ਲੋਹੜੀ ਦਾ ਤਿਉਹਾਰ ਸਿੱਖ ਸਿਧਾਂਤਾਂ ਨਾਲ ਮੇਲ ਹੀ ਨਹੀਂ ਖਾਂਦਾ ਪਰ ਗੁਰਮਤਿ ਵਿਹੂਣੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਕਾਰਨ, ਅੱਜ ਸਿੱਖਾਂ ਅੰਦਰ ਗੁਰਬਾਣੀ ਅਨੁਸਾਰ ਜੀਵਨ ਢਾਲਣ ਦੀ ਥਾਂ, ਅੰਧਵਿਸ਼ਵਾਸਾਂ ਦਾ ਦੌਰ ਚੱਲ ਰਿਹਾ ਹੈ। ਜਿਸ ਕਰਕੇ ਅਜੋਕੇ ਦੌਰ ਵਿੱਚ, ਦੂਜਿਆਂ ਦੀ ਦੇਖਾ ਦੇਖੀ, ਕਈ ਸਿੱਖ ਵੀ ਇਸ ਨੂੰ ਆਪਣਾ ਤਿਉਹਾਰ ਜਾਣ, ਕਈ-ਕਈ ਦਿਨ ਪਹਿਲਾਂ ਹੀ, ਲੋਹੜੀ ਦੀ ਤਿਆਰੀ ਵਿੱਚ ਜੁੱਟ ਜਾਂਦੇ ਹਨ। ਇਸ ਦਿਨ, ਕਈ ਮਨਚਲੇ ਸ਼ਰਾਬ ਆਦਿਕ ਮਾਰੂ ਨਸ਼ੇ ਸੇਵਨ ਕਰਕੇ, ਆਪਣੀ ਧੰਨ ਦੌਲਤ ਅਤੇ ਇਜ਼ਤ ਆਬਰੂ ਵੀ ਮਿੱਟੀ ਵਿੱਚ ਰੋਲਦੇ ਹੋਏ, ਸਿੱਖੀ ਤੋਂ ਬੇਮੁੱਖ ਹੋ, ਨਸ਼ੇ ਵਿੱਚ ਧੁੱਤ, ਲੜਾਈਆਂ-ਝਗੜੇ ਅਤੇ ਮਾਰ-ਕੁਟਾਈਆਂ ਕਰਕੇ, ਮੁਕੱਦਮੇ ਬਾਜ਼ੀਆਂ ਦਾ ਕਾਰਣ ਵੀ ਬਣਦੇ ਹਨ। ਕਈ ਵਾਰੀ ਤਿਉਹਾਰਾਂ ਤੇ ਆਪਣੀਆਂ ਪੁਰਾਣੀਆਂ ਦੁਸ਼ਮਣੀਆਂ ਵੀ ਕੱਢੀਆਂ ਜਾਂਦੀਆਂ ਅਤੇ ਅਨੇਕਾਂ ਨੂੰ ਲੰਮਾ ਸਮਾਂ ਜੇਲ੍ਹਾਂ, ਵਕੀਲਾਂ ਆਦਿਕ ਦੇ ਚੱਕਰ ਵੀ ਕੱਟਣੇ ਪੈਂਦੇ ਹਨ।

ਗੁਰਸਿੱਖਾਂ ਨੂੰ ਅਜਿਹੇ ਕਰਮਕਾਂਡੀ ਤਿਉਹਾਰਾਂ ਨੂੰ ਛੱਡ ਕੇ, ਗੁਰਦੁਆਰਿਆਂ, ਸਕੂਲਾਂ-ਕਾਲਜਾਂ, ਲਾਇਬ੍ਰੇਰੀਆਂ, ਸਮਾਗਮਾਂ ਆਦਿਕ ਥਾਵਾਂ ਤੇ ਜਾ ਕੇ, ਗੁਰਬਾਣੀ ਦੀ ਵਿਚਾਰ ਹੀ ਕਰਨੀ ਚਾਹੀਦੀ ਹੈ, ਜੋ ਸਾਨੂੰ ਇਨ੍ਹਾਂ ਵਿਖਾਵੇ ਵਾਲੇ ਥੋਥੇ ਕਰਮਕਾਂਡਾਂ ਅਤੇ ਹੂੜਮੱਤਾਂ ਤੋਂ ਬਚਾ ਸਕਦੀ ਹੈ। ਅੱਜ ਅਸੀਂ ਆਪਣਾ ਨਿਆਰਾਪਨ, ਵੱਖਰੀ ਹੋਂਦ, ਦੇਖਾ-ਦੇਖੀ ਦੇ ਥੋਥੇ ਕਰਮਕਾਂਡਾਂ ਵਿੱਚ ਰਲ-ਗਡ ਹੋ ਕੇ, ਮਿਟਾਈ ਜਾ ਰਹੇ ਹਾਂ। ਇਨ੍ਹਾਂ ਤਿਉਹਾਰਾਂ ਦਾ ਹੀ ਅਸਰ ਹੈ ਕਿ ਅਗਿਆਨੀ ਸਿੱਖ, ਅੱਜ ਗੁਰਦੁਆਰਿਆਂ ਵਿਖੇ ਮੱਸਿਆ, ਪੁੰਨਿਆਂ, ਪੰਚਕਾਂ, ਸੰਗ੍ਰਾਂਦਾਂ, ਲੋਹੜੀਆਂ ਅਤੇ ਹੋਲੀਆਂ ਮਨਾ ਕੇ, ਗੁਰਮਤਿ ਸਿਧਾਂਤਾਂ ਅਤੇ ਸਿੱਖ ਕੌਮ ਦੀ ਨਿਆਰੀ ਹੋਂਦ ਦੇ ਪ੍ਰਤੀਕ, ਨਾਨਕਸ਼ਾਹੀ ਕੈਲੰਡਰ ਦਾ ਭਗਵਾਕਰਨ ਕਰੀ ਕਰਾਈ ਜਾ ਰਹੇ ਹਨ। ਨਾਮਵਰ ਪੰਥਕ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਦਾ ਫ਼ਰਜ਼ ਬਣਦਾ ਹੈ ਕਿ ਅਜੇਹੇ ਅੰਧਵਿਸ਼ਵਾਸ਼ੀ, ਹੰਕਾਰੀ ਅਤੇ ਪਦਵੀਆਂ ਦੇ ਲਾਲਚੀ ਸਿੱਖਾਂ ਨੂੰ, ਇਨ੍ਹਾਂ ਕੋਝੀਆਂ ਚਾਲਾਂ (ਹੂੜਮੱਤਾਂ) ਵਿੱਚੋਂ ਕੱਢਣ ਲਈ, ਕੋਈ ਯੋਗ ਅਤੇ ਠੋਸ ਉਪਰਾਲਾ ਕਰਨ।

ਇਸ ਸਭ ਕੁਝ ਲਈ ਪੰਥ ਦੇ ਸਿਰਕੱਢ ਵਿਦਵਾਨ ਆਗੂਆਂ ਨੂੰ ਛੋਟੇ-ਮੋਟੇ ਮਤ-ਭੇਦ ਭੁਲਾ, ਇੱਕ ਪਲੇਟ ਫਾਰਮ ਤੇ ਇਕੱਠੇ ਹੋ, ਸਿੱਖ ਕੌਮ ਦੀ ਅਗਵਾਈ ਕਰਨੀ ਚਾਹੀਦੀ ਹੈ। ਕੋਈ ਕੌਮੀ ਜਥੇਬੰਦੀ ਜੋ ਕੇਵਲ ਤੇ ਕੇਵਲ "ਗੁਰੂ ਗ੍ਰੰਥ ਸਾਹਿਬ" ਦੀ ਰਹਿਨੁਮਾਈ ਵਿੱਚ ਚੱਲਣ ਵਾਲੀ ਹੋਵੇ ਜੋ ਕਿਸੇ ਸੇਵਾ-ਭਾਵਨਾ ਨਿਮਰਤਾ ਦੇ ਪੁੰਜ, ਸੂਰਬੀਰ, ਬਚਨ ਦੇ ਬਲੀ ਪੜ੍ਹੇ ਲਿਖੇ ਗੁਰਮੁਖ ਵਿਦਵਾਨ ਨੂੰ ਕੌਮੀ ਆਗੂ ਮੰਨ ਕੇ, ਇੱਕ ਕਾਫਲੇ ਦੇ ਰੂਪ ਵਿੱਚ ਸਦਾ ਸਰਗਰਮ ਹੋ ਚਲਦੀ ਰਹੇ। ਜੇ ਕਿਤੇ ਅਜਿਹਾ ਹੋ ਗਿਆ ਤਾਂ ਸਿੱਖ ਕੌਮ ਬ੍ਰਾਹਮਣੀ ਕਰਮਕਾਂਡਾਂ ਅਤੇ ਡੇਰੇਦਾਰਾਂ ਦੀ "ਗੋਹ ਵਾਂਗ ਚਿੰਬੜੀ" ਗੁਲਾਮੀ ਨੂੰ ਗਲੋਂ ਲਾਹ ਸੁੱਟੇਗੀ ਅਤੇ ਅਜ਼ਾਦ ਹੋ ਕੇ "ਨਾਨਕ ਰਾਜ ਚਲਾਇਆ" ਵਾਲੇ ਰਾਜ-ਭਾਗ ਵੱਲ ਵਧਦੀ ਹੋਈ, ਸੰਸਾਰ ਵਿੱਚ ਸਿਰ ਉੱਚਾ ਕਰਕੇ ਵਿਚਰੇਗੀ। ਹੁਣ ਬਹੁਤ ਸਾਰੀਆਂ ਜਥੇਬੰਦੀਆਂ ਨੇ ਅਸਲੀ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇ ਕੇ, ਸਿੱਖੀ ਦੇ ਕੀਤੇ ਜਾ ਰਹੇ ਭਗਵਾਕਰਨ ਨੂੰ ਰੱਦ ਕਰ ਦਿੱਤਾ ਹੈ।

ਅੱਜ ਲੋੜ ਹੈ ਗੁਰਦੁਆਰਿਆਂ, ਗੁਰਧਾਮਾਂ-ਤਖਤਾਂ ਆਦਿਕ ਚੋਂ ਸਿੱਖੀ ਸਰੂਪ ਵਿੱਚ ਵੱਡੇ-ਵੱਡੇ ਔਹਦਿਆਂ ਤੇ ਬਿਰਾਜਮਾਨ ਕੇਸਾਧਾਰੀ, ਕਰਮਕਾਂਡੀ ਡੇਰਿਆਂ ਨਾਲ ਸਬੰਧਤ ਭੇਖੀਆਂ ਨੂੰ, ਗੁਰਮਤਿ ਦੀ ਐਨਕ ਨਾਲ ਪਛਾਣ ਕੇ, ਉਨ੍ਹਾਂ ਤੋਂ ਧਰਮ ਅਸਥਾਨ ਅਜ਼ਾਦ ਕਰਾਏ ਜਾਣ ਅਤੇ ਕੌਮੀ ਸਹਿਮਤੀ ਨਾਲ ਗੁਰਮੁਖ ਜਨਾਂ ਨੂੰ, ਗੁਰਧਾਮਾਂ ਦੀ ਸੇਵਾ ਸੌਂਪੀ ਜਾਵੇ, ਤਾਂ ਹੀ ਅਜਿਹੇ ਲੋਹੜੀ ਵਰਗੇ ਅੰਧ ਵਿਸ਼ਵਾਸ਼ੀ ਅਨਮਤੀ ਤਿਉਹਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਲੋਹੜੀ ਮੌਸਮੀ ਤਿਉਹਾਰ ਅਤੇ ਇਸ ਨੂੰ ਮੌਸਮ ਦੀ ਤਬਦੀਲੀ ਦੇ ਤੌਰ ਤੇ ਹੀ ਲੈਣਾ ਚਾਹੀਦਾ ਹੈ। ਅੱਗ ਸੇਕਣੀ, ਗੁੜ, ਰਿਉੜੀਆਂ ਅਤੇ ਮੂੰਗ ਫਲੀਆਂ ਆਦਿਕ ਗਰਮ ਪਦਾਰਥ ਖਾਣੇ ਮਨਮਤਿ ਨਹੀਂ ਸਗੋਂ ਇਨ੍ਹਾਂ ਕੀਮਤੀ ਪਦਾਰਥਾਂ ਨੂੰ, ਬੇਅਰਥ ਅੱਗ ਵਿੱਚ ਫੂਕਣਾ ਮਨਮਤਿ ਹੈ।

ਕਿੰਨਾ ਚੰਗਾ ਹੋਵੇ ਜੇ ਇਕੱਠੇ ਹੋ ਕੇ, ਅੱਗ ਸੇਕਦੇ ਹੋਏ, ਗੁਰਬਾਣੀ ਵਿਚਾਰ ਵਟਾਂਦਰੇ ਕਰਕੇ ਲਾਹੇ ਲੈ ਜਾਣ। ਥੋਥੇ ਕਰਮਕਾਂਡਾਂ ਅਤੇ ਵਿਕਾਰਾਂ ਦੀ ਠੰਡ-ਕੋਰੇ ਨਾਲ ਠਰੇ ਹੋਏ ਮਨ ਨੂੰ ਗੁਰਮਤਿ ਗਿਆਨ ਦਾ ਨਿੱਘ ਦਿੱਤਾ ਜਾਵੇ। ਮੁੰਡੇ-ਕੁੜੀ ਦੇ ਜਨਮ ਨਾਲ ਲੋਹੜੀ ਦਾ ਕੋਈ ਸਬੰਧ ਨਹੀਂ ਫਿਰ ਕਿਉਂ ਨਾਂ ਬੱਚਿਆਂ ਦੇ ਜਨਮ ਦਿਨ ਪ੍ਰਵਾਰਕ ਖੁਸ਼ੀਆਂ ਸਾਂਝੀਆਂ ਕਰਦੇ ਹੋਏ, ਦੇਣਹਾਰ ਦਾਤਾਰ ਦੀ ਉਸਤਤਿ ਅਤੇ ਧੰਨਵਾਦ ਦੇ ਰੂਪ ਵਿੱਚ ਮਨਾਏ ਜਾਣ!



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# "ਗੁਰੂ ਰਵਿਦਾਸ ਟੈਂਪਲ ਫਰਿਜ਼ਨੋ" ਵਿਖੇ ਧੀਆਂ-ਪੁੱਤਰਾਂ ਦੀ ਲੋਹੜੀ ਮਨਾਈ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੇਸ਼ੱਕ ਸਮੇਂ ਦੇ ਬਦਲਾਓ ਨਾਲ ਪੰਜਾਬ ਅੰਦਰ ਬਹੁਤੇ ਤਿਉਹਾਰ ਦਿਖਾਵੇ ਮਾਤਰ ਰਹਿ ਗਏ ਹਨ। ਜਿਸ ਦਾ ਵੱਡਾ ਕਾਰਨ ਪੰਜਾਬ ਹੀ ਨਹੀਂ ਸਗੋਂ ਸਮੁੱਚਾ ਭਾਰਤ ਹੀ ਅਜਿਹੀ ਸਿਆਸਤ ਦੇ ਧੱਕੇ ਚੜਿਆ ਕਿ ਆਪਣੇ ਆਪ ਨੂੰ ਪੱਛਮੀ ਸੱਭਿਆਚਾਰ ਦੇ ਨਾਲ ਮੇਲਦੇ ਹੋਏ ਆਪਣੇ ਹੀ ਸੱਭਿਆਚਾਰ ਤੋਂ ਕੋਹਾ ਦੂਰ ਹੋ ਰਹੇ ਹਨ। ਪਰ ਇਸ ਦੇ ਉਲਟ ਵਿਦੇਸਾ ਵਿੱਚ ਬੈਠੇ ਭਾਰਤੀ ਆਪਣੇ ਅਮੀਰ ਵਿਰਸੇ ਦੀਆਂ ਜੜ੍ਹਾ ਹੋਰ ਵੀ ਮਜ਼ਬੂਤ ਕਰਦੇ ਹੋਏ ਆਪਣੇ ਬੱਚਿਆ ਨੂੰ ਨਾਲ ਜੋੜੀ ਰੱਖਣ ਲਈ ਸਮਾਂ ਕੱਢ ਕੇ ਸਾਂਝੇ ਤੋਰ ਤੇ ਮਨਾਉਦੇ ਹਨ। ਲੋਹੜੀ ਦਾ ਬੇਸ਼ੱਕ ਗੁਰਮਤਿ ਜਾਂ ਸਿੱਖ ਸਿਧਾਤਾ ਨਾਲ ਕੋਈ ਸਬੰਧ ਨਹੀਂ, ਪਰ ਫਿਰ ਵੀ ਸਮੁੱਚਾ ਪੰਜਾਬੀ ਭਾਈਚਾਰਾ ਗੁਰੂਘਰਾ ਵਿੱਚ ਸਾਂਝੇ ਤੌਰ 'ਤੇ ਨਵ-ਜਨਮੇਂ ਪੁੱਤਰਾ ਅਤੇ ਧੀਆਂ ਦੀ ਲੋਹੜੀ ਬੜੀ ਸ਼ਾਨ ਨਾਲ ਮਨਾਉਦੇ ਹਨ। ਇੱਥੇ ਨਵ ਵਿਆਹੇ ਜੋੜਿਆ ਨੇ ਵੀ ਆ ਅਰਦਾਸਾ ਕਰਦੇ ਹੋਏ ਆਪਣੀ ਲੋਹੜੀ ਮਨਾਈ। ਇਸੇ ਹੀ ਸਾਂਝੀ ਪਰੰਪਰਾ ਅਧੀਨ ਸਮੁੱਚੇ ਕੈਲੀਫੋਰਨੀਆਂ ਅੰਦਰ ਜਿਥੇ ਗੁਰਦੁਆਰਿਆ ਅਤੇ ਮੰਦਰਾਂ ਵਿੱਚ ਸਰਕਾਰੀ ਪ੍ਰਵਾਨਗੀ ਲੈਂਦੇ ਹੋਏ ਲੋਹੜੀ ਦੇ ਵੱਡੇ ਵੱਡੇ ਧੂਣੇ ਲਾਏ ਗਏ। ਉਥੇ ਪਾਠ ਪੂਜਾ ਦੇ ਦੀਵਾਨ ਵੀ ਸਜੇ। ਇਸ ਤਿਉਹਾਰ ਨੂੰ ਸਭਨਾ ਨੇ ਰੱਜ ਕੇ ਮਾਣਿਆ। ਪੰਜਾਬ ਵਾਂਗ ਇਥੇ ਵੀ ਕਈ ਤਰ੍ਹਾਂ ਦੀਆਂ ਮਿਠਾਈਆਂ, ਰਿਓੜੀਆਂ, ਗੱਚਕ ਅਤੇ ਮੂੰਗਫਲੀ ਆਦਿਕ ਦੇ ਲੰਗਰ ਸਜੇ। ਜਿੰਨਾ ਵਿੱਚ ਮੂੰਗਫਲੀ ਤੇ ਰਿਉੜੀਆ ਆਦਿਕ ਖਾਦੇ ਹੋਏ ਹਜ਼ਾਰਾ ਪਰਿਵਾਰਾ ਨੇ ਅਨੰਦ ਮਾਣਿਆ। ਜਿਸ ਵਿੱਚ ਹਿੱਸਾ ਲੈਣ ਲਈ ਗੋਰਿਆ ਦੇ ਬੱਚੇ ਵੀ ਦੇਖੇ ਗਏ। ਲੋਹੜੀ ਦੇ ਨਾਲ ਨਾਲ ਇਥੋ ਦੇ ਸਮੂੰਹ ਗੁਰਦੁਆਰਿਆ ਵਿੱਚ ਮਾਘ ਦੇ ਮਹੀਨੇ ਦੀ ਸੁਰੂਆਤ ਤੇ ਸਿੱਖ ਇਤਿਹਾਸ ਦੇ ਨਾਲ ਸੰਬੰਧਿਤ ਚਾਲੀ ਮੁਕਤਿਆ ਦੀ ਯਾਦ ਵਿੱਚ ਵੀ ਵਿਸ਼ੇਸ਼ ਸਮਾਗਮ ਸਿਲਮਾ, ਬੇਕਰਸਫੀਲਡ, ਸਨਵਾਕੀਨ, ਕਰਮਨ ਅਤੇ ਫਰਿਜ਼ਨੋ ਆਦਿਕ ਸ਼ਹਿਰਾ ਵਿਖੇ ਕੀਤੇ ਗਏ। ਜਿਸ ਦੌਰਾਨ ਮਹਾਨ ਕੀਰਤਨ ਦੀਵਾਨ ਸਜ਼ੇ। ਇਸੇ ਲੜੀ ਅਧੀਨ ਗੁਰੂ ਰਵਿਦਾਸ ਟੈਂਪਲ ਚੈਰੀ ਐਵਨਿਊ ਫਰਿਜ਼ਨੋ ਵਿਖੇ ਸਥਾਨਿਕ ਭਾਈ ਭਾਈ ਰਾਮ ਸਿੰਘ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਸਰਵਨ ਕਰਵਾਈ ਗਈ। ਇਸ ਤੋਂ ਇਲਾਵਾ ਹੋਰ ਵੱਖਰੇ-ਵੱਖਰੇ ਬੁਲਾਰਿਆ ਨੇ ਵੀ ਹਾਜ਼ਰੀ ਭਰੀ। ਇਸ ਤਰਾਂ ਬਾਅਦ ਸਮਾਪਤੀ ਦੌਰਾਨ ਅੱਗ ਦੇ ਧੂਣੇ ਲਾਏ ਗਏ ਸਨ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਲੋਹੜੀ ਦੇ ਪਰੰਪਰਾਗਤ ਜਸ਼ਨਾ ਤੋਂ ਇਲਾਵਾ ਵਿਸ਼ੇਸ਼ ਧਾਰਮਿਕ ਸਮਾਗਮ ਵੀ ਹੋਏ। ਜਿੰਨਾ ਵਿੱਚ ਸਮੂੰਹ ਭਾਈਚਾਰੇ ਨੇ ਰਲ ਮਿਲ ਅਨੰਦ ਮਾਣਿਆ। ਅੰਤ ਇਹ ਸਾਰੇ ਸਮਾਗਮ ਲੋਹੜੀ ਦੇ ਬਲਦੇ ਧੂਣਿਆ ਨਾਲ ਬੁਰਾਈ ਦੇ ਖਾਤਮੇ ਦਾ ਸੁਨੇਹਾ ਦਿੰਦੇ ਹੋਏ, ਆਪਣੇ ਪਿਆਰ ਦੀਆਂ ਨਿੱਘੀਆਂ ਯਾਦਾ ਛੱਡ ਗਏ।



# ਕੁਮਾਰੀ ਮਾਇਆਵਤੀ ਦਾ ਜਨਮ ਦਿਨ ਜਨ ਕਲਿਆਣਕਾਰੀ ਦਿਵਸ ਦੇ ਤੌਰ 'ਤੇ ਮਨਾਏਗੀ ਬਸਪਾ

**ਫਗਵਾੜਾ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੂਬਾ ਪੱਧਰੀ ਸਮੀਖਿਆ ਮੀਟਿੰਗ ਪਾਰਟੀ ਦੇ ਜਲੰਧਰ ਵਿਖੇ ਦਫਤਰ ਵਿੱਚ ਹੋਈ। ਇਸ ਦੌਰਾਨ ਬਸਪਾ ਦੇ ਪੰਜਾਬ, ਹਰਿਆਣਾ ਤੇ ਚੰਡੀਗੜ ਇੰਚਾਰਜ ਡਾ. ਮੇਘਰਾਜ ਸਿੰਘ ਮੁੱਖ ਮਹਿਮਾਨ ਵੱਜੋਂ ਪਹੁੰਚੇ, ਜਦਕਿ ਬਸਪਾ ਸੂਬਾ ਪ੍ਰਧਾਨ ਸ. ਰਸ਼ਪਾਲ ਸਿੰਘ ਰਾਜੂ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ।ਇਸ ਮੌਕੇ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਡਾ. ਮੇਘਰਾਜ ਸਿੰਘ ਨੇ ਕਿਹਾ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦਾ ਜਨਮ ਦਿਨ 15 ਜਨਵਰੀ ਨੂੰ ਦੇਸ਼ ਭਰ ਵਿੱਚ ਜਨ ਕਲਿਆਣਕਾਰੀ ਦਿਵਸ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਪੰਜਾਬ ਵਿੱਚ ਵੀ ਜ਼ਿਲ੍ਹਾ ਪੱਧਰ 'ਤੇ ਬਸਪਾ ਵਰਕਰ ਇਹ ਦਿਵਸ ਮਨਾਉਣਗੇ।

ਡਾ. ਮੇਘਰਾਜ ਸਿੰਘ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਲੋਕਾਂ ਨੇ ਦੇਸ਼ ਵਿੱਚ ਕਾਂਗਰਸ ਤੇ ਭਾਜਪਾ ਦੀਆਂ ਸਰਕਾਰਾਂ ਦੇਖੀਆਂ ਹਨ, ਜਿਨ੍ਹਾਂ ਨੇ ਹਮੇਸ਼ਾ ਲੋਕਾਂ ਦਾ ਘਾਣ ਹੀ ਕੀਤਾ ਹੈ। ਇਸ ਕਰਕੇ ਹੁਣ ਦੇਸ਼ ਭਰ ਵਿੱਚੋਂ ਭੈਣ ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਮੰਗ ਉੱਠ ਰਹੀ ਹੈ। ਬਸਪਾ ਸਮੇਤ ਹੋਰ ਪਾਰਟੀਆਂ ਵੀ ਇਸ ਗੱਲ ਦਾ ਸਮਰਥਨ ਕਰ ਰਹੀਆਂ ਹਨ।







ਉਨ੍ਹਾਂ ਕਿਹਾ ਕਿ ਬਸਪਾ ਪੰਜਾਬ ਵਿੱਚੋਂ ਲੋਕ ਸਭਾ ਸੀਟਾਂ ਜਿੱਤ ਕੇ ਭੈਣ ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਏਗੀ, ਤਾਂ ਕਿ ਇਸ ਦੇਸ਼ ਵਿੱਚ ਇਨਸਾਫ ਆਧਾਰਿਤ ਵਿਵਸਥਾ ਦਾ ਨਿਰਮਾਣ ਕੀਤਾ ਜਾ ਸਕੇ, ਸਾਰੇ ਵਰਗਾਂ ਦੇ ਲੋਕਾਂ ਨੂੰ ਨਿਆਂ ਮਿਲ ਸਕੇ, ਦੇਸ਼ ਆਰਥਿਕ ਤਰੱਕੀ ਵੱਲ ਜਾ ਸਕੇ, ਜਿਸਨੂੰ ਕਾਂਗਰਸ-ਭਾਜਪਾ ਨੇ ਪਿੱਛੇ ਧੱਕ ਦਿੱਤਾ ਹੈ। ਉਨ੍ਹਾਂ ਨੇ ਪਾਰਟੀ ਦੇ ਸਾਰੇ ਵਰਕਰਾਂ ਤੇ ਅਹੁਦੇਦਾਰਾਂ ਨੂੰ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਵੀ ਜੁਟਣ ਲਈ ਕਿਹਾ।

ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਬਸਪਾ ਸੂਬਾ ਪ੍ਰਧਾਨ ਸ. ਰਸ਼ਪਾਲ ਸਿੰਘ ਰਾਜੂ ਨੇ ਸਾਰੇ ਵਰਕਰਾਂ ਨੂੰ ਸੰਗਠਨ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਡਟ ਜਾਣ ਲਈ ਕਿਹਾ। ਇਸ ਮੌਕੇ 'ਤੇ ਬਸਪਾ ਆਗੂ ਕੁਲਦੀਪ ਸਰਦੂਲਗੜ, ਰਜਿੰਦਰ ਸਿੰਘ ਰੀਹਲ, ਡਾ. ਮੱਖਣ ਸਿੰਘ, ਡਾ. ਨਛੱਤਰ ਪਾਲ, ਸ਼ਿੰਗਾਰਾ ਸਿੰਘ, ਬਲਦੇਵ ਸਿੰਘ ਮਹਿਰਾ, ਤੀਰਥ ਰਾਜਪੁਰਾ, ਬਲਵਿੰਦਰ ਕੁਮਾਰ, ਸਤਨਾਮ ਬੀਹੜਾ, ਪ੍ਰਵੀਨ ਕੁਮਾਰ ਬੰਗਾ, ਸੰਤੋਸ਼ ਕੁਮ-ਾਰੀ, ਪਰਮਜੀਤ ਮੱਲ, ਮਨਜੀਤ ਅਟਵਾਲ ਆਦਿ ਆਗੂ ਵੀ ਮੌਜੂਦ ਸਨ।

*********

# '6ਵਾਂ ਛਣਕਾਟਾ ਵੰਗਾਂ ਦਾ 2019' ਪ੍ਰੋਗਰਾਮ' ਚ ਚੋਟੀ ਦੇ ਪੰਜਾਬੀ ਗਾਇਕ ਤੇ ਗਾਇਕਾਵਾਂ ਨੇ ਕੀਤੀ ਸ਼ਿਰਕਤ!

**ਕੈਲੀਫੋਰਨੀਆਂ (ਹੁਸਨ ਲੜੋਆ ਬੰਗਾ)–** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ, ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ ਅਤੇ ਐਂਸ.ਅਸ਼ੋਕ ਭੌਰਾ ਵਲੋਂ ਇੱਥੇ ਬੀਤੇ ਦਿਨੀਂ ਪੈਰਾਡਾਈਜ਼ ਬਾਲਰੂਮ ਵਿਖੇ ਕਰਵਾਏ ਗਏ '6ਵਾਂ ਛਣਕਾਟਾ ਵੰਗਾਂ ਦਾ 2019' ਪ੍ਰੋਗਰਾਮ ਨੇ ਇਕ ਤਰ੍ਹਾਂ ਨਾਲ ਪੰਜਾਬ ਦੇ ਰਵਾਇਤੀ ਮੇਲਿਆਂ ਵਾਂਗ ਇਕ ਵੱਖਰੀ ਕਿਸਮ ਦੀ ਪੇਸ਼ਕਾਰੀ ਕਰਕੇ ਵੱਡੀ ਗਿਣਤੀ 'ਚ ਪਰਿਵਾਰਾਂ ਸਮੇਤ ਪੁੱਜੇ ਪੰਜਾਬੀਆਂ ਦਾ ਦਿਲ ਜਿੱਤ ਲਿਆ। ਐਤਕਾਂ ਦਰਸ਼ਕਾਂ ਲਈ ਐਂਟਰੀ ਮੁਫਤ ਸੀ ਤੇਖਾਣ ਪਾਨ ਦਾ ਵੀ ਬੰਦੋਬਸਤ ਕੀਤਾ ਗਿਆ ਸੀ। ਪਹਿਲੀ ਵਾਰ ਸੀ ਜਦੋਂ 'ਛਣਕਾਟਾ ਵੰਗਾਂ ਦਾ 2019' ਨੂੰ ਅਮਲੀ ਰੂਪ ਪ੍ਰਦਾਨ ਕਰਨ ਲਈ ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਪ੍ਰੋਗਰਾਮ 'ਚ ਸ਼ਾਮਿਲ ਔਰਤਾਂ, ਮੁਟਿਆਰਾਂ ਤੇ ਬੱਚੀਆਂ ਨੂੰ ਮੁਫਤ ਵੰਗਾਂ ਪਹਿਨਾਈਆਂ ਗਈਆਂ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਂਸ.ਅਸ਼ੋਕ ਭੌਰਾ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ 'ਛਣਕਾਟਾ ਵੰਗਾਂ ਦਾ 2019' ਪ੍ਰੋਗਰਾਮ ਪਿਛਲੇ ਪ੍ਰੋਗਾਮਾਂ ਤੋਂ ਵੀ ਦੋ ਕਦਮ ਅੱਗੇ ਚਲਾ ਗਿਆ ਹੈ।

'6ਵਾਂ ਛਣਕਾਟਾ ਵੰਗਾਂ ਦਾ 2019' ਪ੍ਰੋਗਰਾਮ ਦਾ ਰਸਮੀ ਉਦਘਾਟਨ ਸ੍ਰ. ਮੱਖਣ ਸਿੰਘ ਬੈਂਸ ਤੇ ਰਾਮ ਸਰੋਏ ਨੇ ਸਾਂਝੇ ਰੂਪ ਵਿਚ ਕੀਤਾ। ਪਰ ਇਸ ਮੌਕੇ 'ਤੇ ਸ੍ਰ. ਅਮੋਲਕ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਸੁਰਿੰਦਰ ਬਡਿਆਲ, ਪੰਜਾਬ ਭਵਨ ਸਰ੍ਹੀ ਦੇ ਸੁੱਖੀ ਬਾਠ, ਸੋਹਣ ਸਿੰਘ ਨਾਗਰਾ, ਸਰਬਜੀਤ ਸਰਾਓ, ਸੁਖਦੇਵ ਗਰੇਵਾਲ, ਸਤਨਾਮ ਬੱਲ ਆਦਿ ਸਖਸ਼ੀਅਤਾਂ ਵੀ ਹਾਜ਼ਰ ਸਨ। ਸ੍ਰ. ਬਾਠ ਨੇ ਕੈਲੀਫੋਰਨੀਆਂ ਵਸਦੇ ਪੰਜਾਬੀਆਂ ਨੂੰ ਮਸ਼ਵਰਾ ਦਿੱਤਾ ਕਿ ਪੰਜਾਬ ਭਵਨ ਇੱਥੇ ਵੀ ਰਲਕੇ ਉਸਾਰੇ ਜਾਣ ਦੀ ਲੋੜ ਹੈ ਤਾਂ ਕਿ ਅਸੀਂ ਆਪਣੀ ਵਿਰਾਸਤ ਤੇ ਵਿਰਸੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਸਕੀਏ। ਇਹ ਪ੍ਰੋਗਰਾਮ ਭਾਰਤ ਵਿਚ ਨਿਆਸਰਿਆਂ, ਅਪੰਗਾਂ ਅਤੇ ਆਸ਼ਰਿਤਾਂ ਵਾਸਤੇ ਕੰਮ ਕਰਨ ਵਾਲੀ 'ਸਹਾਇਤਾ ਸੰਸਥਾ' ਲਈ ਪਿਛਲੇ ਦੋ ਵਰ੍ਹਿਆਂ ਤੋਂ ਸਹਿਯੋਗ ਦੀ ਵੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ।




ਅਜੇ ਭੰਗੜਾ ਅਕੈਡਮੀ ਦੇ (ਜਸਪਾਲ ਸਿੰਘ ਤੇ ਗੁਰਿੰਦਰ), ਪੰਜਾਬੀ ਧੜਕਣ ਅਕੈਡਮੀ (ਡਿੰਪਲ ਬੈਂਸ), ਜਸਵਿੰਦਰ ਧਨੋਆ, ਸੋਨੀਆਂ ਚੇੜਾ ਤੇ ਜੱਸੀ ਸਰ੍ਹਾਂ (ਹਾਸਰਸ) ਵਲੋਂ ਉੱਤਮ ਪੇਸ਼ਕਾਰੀਆਂ ਦਿੱਤੀਆਂ ਗਈਆਂ। ਚੰਨੀ ਸਿੰਘ, ਮੋਨਾ ਸਿੰਘ, ਹਰਮਨਦੀਪ, ਕੈਲੀ ਜਸ, ਅਨੂਪ ਚੀਮਾ, ਸੱਤੀ ਪਾਬਲਾ ਨੇ ਆਪੋ ਆਪਣੀ ਗਾਇਕੀ ਨਾਲ ਸੰਗੀਤ ਰੰਗ ਪੇਸ਼ ਕੀਤੇ। ਟਾਈਟਲ ਗੀਤ 'ਚੜ੍ਹਕੇ ਦੇਖ ਚੁਬਾਰੇ' (ਪਵਨਦੀਪ ਮੋਗਾ) ਵੀ ਪੇਸ਼ ਕੀਤਾ ਗਿਆ।ਪ੍ਰੋਗਰਾਮ ਦੇ ਮੰਚ ਸੰਚਾਲਨ 'ਚ ਸਹਿਯੋਗ ਕਰਨ ਵਾਲੀ ਟੀਮ ਵਿਚ ਸ਼ਕਤੀ ਮਾਣਕ, ਮਨਜੀਤ ਝਿੱਕਾ, ਲਖਵਿੰਦਰ ਲੱਕੀ, ਮਨਵੀਰ ਭੌਰਾ, ਜਸਜੀਤ ਕੌਰ, ਜਸਪ੍ਰੀਤ ਕੌਰ, ਅਨਮੋਲ ਭੌਰਾ ਨੇ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਆਖਰ ਵਿਚ ਐਂਸ.ਅਸ਼ੋਕ ਭੌਰਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ 6ਵੇਂ ਛਣਕਾਟਾ ਵੰਗਾਂ ਦਾ ਦੀ ਸਫਲਤਾ ਦਾ ਸਿਹਰਾ ਦਰਸ਼ਕਾਂ ਤੇ ਸਪਾਂਸਰਾਂ ਦੇ ਸਿਰ ਬੰਨ੍ਹਿਆ।

# ਰੇਡੀਓ 'ਸਾਡੇ ਆਲਾ' ਨੇ ਆਪਣੇ ਸਟੂਡੀਓ 'ਚ ਮਨਾਈ 'ਧੀਆਂ ਦੀ ਲੋਹੜੀ'-ਮਘੀ ਸ਼ਗਨਾਂ ਦੀ ਧੂਣੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਰੇਡੀਓ 'ਸਾਡੇ ਆਲਾ' ਨੇ ਉਟਾਹੂਹੂ ਸਥਿਤ ਆਪਣੇ ਨਵਉਸਰੇ ਸਟੂਡੀਓ ਦੇ ਵਿਚ ਪਹਿਲੀ ਵਾਰ 'ਧੀਆਂ ਦੀ ਲੋਹੜੀ' ਮਨਾ ਕੇ ਇਹ ਸੰਦੇਸ਼ ਦਿੱਤਾ ਕਿ 'ਪੁੱਤਰਾਂ ਨਾਲੋਂ ਘੱਟ ਨਹੀਂ ਕੁੜੀਆਂ, ਦੋਨਾਂ ਨਾਲ ਹੀ ਖੁਸ਼ੀਆਂ ਜੁੜੀਆਂ'। ਰੇਡੀਓ ਪੇਸ਼ਕਾਰ ਸ. ਸ਼ਰਨਜੀਤ ਸਿੰਘ, ਸ. ਗੁਰਪ੍ਰੀਤ ਸਿੰਘ, ਮੈਡਮ ਬਾਰਵੀ ਅਤੇ ਗਗਨ ਨੇ ਪਿਛਲੇ ਕੁਝ ਦਿਨਾਂ ਤੋਂ ਇਕ ਰੇਡੀਓ ਮੁਹਿੰਮ ਚਲਾ ਕੇ ਲੋਹੜੀ ਮਨਾਉਣ ਦਾ ਸੱਦਾ ਦਿੱਤਾ ਸੀ। 100 ਤੋਂ ਉਪਰ ਨਵ ਜੰਮੇ ਬੱਚਿਆਂ ਦੇ ਮਾਪਿਆਂ ਨੇ ਆਪਣੀਆਂ ਧੀਆਂ ਦੇ ਜਨਮ ਦੀ ਖੁਸ਼ੀ ਪ੍ਰਗਟ ਕੀਤੀ। ਮਿੱਥੇ ਪ੍ਰੋਗਰਾਮ ਅਨੁਸਾਰ ਨਵ ਜੰਮੀਆਂ ਬੱਚੀਆਂ ਅਤੇ ਸਭ ਤੋਂ ਘੱਟ ਉਮਰ ਵਾਲੀਆਂ ਕੁੱਲ 15 ਦੇ ਕਰੀਬ ਬੱਚੀਆਂ ਨੂੰ ਚੁਣਿਆ ਗਿਆ। ਅੱਜ ਦੁਪਹਿਰ 12 ਤੋਂ 2 ਵਜੇ ਤੱਕ ਚੱਲੇ ਇਸ ਪ੍ਰੋਗਰਾਮ ਵਿਚ ਗੀਤ-ਸੰਗੀਤ ਦੇ ਨਾਲ-ਨਾਲ ਰਸਮੀ-ਰੀਤੀ ਰਿਵਾਜ ਵੀ ਕੀਤੇ ਗਏ। ਸਾਰੀਆਂ ਕੁੜੀਆਂ ਨੂੰ ਇੱਕਤਰ ਕਰਕੇ ਸਾਂਝੇ ਰੂਪ ਵਿਚ ਇਕ ਕੇਕ ਕੱਟਿਆ ਗਿਆ, ਮੂੰਗਫਲੀ ਤੇ ਰੇਵੜੀਆਂ ਵੰਡੀਆਂ ਗਈਆਂ ਅਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ। ਬੱਚਿਆਂ ਦੇ ਲਈ ਸੁੰਦਰ ਗਿਫਟ ਪੈਕ ਦੇ ਨਾਲ-ਨਾਲ ਰੇਡੀਓ ਵੱਲੋਂ ਇਕ ਪ੍ਰਸੰਸ਼ਾ ਪੱਤਰ ਵੀ ਬੱਚੇ ਦੀ ਫੋਟੋ ਵਾਲਾ ਨਿਸ਼ਾਨੀ ਵਜੋਂ ਦਿੱਤਾ ਗਿਆ। ਰੇਡੀਓ ਪੇਸ਼ਕਾਰ ਗਗਨ ਅਤੇ ਸ਼ਰਨ ਨੇ ਖੂਬ ਹਾਸਾ-ਠੱਠਾ ਵੀ ਕੀਤਾ। ਬੱਚਿਆਂ ਦੇ ਮਾਪਿਆਂ ਨੇ ਵੀ ਪਹਿਲੀ ਵਾਰ ਅਜਿਹੀ ਲੋਹੜੀ ਸਾਂਝੇ ਰੂਪ ਵਿਚ ਮਨਾਈ। ਬੱਚੀਆਂ ਵਿਚ ਸ਼ਾਮਿਲ ਸਨ ਨਿਗਰੁਣ ਕੌਰ ਗੁਰਾਇਆ, ਅਰਮੀਤ ਕੌਰ ਸਿੱਧੂ, ਕਾਰਿਨਕਾ ਕਟਾਰੀਆ, ਰੀਤ ਕੌਰ ਸਿੱਧੂ ਸਿੱਧਵਾਂ ਖੁਰਦ, ਅਰਨੀਵ ਕੌਰ ਸਿੱਧੂ, ਮਨਵੀਰ ਕੌਰ, ਪਵਨੀਤ ਕੌਰ,ਹਰਸ਼ੀਨ ਕੌਰ, ਅਸੀਸ ਕੌਰ ਦਿਓਲ, ਜਾਯਮੀਨ ਕੌਰ । ਸਭ ਤੋਂ ਛੋਟੀ ਧੀਅ 3 ਮਹੀਨੇ ਦੀ ਸੀ। ਅੰਤ ਦੇ ਵਿਚ ਧੂਣੀ ਦਾ ਸ਼ਗਨ ਵੀ ਕੀਤਾ ਗਿਆ ਅਤੇ ਸੁੰਦਰ-ਮੁੰਦਰੀਏ ਵਾਲੇ ਗੀਤ ਵੀ ਗਾਏ ਗਏ। ਰੇਡੀਓ 'ਸਾਡੇ ਆਲਾ' 87.8 ਐਫ. ਐਮ. ਦਾ ਇਹ ਉਦਮ ਸਲਾਹੁਣਯੋਗ ਸੀ। ਇਸ ਮੌਕੇ ਬੱਚਿਆਂ ਦੇ ਪਰਿਵਾਰਕ ਮੈਂਬਰ ਅਤੇ ਪੰਜਾਬੀ ਮੀਡੀਆ ਹਰਮਨਪ੍ਰੀਤ ਸਿੰਘ, ਤਰਨਦੀਪ ਸਿੰਘ, ਅਵਤਾਰ ਟਹਿਣਾ ਤੇ ਹਰਜਿੰਦਰ ਬਸਿਆਲਾ ਵੀ ਪਹੁੰਚੇ ਹੋਏ ਸਨ।



# ਲੋਹੜੀ ਅਤੇ ਮਾਘੀ ਦੀ ਸਮਾਜਿਕ ਅਤੇ ਧਾਰਮਿਕ ਮਹੱਤਤਾ!



ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'
ਫਰਿਜ਼ਨੋ (559-333-5776)

ਲੋਹੜੀ ਅਤੇ ਮਾਘੀ ਦੀ ਪੰਜਾਬੀ ਸਮਾਜ ਅੰਦਰ ਸਮਾਜਿਕ ਤੇ ਧਾਰਮਿਕ ਪੱਖ ਤੋਂ ਬੇਹੱਦ ਮਹੱਤਤਾ ਹੈ। ਲੋਹੜੀ ਦਾ ਤਿਉਹਾਰ ਪੰਜਾਬ 'ਚ ਬੜੇ ਹੀ ਚਾਅ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਪੋਹ ਮਹੀਨੇ ਵਿਚ ਆਉਣ ਵਾਲਾ ਤਿਉਹਾਰ ਲੋਹੜੀ ਭਾਵੇਂ ਸਾਡੇ ਸਮਾਜ ਵਿਚ ਕੋਈ ਧਾਰਮਿਕ ਮਹੱਤਤਾ ਨਹੀਂ ਰੱਖਦਾ ਪਰ ਇਹ ਸੱਭਿਆਚਾਰਕ ਪੱਖ ਤੋਂ ਬਹੁਤ ਮਹੱਤਵਪੂਰਨ ਹੈ। ਲੋਹੜੀ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਹੁੰਦੀ ਹੈ। ਇਸ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਭਾਵੇਂ ਇਸ ਤਿਉਹਾਰ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਪਰ ਅਜੋਕੀ ਪੀੜੀ ਨੂੰ ਇਸ ਦੇ ਇਤਿਹਾਸ ਬਾਰੇ ਘੱਟ ਹੀ ਜਾਣਕਾਰੀ ਹੈ। ਸੋ ਇਸ ਬਾਰੇ ਅੱਜ ਆਪਾਂ ਵਿਚਾਰ ਕਰਦੇ ਹਾਂ ਕਿ ਇਸ ਤਿਉਹਾਰ ਨੂੰ ਮਨਾਉਣ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ ।

ਦਰਅਸਲ ਇਸ ਤਿਉਹਾਰ ਨਾਲ ਕਈ ਕਥਾਵਾਂ ਜੁੜੀਆਂ ਹੋਈਆਂ ਹਨ। ਜਿਨ੍ਹਾਂ 'ਚ ਇਕ ਕਥਾ ਦੁੱਲਾ ਭੱਟੀ ਨਾਲ ਸੰਬੰਧ ਰੱਖਦੀ ਹੈ। ਦੁੱਲਾ ਭੱਟੀ ਜੋ ਅਮੀਰ ਲੋਕਾਂ ਨੂੰ ਲੁੱਟ ਕੇ ਸਾਰਾ ਧਨ ਗ਼ਰੀਬਾਂ ਵਿਚ ਵੰਡ ਦਿੰਦਾ ਸੀ। ਇਕ ਵਾਰ ਉਸ ਨੇ ਅਗਵਾਕਾਰਾਂ ਦੇ ਚੁੰਗਲ ਵਿਚੋਂ ਇਕ ਲੜਕੀ ਨੂੰ ਛੁਡਾਇਆ ਤੇ ਆਪਣੀ ਧਰਮ ਦੀ ਧੀ ਬਣਾ ਲਿਆ। ਇਕ ਹੋਰ ਲਿਖਤ ਅਨੁਸਾਰ ਕਿਸੇ ਗ਼ਰੀਬ ਬ੍ਰਾਹਮਣ ਦੀਆਂ ਸੁੰਦਰੀ ਤੇ ਮੁੰਦਰੀ ਨਾਂਅ ਦੀਆਂ ਦੋ ਬਹੁਤ ਖ਼ੂਬਸੂਰਤ ਧੀਆਂ ਸਨ, ਜਿਨ੍ਹਾਂ ਦੀ ਮੰਗਣੀ ਹੋ ਚੁੱਕੀ ਸੀ। ਉਸ ਸਮੇਂ ਦੇ ਹਾਕਮ ਦੀ ਨਜ਼ਰੀ ਇਹ ਲੜਕੀਆਂ ਚੜ੍ਹ ਗਈਆਂ ਤੇ ਉਹ ਹਾਕਮ ਦੋਵਾਂ ਭੈਣਾਂ ਤੇ ਮੈਲੀ ਅੱਖ ਰੱਖਣ ਲੱਗ ਪਿਆ। ਦੁੱਲੇ ਭੱਟੀ ਨੇ ਕੁੜੀਆਂ ਦੇ ਵਿਆਹ ਕਰਵਾਉਣ ਦਾ ਵਚਨ ਦਿੱਤਾ। ਲੜਕੀਆਂ ਦੇ ਸਹੁਰੇ ਹਾਕਮਾਂ ਤੋਂ ਡਰਦੇ ਮਾਰੇ ਰਾਤ ਨੂੰ ਵਿਆਹ ਕਰਨ ਲਈ ਕਹਿਣ ਲੱਗੇ। ਦੁੱਲੇ ਭੱਟੀ ਨੇ ਲਾਗਲੇ ਪਿੰਡਾਂ ਵਿਚੋਂ ਦਾਨ ਦੇ ਰੂਪ ਵਿਚ ਗੁੜ, ਸ਼ੱਕਰ, ਬਾਲਣ, ਦਾਣੇ ਇਕੱਠੇ ਕੀਤੇ।

ਲੋਕ ਸੁੰਦਰੀ ਤੇ ਮੁੰਦਰੀ ਦੇ ਵਿਆਹ 'ਤੇ ਇਕੱਠੇ ਹੋਏ। ਦੁੱਲੇ ਭੱਟੀ ਨੇ ਆਪਣੇ ਹੱਥੀਂ ਲੜਕੀਆਂ ਦੇ ਵਿਆਹ ਕੀਤੇ 'ਤੇ ਸੇਰ-ਸੇਰ ਸ਼ੱਕਰ ਪਾਈ। ਉਸ ਦਿਨ ਤੋਂ ਇਸੇ ਤਰ੍ਹਾਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ। ਦੁੱਲਾ ਭੱਟੀ ਏਨਾ ਮਸ਼ਹੂਰ ਹੋ ਗਿਆ ਕਿ ਅੱਜ ਵੀ ਜਦ ਬੱਚੇ ਘਰਾਂ ਵਿਚੋਂ ਲੋਹੜੀ ਮੰਗਦੇ ਹਨ ਤਾਂ ਇਹ ਗੀਤ ਜ਼ਰੂਰ ਗਾਉਂਦੇ ਹਨ।

ਸੁੰਦਰ ਮੁੰਦਰੀਏ-ਹੋ!
ਤੇਰਾ ਕੌਣ ਵਿਚਾਰਾ-ਹੋ!
ਦੁੱਲਾ ਭੱਟੀ ਵਾਲਾ-ਹੋ!
ਦੁੱਲੇ ਨੇ ਧੀ ਵਿਆਈ-ਹੋ!
ਸੇਰ ਸ਼ੱਕਰ ਪਾਈ-ਹੋ!...

ਇਸੇ ਤਰੀਕੇ ਨਾਲ ਜੇ ਆਪਾਂ ਮਾਘੀ ਦੀ ਗੱਲ ਕਰੀਏ ਤਾਂ ਮਾਘ ਮਹੀਨੇ ਦਾ ਪਹਿਲਾ ਦਿਨ ਮਾਘੀ ਮੇਲੇ ਦੇ ਰੂਪ 'ਚ ਮਨਾਇਆ ਜਾਂਦਾ ਹੈ। ਸਿੱਖ ਇਤਿਹਾਸ ਵਿਚ ਇਹ ਦਿਨ ਬੇਹੱਦ ਮਹੱਤਵਪੂਰਨ ਹੈ। ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ 'ਚ ਮਾਘੀ ਮੇਲਾ ਮਨਾਇਆ ਜਾਂਦਾ ਹੈ, ਜਿੱਥੇ ਦੇਸ਼-ਦੁਨੀਆ ਤੋਂ ਸ਼ਰਧਾਲੂ ਸ਼ਰਧਾ ਦੀ ਡੁਬਕੀ ਲਾਉਣ ਪੁੱਜਦੇ ਹਨ। ਬੀਤੇ ਸਮੇਂ ਦੌਰਾਨ ਸ੍ਰੀ ਮੁਕਤਸਰ ਸਾਹਿਬ ਦਾ ਨਾਂ ਖਿਦਰਾਣਾ ਸੀ। ਇਸੇ ਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਹਕੂਮਤ ਵਿਰੁੱਧ ਆਪਣੀ ਆਖਰੀ ਜੰਗ ਲੜੀ, ਜਿਸ ਨੂੰ ਖਿਦਰਾਣੇ ਦੀ ਜੰਗ ਕਿਹਾ ਜਾਂਦਾ ਹੈ। ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1705 ਈ. 'ਚ ਧਰਮ ਯੁੱਧ ਕਰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਤਾਂ ਉਨ੍ਹਾਂ ਨੇ ਦੁਸ਼ਮਣਾਂ ਦੀ ਫੌਜ ਨਾਲ ਜੰਗ ਕਰਦੇ ਹੋਏ ਵੱਖ-ਵੱਖ ਥਾਵਾਂ 'ਤੇ ਮਾਲਵਾ ਦੀ ਧਰਤੀ ਵੱਲ ਰੁਖ ਕੀਤਾ।

ਕੋਟਕਪੂਰੇ ਪੁੱਜ ਕੇ ਗੁਰੂ ਜੀ ਨੇ ਚੌਧਰੀ ਕਪੂਰ ਪਾਸੋਂ ਕਿਲੇ ਦੀ ਮੰਗ ਕੀਤੀ ਪਰ ਮੁਗਲ ਹਕੂਮਤ ਦੇ ਡਰ ਤੋਂ ਚੌਧਰੀ ਕਪੂਰ ਨੇ ਕਿਲਾ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਜੀ ਨੇ ਸਿੱਖ ਸਿਪਾਹੀਆਂ ਸਮੇਤ ਖਿਦਰਾਣੇ ਵੱਲ ਚਾਲੇ ਪਾਏ ਤੇ ਖਿਦਰਾਣੇ ਦੀ ਢਾਬ 'ਤੇ ਜਾ ਪੁੱਜੇ।

ਇੱਥੇ ਪੁੱਜਦਿਆਂ ਹੀ ਦੁਸ਼ਮਣ ਦੀਆਂ ਫੌਜਾਂ ਵੀ ਆ ਗਈਆਂ। ਗੁਰੂ ਜੀ ਅਤੇ 40 ਮਹਾਨ ਸਿੱਖ ਯੋਧਿਆਂ ਨੇ ਜੋ ਕਦੇ ਬੇਦਾਵਾ ਦੇ ਗਏ ਸਨ, ਨੇ ਵੀ ਗੁਰੂ ਜੀ ਨਾਲ ਮਿਲ ਕੇ ਖਿਦਰਾਣੇ ਦੀ ਢਾਬ 'ਤੇ ਮੋਰਚੇ ਕਾਇਮ ਕਰ ਲਏ। ਖਿਦਰਾਣੇ ਦੀ ਢਾਬ ਇਸ ਸਮੇਂ ਸੁੱਕ ਗਈ ਸੀ ਅਤੇ ਆਲੇ-ਦੁਆਲੇ ਝਾੜੀਆਂ ਉੱਗ ਗਈਆਂ ਸਨ। ਇੱਥੇ ਹੀ ਸਿੰਘਾਂ ਨੇ ਆਸਰਾ ਲਿਆ ਸੀ ਅਤੇ ਉਨ੍ਹਾਂ ਮੁਗਲ ਫੌਜ 'ਤੇ ਹਮਲਾ ਕੀਤਾ। ਇਸ ਦੌਰਾਨ ਮੁਗਲ ਫੌਜ ਦੇ ਕਈ ਸਿਪਾਹੀ ਮਾਰੇ ਗਏ ਅਤੇ ਕਈ ਭੱਜ ਗਏ। ਇਸ ਸਮੇਂ ਕਈ ਸਿੰਘ ਵੀ ਸ਼ਹੀਦ ਹੋ ਗਏ। ਇਸੇ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਹਾਂ ਸਿੰਘ ਜੀ ਜੋ ਆਪਣੇ ਸਾਥੀਆਂ ਸਮੇਤ ਅਨੰਦਪੁਰ ਸਾਹਿਬ ਵਿਖੇ ਬੇਦਾਵਾ ਕਰਕੇ ਆਏ ਸਨ ਦੇ ਬੇਦਾਵੇ ਨੂੰ ਪਾੜ ਕੇ ਸਿੰਘਾਂ ਨੂੰ ਮੁਕਤ ਕੀਤਾ।

ਗੁਰੂ ਜੀ ਨੇ ਭਾਈ ਮਹਾਂ ਸਿੰਘ ਜੀ ਨੂੰ ਆਪਣੀ ਗੋਦ 'ਚ ਲੈ ਕੇ ਬੇਦਾਵਾ ਪਾੜ ਦਿੱਤਾ ਅਤੇ ਭਾਈ ਮਹਾਂ ਸਿੰਘ ਜੀ ਨੇ ਇਸੇ ਥਾਂ 'ਤੇ ਸ਼ਹੀਦੀ ਪ੍ਰਾਪਤ ਕੀਤੀ। ਇਸ ਜੰਗ 'ਚ ਮਾਤਾ ਭਾਗ ਕੌਰ ਨੇ ਵੀ ਜੌਹਰ ਵਿਖਾਏ ਅਤੇ ਜ਼ਖਮੀ ਹੋਏ, ਜਿਨ੍ਹਾਂ ਦੀ ਮੱਲ੍ਹਮ ਪੱਟੀ ਗੁਰੂ ਜੀ ਨੇ ਆਪਣੇ ਹੱਥੀਂ ਕੀਤੀ ਅਤੇ ਤੰਦਰੁਸਤ ਹੋਣ ਉਪਰੰਤ ਉਨ੍ਹਾਂ ਨੂੰ ਖਾਲਸਾ ਦਲ 'ਚ ਸ਼ਾਮਲ ਕਰ ਲਿਆ ਸੀ।







# ਸੱਜਣ ਕੁਮਾਰ ਦਾ ਸਿੱਖ ਕਤਲੇਆਮ ਪਿੱਛੋਂ ਕਾਂਗਰਸ ਵਿਚ ਕਿਵੇਂ ਵਧਿਆ ਕੱਦ

ਨਵੀਂ ਦਿੱਲੀ- 23 ਸਤੰਬਰ 1945 ਨੂੰ ਦਿੱਲੀ ਵਿਚ ਜਨਮੇ ਕਾਂਗਰਸੀ ਨੇਤਾ ਸੱਜਣ ਕੁਮਾਰ ਦੇ ਪਰਿਵਾਰ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ । ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿਚ ਉਹ ਚਾਹ ਵੇਚਣ ਦਾ ਕੰਮ ਕਰਦਾ ਸੀ । ਰਾਜਨੀਤੀ ਵੱਲ ਝੁਕਾਅ ਰੱਖਣ ਵਾਲਾ ਸੱਜਣ ਕੁਮਾਰ ਕਾਫੀ ਯਤਨ ਕਰਨ ਪਿੱਛੋਂ ਚਾਹ ਵੇਚਣ ਦੇ ਨਾਲ-ਨਾਲ ਰਾਜਨੀਤੀ ਵਿਚ ਥਾਂ ਬਣਾਉਣ 'ਚ ਸਫ਼ਲ ਹੋ ਗਿਆ । ਹੇਠਲੇ ਪੱਧਰ 'ਤੇ ਕਾਫੀ ਦੇਰ ਤੱਕ ਰਾਜਨੀਤੀ ਵਿਚ ਸਰਗਰਮ ਰਹਿਣ ਪਿੱਛੋਂ 1970 ਦੇ ਲਗਪਗ ਉਹ ਸੰਜੇ ਗਾਂਧੀ ਦੀਆਂ ਨਜ਼ਰਾਂ ਵਿਚ ਆਇਆ ਅਤੇ ਇਸ ਪਿੱਛੋਂ ਉਸ ਨੇ ਬਾਹਰੀ ਦਿੱਲੀ ਇਲਾਕੇ ਤੋਂ ਨਗਰ ਨਿਗਮ ਦੀ ਚੋਣ ਲੜੀ ਅਤੇ ਸਫ਼ਲ ਰਿਹਾ । 1977 ਵਿਚ ਸਮਾਜਿਕ ਕਾਰਕੁਨ ਰਹੇ ਗੁਰੂ ਰਾਧਾ ਕਿਸ਼ਨ ਨੇ ਉਸ ਨੂੰ ਕਾਸਲਰ ਦੀ ਸਹੁੰ ਚੁਕਾਈ ਸੀ । 1980 ਵਿਚ ਉਸ ਨੇ 35 ਸਾਲ ਦੀ ਉਮਰ ਵਿਚ ਚੌਧਰੀ ਬ੍ਰਹਮ ਪ੍ਰਕਾਸ਼ ਜਿਹੜੇ ਦਿੱਲੀ ਦੇ ਪਹਿਲੇ ਮੁੱਖ ਮੰਤਰੀ ਸਨ ਨੂੰ ਮਾਤ ਦਿੰਦੇ ਹੋਏ ਪਹਿਲੀ ਲੋਕ ਸਭਾ ਚੋਣ ਜਿੱਤੀ ਸੀ । ਇਸ ਪਿੱਛੋਂ 1991 ਤੇ 2004 ਵਿਚ ਵੀ ਕੁਮਾਰ ਨੇ ਕਾਂਗਰਸ ਦੀ ਟਿਕਟ 'ਤੇ ਲੋਕ ਸਭਾ ਦੀ ਚੋਣ ਲੜੀ ਤੇ ਜਿੱਤੀ । 1991 ਵਿਚ ਉਸ ਨੇ ਬਾਹਰੀ ਦਿੱਲੀ ਤੋਂ ਭਾਜਪਾ ਦੇ ਸਾਹਿਬ ਸਿੰਘ ਵਰਮਾ ਨੂੰ ਹਰਾਇਆ ਸੀ ਅਤੇ 2004 ਵਿਚ ਵੀ ਉਸ ਨੇ ਬਾਹਰੀ ਦਿੱਲੀ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ ਤੇ ਜਿੱਤੀ ਸੀ ।


## ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 14 ਜਨਵਰੀ 2019 ਨੂੰ 133ਵੇਂ ਜਨਮ ਤੇ ਯਾਦ ਕਰਦਿਆਂ



ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਹਿੰਦੁਸਤਾਨ ਨੂੰ ਫ਼ਰੰਗੀਆਂ ਤੋਂ ਅਜ਼ਾਦ ਕਰਾਉਣ ਲਈ ਅਮਰੀਕਾ ਦੇਸ਼ ਨੂੰ ਅਲਵਿਦਾ ਕਹਿਕੇ ਵਾਪਿਸ ਹਿੰਦੁਸਤਾਨ ਪਹੁੰਚੇ ਸਨ।

ਉਹ ਗ਼ਦਰੀ ਬਾਬਿਆਂ ਦੀ ਕਤਾਰ ਦੇ ਸਿਰਕੱਢ ਸਿਪਾਹੀ ਸਨ। ਕੈਲੇਫੋਰਨੀਆ ਦੇ ਸਨਫਰਾਂਸਿਸਕੋ ਕੇਸ ਜਿਸ ਨੂੰ ਹਿੰਦੂ-ਜਰਮਨ ਸਾਜਿਸ਼ ਕੇਸ (1917-18) ਕਿਹਾ ਜਾਂਦਾ ਹੈ, ਦੇ ਅਹਿਮ ਲੀਡਰ ਸਨ। ਉਹਨਾਂ ਹਿੰਦੁਸਤਾਨ ਵਾਪਿਸ ਜਾ ਕੇ ਅੰਗਰੇਜ਼ ਰਾਜ ਦੇ ਵਿਰੋਧ 'ਚ ਲੁੱਟੇ ਜਾ ਰਹੇ ਲੋਕਾਂ ਨੂੰ ਲਾਮਬੰਦ ਕੀਤਾ।

ਅਸੀਂ ਸਾਰਿਆਂ ਨੂੰ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਜੀ ਦੇ ਜਨਮ ਤੇ ਵਧਾਈਆਂ ਦੇਂਦੇ ਹਾਂ ਅਤੇ ਹਮੇਸ਼ਾ ਯਾਦਾਂ ਦਾ ਹਿੱਸਾ ਬਣਾ ਰੱਖਣ ਦਾ ਵਾਅਦਾ ਕਰਦੇ ਹਾਂ ।

ਵੱਲੋਂ :- ਇੰਡੋ-ਅਮੈਰੀਕਨ ਹੈਰੀਟੇਜ ਫਾਉਂਡੇਸ਼ਨ ਨਿਊਯਾਰਕ


## ਕਾਵਿ ਵਿਅੰਗ ਪੰਜਾਬੀ ਏਕਤਾ?

ਆਏ ਸੀ ਤੂਫਾਨ ਵਾਂਗੂੰ 'ਤੀਸਰਾ ਬਦਲ' ਬਣ
ਪਾਟੋ ਧਾੜੀ ਪਾ ਕੇ ਖਿੱਲੀ ਆਪਣੀ ਉਡਾਈ ਐ।

ਤਿੰਨਾਂ ਵਿਚੋਂ ਕੋਈ ਦਿਲ ਸਕਿਆ ਨਾ ਜਿੱਤ ਯਾਰੋ
ਪੰਜੇ ਝਾੜੂ ਤੱਕੜੀ ਨਿਰਾਸ਼ਤਾ ਵਧਾਈ ਐ।

ਉਨੀ ਦੇ ਨਤੀਜੇ ਕਰ ਦੇਣਗੇ ਭਵਿੱਖਬਾਣੀ
ਕਿਸਦੇ ਲਈ ਤਾਜ ਲੈ ਕੇ ਖੜ੍ਹਾ ਅੱਗੇ 'ਬਾਈ' ਐ।

'ਕਾਲੀ ਟਕਸਾਲੀ ਕਾਂਗਰਸੀ ਹੋਰ ਦੂਜੇ ਤੀਜੇ
ਲੱਗਦੀ ਅਜਬ ਹੋਣੀ ਜੋਰ-ਅਜਮਾਈ ਐ।

ਚਾਹ ਦੇ ਸੜੇ ਹੋਏ ਫੂਕਾਂ ਮਾਰਨ ਗੇ ਲੱਸੀ ਨੂੰ ਵੀ
ਸਮਾਂ ਦੱਸੂ ਲੋਕਾਂ ਦੇ ਕਿੰਨੀ ਕੁ ਮਨ ਭਾਈ ਐ।

ਰਹਿੰਦੀ 'ਬੀਬੀ ਏਕਤਾ' ਪੰਜਾਬੀਆਂ ਤੋਂ ਦੂਰ ਦੂਰ
ਤਦੇ 'ਏਕਤਾ ਪੰਜਾਬੀ' ਖਹਿਰੇ ਖਿੱਚ ਕੇ ਬਣਾਈ ਐ!



ਤਰਲੋਚਨ ਸਿੰਘ ਦੁਪਾਲਪੁਰ
001-408-915-1268



ਪੱਤਰਕਾਰ ਗੁਰਪ੍ਰੀਤ ਸਿੰਘ ਮਹਿਦੂਦਾਂ ਅਤੇ ਜਰਨਲਿਸਟ ਗੁਰਿੰਦਰ ਕੌਰ ਮਹਿਦੂਦਾਂ ਨੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ।



S. Ram Singh S/O S. Gian Singh Elected Sarpanch Gram Panchayat Bharomajara (Shaheed Bhagat Singh Nagar) Punjab, Elected Sarpanch by 605 votes on December 30, 2018

# ਸੰਤ ਸਮਾਜ ਦਾ ਮਿਲਾਪ ਹੋਣ ਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ

## ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਵਾਂਗੇ-ਸੰਤ ਸਮਾਜ

**ਫਗਵਾੜਾ (ਬੀ.ਕੇ.ਰੱਤੂ)–** ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਉਹ ਸੰਤ ਮਹਾਂਪੁਰਸ਼ ਸਨ ਜਿਨ੍ਹਾ ਲੋਕਾਈ ਨੂੰ ਸੱਚ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ। ਅਜੋਕੇ ਸਮੇਂ ਵਿੱਚ ਸਾਨੂੰ ਉਨ੍ਹਾ ਦੇ ਦੱਸੇ ਹੋਏ ਦਰਸ਼ਨ ਮਾਰਗ ਤੇ ਚੱਲ ਕੇ ਆਪਣੇ ਜੀਵਨ ਸਫਲਾ ਬਨਾਉਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਉਚਾਰਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਡੇਰਾ ਸੰਤ ਮੇਲਾ ਰਾਮ ਭਰੋਮਜਾਰਾ ਵਿਖੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਕੀਤਾ। ਉਨ੍ਹਾ ਆਪਣੇ ਪ੍ਰਵਚਨ ਜਾਰੀ ਰੱਖਦਿਆ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਸਾਰਾ ਸੰਤ ਸਮਾਜ ਇਕਜੁੱਟ ਹੋ ਗਿਆ ਹੈ। ਦੱਸਣਯੋਗ ਹੈ ਕਿ 108 ਸੰਤ ਨਰੰਜਣ ਦਾਸ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਸੰਤ ਸਮਾਜ ਦੀ ਮੀਟਿੰਗ ਹੋਈ। ਜਿਸ ਵਿੱਚ ਵੱਖ-ਵੱਖ ਡੇਰਿਆ ਤੋਂ ਸੰਤ ਮਹਾਪੁਰਸ਼ਾਂ ਨੇ ਸ਼ਮੂਲੀਅਤ ਕੀਤੀ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲਈ ਵਿਚਾਰਾ ਹੋਈਆਂ। ਉਪਰੰਤ ਸੰਤ ਨਰੰਜਣ ਦਾਸ ਜੀ ਵਲੋਂ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੂੰ ਸਿਰੋਪਾਓ ਸਨਮਾਨਿਤ ਕੀਤਾ ਅਤੇ ਸੁਸਾਇਟੀ ਵਲੋਂ ਸੰਤ ਨਰੰਜਣ ਦਾਸ ਸੱਚਖੰਡ ਬੱਲਾਂ ਦਾ



ਸਿਰੋਪਾਓ ਨਾਲ ਸਨਮਾਨਿਤ ਕੀਤਾ। ਸੰਤਾਂ ਨੇ ਸਾਂਝੇ ਤੌਰ ਤੇ ਕਿਹਾ ਕਿ 'ਏਕਤਾ ਵਿੱਚ ਬੱਲ ਹੁੰਦਾ ਹੈ' ਇਸ ਲਈ ਸਾਨੂੰ ਸਾਰੇ ਸੰਤ ਮਹਾਪੁਰਸ਼ਾਂ ਨੂੰ ਅਤੇ ਸੰਗਤਾਂ ਨੂੰ ਨਾਲ ਲੈ ਕੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਹੋਰ ਅੱਗੇ ਲਿਜਾਉਣਾ ਚਾਹੀਦਾ ਹੈ ਤਾਂ ਜੋ ਸਾਡਾ ਸਮਾਜ ਹੋਰ ਤਰੱਕੀ ਕਰੇ। ਦੇਸ਼-ਵਿਦੇਸ਼ ਦੀਆਂ ਸੰਗਤਾਂ ਵਲੋਂ ਜਿਥੇ ਸਾਰਿਆ ਦਾ ਧੰਨਵਾਦ ਕੀਤਾ ਉਥੇ ਉਨ੍ਹਾਂ ਉਕਤ ਇਕਜੁੱਟਤਾ ਤੇ ਵਧਾਈ ਦਿੱਤੀ। ਇਸ ਮੌਕੇ 108 ਸੰਤ ਨਰੰਜਣ ਦਾਸ ਡੇਰਾ ਸੱਚਖੰਡ ਬੱਲਾਂ ,ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸੁਸਾਇਟੀ, ਉਪ ਪ੍ਰਧਾਨ ਸੰਤ ਗੁਰਦੀਪ ਗਿਰੀ ਪਠਾਨਕੋਟ, ਚੇਅਰਮੈਨ ਸੰਤ ਮਹਿੰਦਰਪਾਲ ਡੇਰਾ ਬਾਬਾ ਹੰਸ ਰਾਜ ਪੰਡਵਾਂ (ਫਗਵਾੜਾ), ਉਪ ਚੇਅਰਮੈਨ ਸੰਤ ਸ਼ੀਤਲ ਦਾਸ ਕਾਲੇਵਾਲ ਭਗਤਾਂ (ਹੁਸ਼ਿਆਰਪੁਰ), ਜਨਰਲ ਸਕੱਤਰ ਸੰਤ ਨਿਰਮਲ ਸਿੰਘ ਅਵਾਦਾਨ (ਜਲੰਧਰ), ਸਟੇਜ ਸਕੱਤਰ ਸੰਤ ਤਾਰਾ ਚੰਦ ਸੰਧਵਾਂ, ਸਕੱਤਰ ਸੰਤ ਬੇਲਾ ਰਾਮ ਨਰੂੜ ,ਖਜਾਨਚੀ ਸੰਤ ਜਸਵਿੰਦਰ ਸਿੰਘ ਸੱਚਖੰਡ ਡਾਂਡੀਆਂ (ਹੁਸ਼ਿਆਰਪੁਰ), ਸੰਤ ਟਹਿਲ ਨਾਥ ਖੇੜਾ ਪ੍ਰਚਾਰ ਸਕੱਤਰ, ਪ੍ਰੈਸ ਸਕੱਤਰ ਸੰਤ ਜਸਵਿੰਦਰ ਪਾਲ ਪੰਡਵਾਂ, ਸੰਤ ਆਤਮਾ ਦਾਸ ਅਪਰਾ, ਸੰਤ ਗੁਰਮੇਲ ਦਾਸ ਰਹੀਮਪੁਰ, ਸੰਤ ਸ਼ਾਮ ਲਾਲ ਝੰਡੇਰਾਂ, ਸੰਤ ਨਰੇਸ਼ ਗਿਰਿ ਭਗਤਪੁਰਾ ਹੁਸ਼ਿਆਰਪੁਰ, ਸੰਤ ਹਾਕਮ ਦਾਸ ਸੰਧਵਾਂ, ਸੰਤ ਗੁਰਮੀਤ ਦਾਸ ਮੋਰੋਂ ,ਸੰਤ ਮਾਧਵ ਗੋਪਾਲ ਬੰਗਾ, ਸੰਤ ਸਰੂਪ ਨਾਥ ਝਿੱਕਾ, ਸੰਤ ਲੇਖ ਰਾਜ ਨੂਰਪੁਰ, ਸੰਤ ਜਸਵੀਰ ਸਿੰਘ ਪਿੱਪਲ ਮਾਜਰਾ, ਸੰਤ ਦਵਿੰਦਰ ਸਿੰਘ ਅਵਾਦਾਨ, ਸੰਤ ਉਮੈਸ਼ ਦਾਸ ਪ੍ਰੇਮਪੁਰਾ ਫਗਵਾੜਾ, ਸੰਤ ਸੁਖਦੇਵ ਦਾਸ ਚੱਕ ਕਲਾਰ, ਸੰਤ ਜਸਵੀਰ ਸਿੰਘ ਚਮਕੌਰ ਸਾਹਿਬ, ਸੰਤ ਧਰਮਿੰਦਰ ਸਿੰਘ ਲੱਖਣਪਾਲ, ਮਦਨ ਰੰਧਾਵਾਂ, ਜਗਦੀਸ਼ ਘੁੰਮਣ, ਬਾਲ ਕ੍ਰਿਸ਼ਨ ਬਾਲਾ, ਹਰੀਪਾਲ ਪੰਡਵਾ, ਗਿਆਨੀ ਨਾਜਰ ਸਿੰਘ ਜੱਸੋਮਜਾਰਾ ਆਦਿ ਹਾਜਰ ਸਨ।

# ਚਰਨਜੀਤ ਸਿੰਘ ਪੰਨੂ ਦੇ 'ਮਿੱਟੀ ਦੀ ਮਹਿਕ' ਪਾਕਿਸਤਾਨ ਸਫਰਨਾਮਾ ਦੀ ਘੁੰਡ ਚੁਕਾਈ

**ਪਟਿਆਲਾ (ਬਿਊਰੋ)–** ਪੰਜਾਬੀ ਕਹਾਣੀ, ਕਵਿਤਾ, ਨਾਵਲ, ਨਾਟਕ, ਸਫ਼ਰਨਾਮਾ ਦੀਆਂ ਬਾਈ ਪੁਸਤਕਾਂ ਦੇ ਰਚੇਤਾ ਕੈਲੇਫੋਰਨੀਆ ਰਹਿੰਦੇ ਸਾਹਿੱਤਕਾਰ ਚਰਨਜੀਤ ਸਿੰਘ ਪੰਨੂ ਦਾ ਸੱਤਵਾਂ 'ਸਫ਼ਰਨਾਮਾ ਪਾਕਿਸਤਾਨ (ਮਿੱਟੀ ਦੀ ਮਹਿਕ)' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਾਲਾਨਾ ਕਾਨਫਰੰਸ ਵਿਚ ਦੇਸ਼ ਵਿਦੇਸ਼ ਤੋਂ ਆਏ ਸੈਂਕੜੇ ਸਾਹਿਤਕਾਰਾਂ ਦੀ ਹਾਜ਼ਰੀ ਵਿਚ ਰੀਲੀਜ਼ ਕੀਤਾ ਗਿਆ। ਸੰਗਮ ਪਬਲੀਕੇਸ਼ਨ ਵੱਲੋਂ ਛਪਿਆ ਸੱਤਰ ਫ਼ੋਟੋ ਨਾਲ ਸ਼ਿੰਗਾਰਿਆ 368 ਪੰਨੇ ਦਾ ਇਹ ਵੱਡਆਕਾਰੀ ਸਫ਼ਰਨਾਮਾ ਪਾਕਿਸਤਾਨ ਵਿਚਲੀਆਂ ਧਾਰਮਿਕ, ਸਾਹਿੱਤਿਕ, ਤੇ ਇਤਿਹਾਸਕ ਸਿੱਖ ਵਿਰਾਸਤੀ ਯਾਦਗਾਰਾਂ ਦੇ ਦਰਸ਼ਨ ਕਰਾਉਂਦਾ, ਮਿੱਠੀਆਂ ਕੌੜੀਆਂ ਟਿੱਪਣੀਆਂ ਕਰਦਾ ਉਤਸੁਕ ਪਾਠਕਾਂ ਨੂੰ ਆਪਣੇ ਨਾਲ ਤੋਰੀ ਰੱਖਦਾ ਹੈ। ਬਚਿੰਤ ਕੌਰ, ਦਲੀਪ ਕੌਰ ਟਿਵਾਣਾ, ਸੁਰਿੰਦਰ ਸੀਰਤ, ਡਾ. ਮੋਹਣ ਤਿਆਗੀ, ਦਲਵੀਰ ਦਿਲ ਨਿੱਝਰ ਡਾ. ਬੀ ਐਸ. ਘੁੰਮਣ ਵਾਈਸ ਚਾਂਸਲਰ, ਡਾ. ਬਲਕਾਰ ਸਿੰਘ, ਡਾ. ਭੀਮਿੰਦਰ ਸਿੰਘ ਨੇ ਇਸ ਨੂੰ ਰਿਲੀਜ਼ ਕਰਨ ਦੀ ਰਸਮ ਨਿਭਾਈ। ਪੰਜਾਬੀ ਸਾਹਿੱਤ ਸਭਾ ਕੈਲੇਫੋਰਨੀਆ ਦੇ ਸਾਬਕਾ ਪ੍ਰਧਾਨ ਦਲਵੀਰ ਦਿਲ ਨਿੱਝਰ ਅਤੇ ਵਿਸ਼ਵ ਪੰਜਾਬੀ ਸਾਹਿੱਤ ਅਕੈਡਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਲੇਖਕ ਦੀ ਨੁਮਾਇੰਦਗੀ ਕਰਕੇ ਉਸ ਦੀ ਗ਼ੈਰਹਾਜ਼ਰੀ ਦਾ ਘਾਪਾ ਪੂਰਿਆ।

ਡਾ. ਭੀਮਿੰਦਰ ਸਿੰਘ ਅਨੁਸਾਰ ਚਰਨਜੀਤ ਪੰਨੂ ਦੀ ਪਾਕਿਸਤਾਨ ਫੇਰੀ ਦਾ ਇਹ ਨਿਵੇਕਲਾ ਚਿਤਰਨ ਨੀਝ ਤੇ ਰੀਝ ਨਾਲ ਪੜ੍ਹਨ ਤੇ ਗੌਲਣਯੋਗ ਹੈ। ਇਸ ਵਿਚ 1947 ਦੀ



ਭਾਰਤ-ਪਾਕ ਵੰਡ ਦੌਰਾਨ ਹੋਏ ਜਾਨੀ ਤੇ ਮਾਲੀ ਨੁਕਸਾਨ ਦੇ ਵੇਰਵਿਆਂ ਤੇ ਹੇਰਵਿਆਂ ਨੂੰ ਬਹੁਤ ਹੀ ਕਰੁਣਾਮਈ ਢੰਗ ਨਾਲ ਸਿਰਜਿਆ ਗਿਆ ਹੈ। ਇਹ ਸਫ਼ਰਨਾਮਾ ਪੱਛਮੀ ਪੰਜਾਬ ਵਿਚਲੇ ਇਤਿਹਾਸਕ, ਮਿਥਿਹਾਸਿਕ, ਸਭਿਆਚਾਰਕ, ਧਾਰਮਿਕ ਥਾਵਾਂ, ਤੀਰਥਾਂ, ਵਿਚਾਰਾਂ, ਭਾਵਾਂ, ਸੰਕਲਪਾਂ, ਸਿਧਾਂਤਾਂ, ਸਥਾਨਾਂ ਆਦਿ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਲੇਖਕ ਦੀ ਜੰਮਣ ਭੋਂ ਨਾਲ ਜੁੜੀ ਭਾਵੁਕ ਸਾਂਝ ਦੇ ਦਰਸ਼ਨ ਵੀ ਕਰਵਾਉਂਦਾ ਹੈ। ਡਾ. ਚਰਨਜੀਤ ਸਿੰਘ ਗੁਮਟਾਲਾ ਅਨੁਸਾਰ ਆਪਣੇ ਸਫ਼ਰ ਦਾ ਪੂਰਾ ਲਾਹਾ ਲੈਣ ਲਈ ਪਾਕਿਸਤਾਨ ਜਾਣ ਵਾਲੇ ਹਰੇਕ ਯਾਤਰੀ ਨੂੰ ਇਹ ਹਵਾਲਾ ਪੁਸਤਕ ਗਾਈਡ ਵਜੋਂ ਪੜ੍ਹਨੀ ਚਾਹੀਦੀ ਹੈ। ਡਾ. ਜੋਗਿੰਦਰ ਕੈਰੋਂ ਅਨੁਸਾਰ, 'ਇਸ ਲੇਖਣੀ ਵਿਚੋਂ ਪਾਠਕ ਨੂੰ ਘਰ ਬੈਠੇ ਹੀ ਸਮੁੱਚੇ ਪਾਕਿਸਤਾਨ ਦੇ ਦਰਸ ਦੀਦਾਰ ਹੁੰਦੇ ਹਨ। ਲੇਖਕ ਨੇ ਪਾਕਿਸਤਾਨ ਤੇ ਭਾਰਤ ਵਿਚਲੇ ਬਹੁਤ ਹੀ ਸੰਜੀਦਾ ਤੇ ਨਾਜ਼ੁਕ ਮਸਲਿਆਂ ਨੂੰ ਸਮਝਣ ਤੇ ਹੰਘਾਲਨ ਦੀ ਕੋਸ਼ਿਸ਼ ਕੀਤੀ ਹੈ। ਦੋਹਾਂ ਦੇਸ਼ਾਂ ਦੇ ਨਾਗਰਿਕਾਂ ਵਿਚਕਾਰ ਨਜ਼ਦੀਕੀ ਸਮ-ਾਜਿਕ ਤੇ ਸਭਿਆਚਾਰਕ ਸਾਂਝ ਹੋਣ ਦੇ ਬਾਵਜੂਦ ਰਾਜਨੀਤਕ ਵਖਰੇਵੇਂ ਤੇ ਦੂਰੀਆਂ ਉਸ ਨੂੰ ਰੜਕਦੀਆਂ ਹਨ। ਰਵਿਦਾਸ ਜੀ ਦੇ ਬੇਗਮਪੁਰੇ ਵਾਂਗ ਉਸ ਨੇ ਵਿਸ਼ਵ ਭਾਈਚਾਰਕ ਤੇ ਸਰਵ ਸਾਂਝੇ ਮੰਚ ਦਾ ਇੱਕ ਸੁਪਨਾ ਸਿਰਜਿਆ ਹੈ। ਮੈਂ ਉਸ ਦੇ ਨੇਕ ਮਿਸ਼ਨ ਦੀ ਤਾਈਦ ਕਰਦਾ ਹਾਂ। ਉਸ ਦਾ ਇਹ ਸੁਪਨਾ ਸਾਕਾਰ ਹੋਵੇ ਤੇ ਵਾਹਗੇ ਵਾਲੀ ਲਕੀਰ ਮਿਟ ਜਾਵੇ।' ਪਾਕਿਸਤਾਨ ਦੇ ਪ੍ਰਸਿੱਧ ਹਿਸਟੋਰੀਅਨ ਇਕਬਾਲ ਕੈਸਰ ਅਨੁਸਾਰ ਚਰਨਜੀਤ ਸਿੰਘ ਪੰਨੂ ਦੀ ਕਲਮ ਵਿਚ ਅਜੇਹਾ ਬਲ ਹੈ ਕਿ ਉਹ ਆਪਣੇ ਸਫ਼ਰ ਨੂੰ ਇੰਜ ਉਲੀਕਦਾ ਹੈ ਕਿ ਪੜ੍ਹਨ ਵਾਲੇ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਉਹ ਲਿਖਿਆ ਪੜ੍ਹ ਰਿਹਾ ਹੈ ਜਾਂ ਆਪ ਸਫ਼ਰ ਕਰ ਰਿਹਾ ਹੈ। ਇਸ ਦੀ ਇਵਜ਼ੀ ਪੰਜ ਸੌ ਰੂਪੈ, ਵਿਦੇਸ਼ ਵੀਹ ਡਾਲਰ ਰੱਖੀ ਗਈ ਹੈ। ਪ੍ਰਾਪਤ ਕਰਨ ਵਾਸਤੇ ਫ਼ੋਨ ਨੰਬਰ 1+4086084961, 91+9872007176, 91+9815103490 ਤੇ ਸੰਪਰਕ ਕੀਤਾ ਜਾ ਸਕਦਾ ਹੈ। ਲੇਖਕ ਅਨੁਸਾਰ ਗੁਰੂ ਨਾਨਕ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਸ ਪੁਸਤਕ ਦੀਆਂ ਦੋ ਸੌ ਕਾਪੀਆਂ ਮੁਫ਼ਤ ਵੰਡੀਆਂ ਜਾਣੀਆ ਹਨ ਜੋ ਜ਼ਿਆਦਾ ਭਾਰਤ ਤੇ ਪਾਕਿਸਤਾਨ ਦੇ ਪਾਠਕਾਂ ਵਾਸਤੇ ਰਾਖਵੀਆਂ ਹਨ। ਕੈਲੇਫੋਰਨੀਆ ਦੇ ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਖੇ ਐਤਵਾਰ 20 ਜਨਵਰੀ 2019 ਨੂੰ ਇਸ ਪੁਸਤਕ ਦੀ ਮੁਖ ਵਿਖਾਈ ਕੀਤੀ ਜਾਵੇਗੀ।



# SRI GURU RAVIDASS SABHA PITTSBURG (CA)

## 2150 CRESTVIEW DRIVE, Pittsburg CA 94565 Tel: (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਜਨਵਰੀ- ਫਰਵਰੀ ਮਹੀਨੇ ਦੇ ਪ੍ਰੋਗਰਾਮ

*Guru Piari Sadh Sangat Ji,*

Devoted families are requesting entire Sangat to attend the following functions:

**January 20, 2019 Sukhmani Sahib Path and Langar Sewa by Sukhdev Singh Thind**

In memory of his mother, Bhai Sukhdev Singh Thind will be hosting the Sukhmani Sahib Path and Langar Sewa. May Waheguru bless her soul. Please come join him in the Ardaas.

**January 25-26-27, 2019 Barsi Late Commissioner Lahori Ram Ji**

On the event of Late Commissioner Lahori Ram's 10th Barsi, dedicated Ram family will be doing Shri Akhand path Sahib and Langar Sewa in his memory. He was a community leader and one of the founding members of the Gurughar. He served numerous times on the Gurughar committees. Shri Akhand Path will begin on January 25, 2019 and conclude on Sunday January 27, 2019. Family is requesting everyone to come and join them in the Ardaas. May Waheguru keep Ram family in Chardi Kala.

**February 22-23-24, 2019 Gurupurb Sri Guru Ravidass Ji**

Sri Guru Ravidass Sabha CA, Pittsburg is celebrating the 642nd Parkash Utsav of SATGURU RAVIDASS JI on Sunday, February 24, 2019 at the gurughar as per program noted below:

ARAMBH SHRI AKHAND PATH February 22, 2019 (FRIDAY) 9:30 AM

BHOG SHRI AKHAND PATH February 24, 2019 (SUNDAY) 9:30 AM

KIRTAN DIWAN After Bhog Ceremony until 2:00 PM

Sangat will perform Langer, Path and Parshad Sewa for this program. Prominent Kirtani Jathas, distinguished Speakers and community leaders well versed with life and teachings of Satguru will enhance this Kirtan Diwan.

Nishan Sahib Hoisting Ceremony will be held on February 23rd 2019 (Saturday) at 11:00 AM. Ramesh Suman and Bibi Gyan Suman will be doing this sewa.

Entire Sangat is cordially invited to participate in this celebration with family and friends and receive the benign blessings of Sri Guru Ravidass Ji. Satguru Ravidass Ji was a great religious and social reformer. He dedicated his whole life for the welfare of the humanity. Guru Ji preached social harmony and stood against caste discrimination.


ਹਮ ਸਰਿ ਦੀਨੁ ਦਇਆ ਲੁਨ ਤੁਮਸਰਿ ਅਬਪਤੀਆ ਰੁਕਿਆ ਕੀਜੈ॥
ਬਚਨੀ ਤੋਰ ਮੋਰ ਮਨੁਮਾਨੈ ਜਨਕ ਉਪੂਰਨੁ ਦੀਜੈ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa. Please contact President Kashmiri Bhatia at (408)460-0262 or Chairman Ramesh Suman at (925)366-3618 or General Secretary Dilbag Singh at (209)834-4641. We need your help and support. Your contributions will be greatly appreciated.

| Sangat Sewadars | Chairman | President | General Secretary | Treasurer |
| --- | --- | --- | --- | --- |
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |


# ਕੌਮੀ ਸੰਘਰਸ਼ ਨੂੰ ਅੱਗੇ ਤੋਰਨ ਲਈ ਜੱਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਜੀ ਦੇ ਆਦੇਸ਼ਾਂ ਤੇ ਪੰਜ ਮੈਂਬਰੀ ਕਮੇਟੀ ਦਾ ਗਠਨ

**ਲੁਧਿਆਣਾ–** ਸਰਬੱਤ ਖਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਬਰਗਾੜੀ ਮੋਰਚੇ ਦੀ ਸਮਾਪਤੀ ਤੋਂ ਬਾਅਦ ਸਮੁੱਚੇ ਸਿੱਖ ਪੰਥ 'ਚ ਫੈਲੀ ਨਿਰਾਸ਼ਤਾ ਅਤੇ ਜੱਥੇਦਾਰ ਸਾਹਿਬਾਨ 'ਚ ਪੈਦਾ ਹੋਏ ਆਪਸੀ ਵਿਵਾਦ ਦੇ ਮੱਦੇਨਜ਼ਰ ਕੌਮ ਨੂੰ ਅਗਲੇਰੀ ਸੇਧ ਦੇਣ ਲਈ ਅਤੇ ਭਵਿੱਖੀ ਰਣਨੀਤੀ ਘੜਨ ਲਈ ਕੌਮ ਦੇ ਏਕੇ ਦੇ ਹਿੱਤ, ਇੱਕ ਪੰਜ ਮੈਂਬਰੀ ਆਰਜੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ 'ਚ ਸੀਨੀਅਰ ਵਕੀਲ ਅਮਰ ਸਿੰਘ ਚਾਹਲ, ਭਾਈ ਨਰਾਇਣ ਸਿੰਘ ਚੌੜਾ, ਜਸਪਾਲ ਸਿੰਘ ਹੇਰਾਂ, ਪ੍ਰੋ: ਬਲਜਿੰਦਰ ਸਿੰਘ ਅਤੈ ਮਾਸਟਰ ਸੰਤੋਖ ਸਿੰਘ ਦਾਬੇਵਾਲ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਕਮੇਟੀ ਵੱਲੋਂ ਜੱਥੇਦਾਰ ਭਾਈ ਹਵਾਰਾ ਦੇ ਆਦੇਸ਼ ਅਨੁਸਾਰ ਬਰਗਾੜੀ ਮੋਰਚੇ ਦੀਆਂ ਮੰਗਾਂ ਦੀ ਪੂਰਤੀ ਲਈ ਅਗਲੇਰੀ ਰਣਨੀਤੀ ਉਲੀਕਣ ਲਈ ਸਮੁੱਚੀਆਂ ਸਿੱਖ ਜੱਥੇਬੰਦੀਆਂ ਸੰਪਰਦਾਵਾਂ, ਸਾਰੀਆਂ ਪੰਥਕ ਧਿਰਾਂ ਦੇ ਨੁੰਮਾਇੰਦਿਆਂ ਦਾ ਇੱਕ ਪੰਥਕ ਇੱਕਠ 27 ਜਨਵਰੀ ਨੂੰ ਚੰਡੀਗੜ ਦੇ ਗੁਰਦੁਆਰਾ ਸਾਹਿਬ ਸ਼ਾਹਪੁਰ ਸੈਕਟਰ 38 ਸੈਕਟਰ ਬੀ ਨੇੜੇ ਫਾਇਰ ਬ੍ਰਿਗੇਡ ਦਫਤਰ ਵਿਖੇ ਬੁਲਾਇਆ ਗਿਆ ਹੈ। ਜਿਥੈ ਪੰਥਕ ਏਕੇ ਅਤੇ ਬਰਗਾੜੀ ਮੋਰਚੇ ਦੀਆਂ



ਤਿੰਨਾਂ ਮੰਗਾਂ ਦੀ ਪੂਰਤੀ ਲਈ ਅਗਲੇਰੇ ਸੰਘਰਸ਼ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਜਾਵੇਗਾ। ਇਸ ਪੰਥਕ ਇੱਕਠ ਵਿੱਚ ਕੌਮੀਂ ਏਕੇ ਅਤੇ ਬਰਗਾੜੀ ਮੋਰਚੇ ਦੀਆਂ ਮੰਗਾਂ ਸਬੰਧੀ ਹੀ ਵਿਚਾਰ ਚਰਚਾ ਕਰਕੇ ਅਗਲੇਰਾ ਪ੍ਰੋਗਰਾਮ ਐਲਾਨਿਆਂ ਜਾਵੇਗਾ। ਇਸ ਮੌਕੇ ਹਾਜਰ ਭਾਈ ਹਵਾਰਾ ਜੀ ਦੇ ਧਰਮਪਿਤਾ ਭਾਈ ਗੁਰਚਰਨ ਸਿੰਘ ਪਟਿਆਲਾ ਨੇ ਕਿਹਾ ਕਿ ਉਹ 8 ਜਨਵਰੀ ਨੂੰ ਭਾਈ ਹਵਾਰਾ ਨੂੰ ਤਿਹਾੜ ਜੇਲ ਵਿੱਚ ਮਿਲੇ ਸਨ ਜਿਥੇ ਭਾਈ ਹਵਾਰਾ ਨੇ ਉਹਨਾਂ ਨੂੰ ਇਸ ਸਬੰਧੀ ਇੱਕ ਹੱਥ ਲਿਖਤ ਚਿੱਠੀ ਦਿੱਤੀ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਗਿਆ ਕਿ ਬਰਗਾੜੀ ਮੋਰਚੇ ਦੀਆਂ ਹਿਮੈਤੀ ਰਹੀਆਂ ਸਾਰੀਆਂ ਜੱਥੇਬੰਦੀਆਂ ਅਤੇ ਮੋਰਚੇ ਦੇ ਪ੍ਰੰਬਧਕਾਂ ਨੂੰ ਨਾਲ ਲੈ ਕੇ ਸਮੁੱਚੀਆਂ ਸਿੱਖ ਜੱਥੇਬੰਦੀਆਂ ਵੱਲੋਂ ਲਏ ਜਾਣ ਵਾਲੇ ਫੈਸਲੇ ਨੂੰ ਸਿਰੇ ਚੜਾਇਆ ਜਾਵੇਗਾ। ਜੱਥਦਾਰ ਹਵਾਰਾ ਦੀ ਪੰਥਕ ਏਕੇ ਦੀ ਸੋਚ ਅਤੇ ਬਰਗਾੜੀ ਮੋਰਚੇ ਦੀਆਂ ਮੰਗਾਂ ਦੀ ਪੂਰਤੀ 27 ਜਨਵਰੀ ਦੇ ਪੰਥਕ ਇੱਕਠ ਦਾ ਇੱਕੋ ਇੱਕ ਮੰਤਵ ਹੈ। ਇੱਕ ਹੋਰ ਸਵਾਲ ਦੇ ਜਵਾਬ ਵਿੱਚ ਪੰਜ ਮੈਂਬਰੀ ਕਮੇਟੀ ਨੇ ਸਾਫ ਕੀਤਾ ਕਿ ਜਿਹੜੀਆਂ ਧਿਰਾਂ ਨੇ ਬਰਗਾੜੀ ਮੋਰਚੇ ਦੀ ਵਿਰੋਧ ਕੀਤਾ ਸੀ ਉਹਨਾਂ ਨੂੰ ਸੱਦਾ ਪੱਤਰ ਨਹੀ ਭੇਜਿਆ ਜਾਵੇਗਾ। ਇਸ ਸਮੇਂ ਏਹ ਵੀ ਸਪਸ਼ਟ ਕੀਤਾ ਗਿਆ ਕਿ ਪੰਜ ਮੈਂਬਰੀ ਕਮੇਟੀ 27 ਜਨਵਰੀ ਦੇ ਪੰਥਕ ਇੱਕਠ ਲਈ ਹੀ ਕੰਮ ਕਰੇਗੀ ਅਤੇ ਸਾਰੀਆਂ ਧਿਰਾਂ ਨੂੰ ਸੱਦਾ ਪੱਤਰ ਭੇਜੇਗੀ। ਇਸ ਸਮੇਂ ਸੀਨੀਅਰ ਵਕੀਲ ਅਮਰ ਸਿੰਘ ਚਾਹਲ ਨੂੰ ਪੰਜ ਮੈਂਬਰੀ ਕਮੇਟੀ ਦਾ ਬੁਲਾਰਾ ਨਿਯੁਕਤ ਕੀਤਾ ਗਿਆ। ਪ੍ਰੰਬਧਾਂ ਨੂੰ ਅੰਤਿਮ ਛੋਹਾਂ ਦੇਣ ਲਈ ਪੰਜ ਮੈਂਬਰੀ ਕਮੇਟੀ ਦੀ ਅਗਲੀ ਮੀਟਿੰਗ 20 ਜਨਵਰੀ ਨੂੰ ਚੰਡੀਗੜ ਵਿਖੇ ਹੋਵੇਗੀ। ਪੰਜ ਮੈਂਬਰੀ ਕਮੇਟੀ ਨੇ ਸਮੁੱਚੀਆਂ ਪੰਥਕ ਜੱਥੇਬੰਦੀਆਂ, ਪੰਥਕ ਆਗੂਆਂ ਅਤੇ ਬਰਗਾੜੀ ਮੋਰਚੇ ਦੀ ਹਿਤੈਸੀ ਰਹੀ ਸੰਗਤ ਨੂੰ ਅਪੀਲ ਕੀਤੀ ਕਿ ਉਹ 27 ਜਨਵਰੀ ਦੇ ਪੰਥਕ ਇੱਕਠ ਵਿੱਚ ਸ਼ਮੂਲੀਅਤ ਕਰਨ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ। ਇਸ ਮੌਕੇ ਚਰਨਜੀਤ ਸਿੰਘ ਖਾਲਸਾ, ਅੰਮ੍ਰਿਤਪਾਲ ਸਿੰਘ, ਸੁਰਿੰਦਰਜੀਤ ਸਿੰਘ ਸੰਧੂ, ਜਸਵਿੰਦਰ ਸਿੰਘ ਅਤੇ ਹੋਰ ਹਾਜਰ ਸਨ।

## ਸੈਕੰਡਰੀ ਸਕੂਲ ਭੁੱਲਰ ਵਿਖੇ ਲੋਹੜੀ ਮਨਾਈ ਗਈ



**ਬਟਾਲਾ (ਬਰਨਾਲ)–** ਪੰਜਾਬ , ਪੰਜਾਬੀ ਤੇ ਪੰਜਾਬੀ ਸੱਭਿਆਚ ਦੀ ਪਹਿਚਾਨ ਦੇ ਮੱਦੇ ਨਜਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੂੱਲਰ ਵਿਖੇ ਲੋਹੜੀ ਦਾ ਤਿਉਹਾਰ ਮਨਾਂਇਆ ਗਿਆ, ਸਕੂਲ ਪ੍ਰਿੰਸੀਪਲ ਸ ਰਵਿੰਦਰ ਪਾਲ ਸਿੰਘ ਚਾਹਲ ਵੱਲੋ ਵਿਦਿਆਰਥੀਆਂ ਨੂੰ ਲੋਹੜੀ ਦੇ ਤਿਉਹਾਰ ਦੀ ਮਹੱਤਤਾ ਸਬੰਧੀ ਦੱਸਿਆ ਗਿਆ। ਇਸ ਤੋ ਇਲਾਵਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਕਿਹਾ ਪੰਜਾਬ ਦੀ ਪਹਿਚਾਣ ਇਥੋ ਦੇ ਸੱਭਿਆਚਾਰ ਨਾਲ ਹੇ। ਇਸ ਸੱਭਿਆਚਾਰਦੀ ਰਾਖੀ ਵਿਦਿਆਰਥ ਵਰਗ ਤੇ ਪੜੀ ਲਿਖੀ ਜਮਾਤ ਹੀ ਕਰ ਸਕਦੀ ਹੈ। ਹਰ ਪੰਜਾਬੀ ਨੂੰ ਚਾਹੀਦਾ ਹੈ ਕਿ ਪੰਜਾਬੀ ਸੱਭਿਆਚਾਰ ਦੀ ਸੰਭਾਲ ਕਰੇ ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋ ਲੋਹੜੀ ਦੇ ਗੀਤ ਵੀ ਗਾਏ ਗਏ। ਸਕੂਲ ਸਟਾਫ ਵੱਲੋਂ ਭੁੱਗੇ ਦੀ ਰਸਮ ਨੂੰ ਸਮਝਾਇਆ ਗਿਆ। ਇਸ ਮੌਕੇ ਸਮੂਹ ਸਟਾਫ ਮੈਬਰਾਂ ਵਿਚ ਗੁਰਮੀਤ ਸਿੰਘ , ਹਰਜਿੰਦਰ ਸਿੰਘ, ਪਿਆਰਾ ਲਾਲ, ਦਵਿੰਦਰ ਸਿੰਘ, ਨਰਿੰਦਰ ਸਿੰਘ, ਹਰਪ੍ਰੀਤ ਸਿਘ, ਰਾਜਵਿੰਦਰ ਸਿੰਘ, ਮਨਪ੍ਰੀਤ ਸਿੰਘ, ਜਤਿੰਦਰਬੀਰ ਸਿੰਘ, ਅਰੁਣ ਕੁਮਾਰ, ਹਰਦੀਪ ਸਿੰਘ ਦਲਜੀਤ ਸਿੰਘ, ਕੰਵਲਪ੍ਰੀਤ ਕੌਰ, ਰਮਿੰਦਰ ਕੌਰ, ਮਨਇੰਦਰ ਕੌਰ, ਪਰਵਿੰਦਰ ਕੌਰ, ਰੇਖਾ ਸਲਹੋਤਰਾ, ਪੂਜ਼ਾ ਭਾਰਤੀ, ਮਨਿੰਦਰ ਕੌਰ, ਰਮਲ ਬਾਜਵਾ ਆਦਿ ਸਟਾਫ ਮੈਬਰ ਹਾਜਰ ਸਨ।

## ਜਥੇਦਾਰ ਅਲਾਵਲਪੁਰ ਵੱਲੋਂ ਨਵੀ ਪੰਚਾਇਤ ਸਨਮਾਨਿਤ



**ਅਲਾਵਲਪੁਰ (ਮਦਨ ਬੰਗੜ)–** ਸ਼੍ਰੋਮਣੀ ਅਕਾਲੀ ਦਲ ਹਲਕਾ ਆਦਮਪੁਰ ਦੇ ਸਰਕਲ ਪ੍ਰਧਾਨ ਜਥੇਦਾਰ ਹਰਨਾਮ ਸਿੰਘ ਅਲਾਵਲਪੁਰ ਵਲੋਂ ਪਿੰਡ ਦੋਲੀਕੇ ਸੁੰਦਰਪੁਰ ਦੀ ਨਵੀਂ ਪੰਚਾਇਤ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਪਿੰਡ ਦੀ ਪੂਰੀ ਪੰਚਾਇਤ ਬਿਨਾਂ ਕਿਸੇ ਭੇਦਭਾਵ ਤੋਂ ਸਮੁੱਚੇ ਪਿੰਡ ਦੇ ਵਿਕਾਸ ਦੀ ਸੋਚ ਨੂੰ ਅੱਗੇ ਰੱਖ ਕੇ ਪਿੰਡ ਦੇ ਸਰਬਪੱਖੀ ਵਿਕਾਸ ਲਈ ਕੰਮ ਕਰੇਗੀ। ਇਸ ਮੌਕੇ ਸਰਪੰਚ ਰਣਜੀਤ ਕੌਰ ਤੇ ਸਮੂਹ ਪੰਚਾਂ ਨੇ ਯਕੀਨ ਦਿਵਾਇਆ ਕਿ ਉਹ ਧੜੇਬੰਦੀ ਤੋਂ ਉੱਪਰ ਉੱਠ ਕੇ ਪਿੰਡ ਦੀ ਸੇਵਾ ਕਰਨਗੇ ਸਮਾਗਮ ਦੌਰਾਨ ਹਰਮੇਲ ਸਿੰਘ ਮੱਲੀ ਨੰਗਲ, ਪੰਚ ਮਨੋਜ ਕੁਮਾਰ, ਦਲਵੀਰ ਸਿੰਘ ਭੋਗਲ, ਧਨਪਤ ਰਾਏ ਪਿੰਡ ਵਾਸੀ ਤੇ ਪੰਚ ਹਾਜ਼ਰ ਸਨ ।

## ਪੰਜਾਬ ਸਰਕਾਰ ਪੈਨਸ਼ਨਰਜ ਐਸੋਸੇਸ਼ਨ ਦੀ ਮਹੀਨਾਵਾਰ ਮੀਟਿੰਗ



**ਲੁਧਿਆਣਾ–** ਪੰਜਾਬ ਸਰਕਾਰ ਪੈਨਸ਼ਨਰਜ ਐਸੋਸੇਸ਼ਨ ਦੀ ਮਹੀਨਾਵਾਰ ਮੀਟਿੰਗ ਦਰਸ਼ਨ ਸਿੰਘ, ਗੁਰਦਿਆਲ ਸਿੰਘ ਤੇ ਰਜਿੰਦਰ ਸਿੰਘ ਦੀ ਅਗਵਾਈ ਵਿੱਚ ਪੈਨਸ਼ਨ ਭਵਨ ਲੁਧਿਆਣਾ ਵਿਖੇ ਹੋਈ। ਇਸ ਮੋਕੇ ਐਸੋਸੇਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਨੇ ਆਏ ਹੋਏ ਪੈਨਸ਼ਨਰਾਂ ਦੀ ਅਗਵਾਈ ਚ ਕਿਹਾ ਕਿ ਸਰਕਾਰ ਸਾਰੇ ਪੈਨਸ਼ਨਰਾਂ ਦੀਆਂ ਮੰਗਾਂ ਪਹਿਲ ਦੇ ਅਧਾਰ ਤੇ ਹੱਲ ਕਰੇ। ਇਸ ਮੌਕੇ ਅਜੈਬ ਸਿੰਘ, ਜਸਮੇਲ ਸਿੰਘ, ਸੁਰਿੰਦਰ ਸਿੰਘ, ਕੌਰ ਸਿੰਘ, ਬਖਤਾਵਰ ਸਿੰਘ, ਹਰਦੇਵ ਸਿੰਘ ਬੋਪਾਰਾਏ, ਗੋਲਕ ਚੰਦ, ਸਵਰਨ ਸਿੰਘ, ਮਦਨ ਲਾਲ, ਜਗਜੀਤ ਸਿੰਘ ਗਿੱਲ, ਤਾਰਾ ਸਿੰਘ, ਬਲਦੇਵ ਸਿੰਘ, ਭਗਵਾਨ ਸਿੰਘ, ਰਮੇਸ਼ ਚੰਦ, ਨਾਹਰ ਸਿੰਘ, ਕੁਲਵੰਤ ਸਿੰਘ, ਹਰਦਵਾਰੀ ਸ਼ਰਮਾ, ਮਹਿੰਦਰ ਸਿੰਘ, ਮਨਜੀਤ ਸਿੰਘ ਅਤੇ ਸੋਹਣ ਸਿੰਘ ਆਦਿ ਸ਼ਾਮਲ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ













**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸ੍ਰੀ ਸ਼ਾਮਪਾਲ, ਬੀਬੀ ਕਸ਼ਮੀਰ ਕੌਰ ਜੀ ਪਰਿਵਾਰ ਵੱਲੋਂ ਆਪਣੇ ਬੇਟੇ ਬੂਟਾ ਰਾਮ ਦੇ ਇੰਡੀਆ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ 13 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ, ਜਿਸ ਵਿਚ 13 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ, ਭਾਈ ਜਸਵਿੰਦਰ ਸਿੰਘ ਜੀ ਸੈਕਰਾਮੈਂਟੋ ਵਾਲੇ ਜਥਿਆਂ ਨੇ ਹਰਿਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਤੋਂ ਇਲਾਵਾ ਭਾਈ ਗੁਰਦੀਪ ਸਿੰਘ ਹੀਰਾ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਸ਼ਾਮਪਾਲ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

13 ਜਨਵਰੀ ਨੂੰ ਹੀ ਗੁਰੂ ਘਰ ਵਿਖੇ ਸ਼ਾਮ ਦੇ ਦੀਵਾਨਾਂ ਵਿਚ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

14 ਜਨਵਰੀ ਦਿਨ ਸੋਮਵਾਰ ਨੂੰ ਗੁਰੂ ਘਰ ਵਿਖੇ ਮਾਘ ਮਹੀਨੇ ਦੀ ਸੰਗ੍ਰਾਂਦਿ ਦਾ ਪਵਿੱਤਰ ਤਿਉਹਾਰ ਸ਼ਾਮ ਦੇ ਦੀਵਾਨਾਂ ਵਿਚ ਮਨਾਇਆ ਗਿਆ, ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀ ਭਰੀ।

# Remembering Babu Mangu Ram Mugowalia




**Prem K. Chumber**
**Editor-In-Chief: Ambedkar Times & Desh Doaba**

Babu Mangu Ram Mugowalia has become a household name among the SCs of Punjab. He was the main force behind the emergence of historic Ad Dharm movement in the pre-partition Punjab. It was the Ad Dharm movement that paved the way for the emancipation and empowerment of the lowest of the low not only in Punjab, but also became a role model for the radical Dalit movement throughout India. Babu Mangu Ram Mugowalia stood with Babasaheb Dr B.R Ambedkar like a rock during latter's struggle for separate electoral status for the Depressed Classes (later on designated as Scheduled Castes) at the London Round Table conferences. Again it was this very Dalit movement that gave them a counter-public in the form of their distinct religion called 'Ad Dharm'. In the Census of 1931, around half a million SCs returned themselves as followers of the newly established Ad Dharm religion. Another equally great achievement of the Ad Dharm movement was that under the able leadership of Babu Mangu Ram Mugowalia, it contested Punjab Provincial assembly elections in 1937 & 1946, which made the SCs of Punjab equally an important stake-holder in the state legislature, perhaps for the first time in the history of the political power structure of the colonial India. This movement his its headquarters at Jalandhar city and was financially supported by Seth Kishan Das of famous Bottan Mandi where Babasaheb Dr B.R Ambedkar gave his first electoral address on October 27, 1951 as a prelude to the first general election in Independent India. The next day Babasaheb held mock parliamentary at the campus of DAV College Jalandhar where he addressed the students and the faculty together. In fact, the tremendous response to the call of Babasaheb Dr B.R Ambedkar from the politically mature land of Punjab was the direct outcome of the fertile political ground prepared by Babu Mangu Ram Mugowalia. The Ad Dharm movement began its long journey from the first mammoth Jalsa (conference), which was organized at the Ad Dharm school ground of Mahilpur town of Punjab.

Babu Mangu Ram Mugowalia played a dominant role in chiseling the distinct markers of the separate Dalit Qaum identity in Punjab. He restored them their lost heroes, Gurus, rich cultural heritage and brought forth an urge to become rulers themselves. It was this very urge which got further sharpened under the stewardship of Babasaheb Dr B.R Ambedkar. If one has to make sense of Dalit consciousness and Dalit social mobility in Punjab one has to refer to the great pioneer work done by Babu Mangu Ram Mugowalia that he commenced immediately after returning from America after going through hard times at places on foreign lands. The forum of "Ambedkar Times" and "Desh Doaba" offered its floral tribute to Great Ghadri Baba Babu Mangu Ram Mugowalia on this special occasion of his 133rd Birth Anniversary.

**Posted at www.ambedkartimes.com on January 14, 2019**

# ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਦਾ ਵੇਰਵਾ

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ ਦੂਸਰੇ ਸ਼੍ਰੀ ਆਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੇ ਪਰਮ ਸੇਵਕ ਭਾਈ ਸਾਹਿਬ ਭਾਈ ਲਸ਼ਕਰ ਸਿੰਘ ਬੱਧਣ, ਬੀਬੀ ਮੋਹਿੰਦਰ ਕੌਰ ਬੱਧਣ ਪਰਿਵਾਰ ਅਤੇ ਇੰਦਰਜੀਤ ਪੜਵੱਗਾ ,ਬੀਬੀ ਨਰਿੰਦਰ ਪੜਵੱਗਾ ਪਰਿਵਾਰਾਂ ਵਲੋਂ ਹੋਈ ਜੀ। ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵੀ ਇਸੇ ਦਿਵਾਨ ਵਿੱਚ ਮਨਾਏ ਗਏ। 11 ਜਨਵਰੀ ਸ਼ੁੱਕਰਵਾਰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 13 ਜਨਵਰੀ ਐਤਵਾਰ ਦੇ ਦਿਵਾਨਾ ਵਿੱਚ ਭੋਗ ਪਾਏ ਗਏ, ਉਪਰੰਤ ਕੀਰਤਨ ਦਿਵਾਨ ਸਜਾਏ ਗਏ ਜਿਸ ਵਿੱਚ ਭਾਈ ਜਸਪਾਲ ਸਿੰਘ ਜੀ ਦਾ ਹਜ਼ੂਰੀ ਜੱਥੇ ਵਲੋਂ ਅਤੇ ਭਾਈ ਸੁਖਜੀਵਨ ਸਿੰਘ ਜੀ ਦੇ ਜੱਥੇ ਵਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ।

ਸ਼੍ਰੀ ਸਤਵਿੰਦਰ ਦੁੱਗਲ, ਬੀਬੀ ਪਰਵੀਨਾ ਦੁੱਗਲ ਵਲੋਂ ਸਤਿਗੁਰ ਦੀ ਬਖਸ਼ਿਸ਼ ਬੇਟੀ ਲਿਆਨਾ ਦੁੱਗਲ ਦੀ ਲੋਹੜੀ ਦੀ ਸੇਵਾ ਵਿੱਚ

ਇਸੇ ਦਿਨ 13 ਜਨਵਰੀ ਸ਼ਾਮਾਂ ਨੂੰ ਲੋਹੜੀ ਦੇ ਦਿਵਾਨ ਵੀ ਸਜਾਏ ਗਏ ਜਿਸ ਵਿੱਚ ਸ਼੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਲੋਹੜੀ ਦੇ ਸਮਾਗਮ ਦੀ ਸੇਵਾ ਦੁੱਗਲ ਅਤੇ ਵਿਰਕ ਪਰਿਵਾਰ ਵਲੋ ਹੋਈ।

**ਗੁਰੂਘਰ ਦੇ ਅਗਲੇ ਪ੍ਰੋਗਰਾਮਾਂ ਦਾ ਵੇਰਵਾ:**

ਸ਼੍ਰੀ ਅਖੰਡ ਪਾਠਾਂ ਦੀ ਲੜੀ ਦਾ ਤੀਜਾ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਭਾਈ ਸਾਹਿਬ ਬਲਰਾਜ ਸਿੰਘ ਰੰਧਾਵਾ ਬੀਬੀ ਜਸਵਿੰਦਰ ਕੌਰ ਰੰਧਾਵਾ ਪਰਿਵਾਰ ਵਲੋਂ ਹੋ ਰਹੀ ਹੈ।

ਸ਼੍ਰੀ ਅਖੰਡ ਪਾਠ ਜਨਵਰੀ 14 ਸੋਮਵਾਰ ਸਵੇਰੇ 10:30 ਵਜੇ ਆਰੰਭ ਹੋਣਗੇ ਅਤੇ ਬੁੱਧਵਾਰ, ਜਨਵਰੀ 16 ਨੂੰ ਧੁਰ ਕੀ ਬਾਣੀ ਦੇ ਭੋਗ ਸਵੇਰੇ 10:30 ਵਜੇ ਪਏ ਜਾਣਗੇ। ਆਪ ਜੀ ਆਪਣੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਸਾਹਿਤ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ ਜੀ। ਚੌਥੇ ਸ਼੍ਰੀ ਅਖੰਡ (ਸਹਿਜ)ਪਾਠ ਸਾਹਿਬ ਜੀ ਦੇ ਭੋਗ ਜਨਵਰੀ 20 ਐਤਵਾਰ ਦੇ ਦਿਵਾਨਾ (9:30 ਸਵੇਰ ਤੋਂ 1:30 ਸਾਮ) ਵਿੱਚ ਸਵੇਰੇ 10:15 ਵਜੇ ਪਾਏ ਜਾਣਗੇ, ਦੀ ਸੇਵਾ ਗੁਰੂਘਰ ਦੇ ਵਜ਼ੀਰ ਅਤੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਜਸਪਾਲ ਸਿੰਘ ਅਤੇ ਪਰਿਵਾਰ ਵਲੋਂ ਆਪਣੇ ਬੱਚਿਆਂ ਦੇ ਜਨਮ ਦਿਨ ਦੀਆਂ ਖੁਸ਼ੀਆਂ ਵਿਚ ਅਤੇ ਸਰਬੱਤ ਦੇ ਭਲੇ ਲਈ ਹੋ ਰਹੀ ਹੈ। ਆਪ ਜੀ ਆਪਣੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਸਾਹਿਤ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ ਜੀ। ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਅਤੇ ਭਾਈ ਸੁਖਜੀਵਨ ਸਿੰਘ ਜੀ ਦੇ ਜੱਥੇ ਵਲੋਂ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਜਾਵੇਗਾ।

ਗੁਰੂਘਰ ਵਿਖੇ ਨਗਰ ਕੀਰਤਨ ਦੇ ਸਮਾਗਮਾਂ ਨੂੰ ਸਪੌਂਸਰ ਕਰਨ ਲਈ ਸੇਵਾਵਾਂ ਖੁਲੀਆਂ ਹਨ।

ਸੰਪਰਕ: ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ

**ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਗੁਰੂਘਰ ਦੀਆਂ ਨਵੀਆਂ ਬਣਨ ਜਾ ਰਹੀਆਂ ਇਮਾਰਤਾਂ ਲਈ ਆਪਣੀ ਕਿਰਤ ਕਮਾਈ ਵਿਚੋਂ ਯੋਗਦਾਨ ਪਾਉਣ ਅਤੇ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ:**

ਪ੍ਰਬੰਧਕ ਕਮੇਟੀ:

ਸ਼੍ਰੀ ਰਾਜ ਬੱਧਣ ਜੀ (ਮੁੱਖ ਸੇਵਾਦਾਰ)
(916) 601-3842

ਸ਼੍ਰੀ ਇੰਦਰਜੀਤ ਪੜਵੱਗਾ ਜੀ (ਜ. ਸਕੱਤਰ)
(916) 276-2538

ਸ਼੍ਰੀ ਤੇਜਪਾਲ ਵਿਰਕ ਜੀ (ਚੇਅਰਮੈਨ)
(916) 912-5678

















Gurughar Committee and Sangat celebrated Lohari in the Gurughar on Sunday, January 13, 2019. This was the 6th year we celebrated Lohri in Gurughar. Sangat come into Darbar Hall in the evening and joined in the prayer. Giani Gurnam Singh and Ompal Singh, Giani Harjinder Singh Rasia, Bibi Kamaljit Bhatia and Bibi Satnam Kaur did the Shabad Kirtan. Parents of newborn brought their children to celebrate their first LOHRI. Gurughar committee congratulated the families and honored them with SIROPA. Bhai Ramesh Suman, Bibi Gyan Suman and the entire Suman family did the Langar Sewa. After the ARDAS, Makki-di-Roti and Sarson-da-Saag, the traditional Punjabi food was served on this festival.

After Langar, Sangat come out on the patio where Gajak, Rewadi and peanuts were offered to bonefire and shared. Ladies sang some traditional songs and danced on the beat of the DHOL played by a local musician. Seems like LOHRI at Sri Guru Ravidass Temple, Pittsburg is becoming more and more popular every year.

May Waheguru bless His Sangat with joy and prosperity.






















# L.A. MERCHANDISE

Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ

New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Loose Fabrics, Groceries, Blankets, Vegetables

ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99

Bio Bidet Elite 2 $ 39.99+ Tax

ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।

ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

Baksho Kaur Bisla Hardev Singh Bisla

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free


# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਵਿਖੇ ਲੋਹੜੀ ਮਨਾਈ ਗਈ







**ਫਰਿਜ਼ਨੋ-** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਪਿਛਲੇ ਸਾਲਾਂ ਵਾਂਗ ਹਰ ਸਾਲ ਲੋਹੜੀ ਦੇ ਮੌਕੇ ਇਹਨਾਂ ਪਰਿਵਾਰਾਂ ਨੇ ਆਪਣੇ ਲੜਕੇ ਜਾਂ ਲੜਕੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੋਹੜੀ ਮਨਾਉਣ ਦੀ ਖੁਸ਼ੀ ਵਿਚ ਸੰਗਤ ਨੂੰ ਆਪਣੇ ਖੇੜੇ ਵਿਖੇ ਸ਼ਰਧਾ ਨਾਲ ਬੁਲਾਇਆ ਹੈ, ਉਥੇ ਇਹਨਾਂ ਸੰਗਤ ਨਾਲ ਉਸ ਪਰਿਵਾਰ ਦੇ ਘਰ ਜਾ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਪਰਿਵਾਰ ਵੱਲੋਂ ਖੁਸ਼ੀ ਵਿਚ ਦਿੱਤੀ ਜਾਂਦੀ ਰਾਸ਼ੀ ਗੁਰੂ ਘਰ ਦੇ ਲਈ ਹੀ ਵਰਤੀ ਜਾਂਦੀ ਹੈ। ਇਹ ਜਾਣਕਾਰੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਰਾਜਿੰਦਰ ਮੋਮੀ ਜੀ ਨੇ ਅਦਾਰਾ 'ਦੇਸ਼ ਦੁਆਬਾ' ਨਾਲ ਫੋਨ ਤੇ ਸਾਂਝੀ ਕੀਤੀ। ਸ੍ਰੀ ਮੋਮੀ ਚੇਅਰਮੈਨ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਪਰਿਵਾਰ ਚਾਹਵਾਨ ਹੋਵੇ ਤਾਂ ਉਹ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ: ਰਾਜਿੰਦਰ ਮੋਮੀ, ਚੇਅਰਮੈਨ (559) 709-8838, ਕੇਵਲ ਸਿੰਘ, ਪ੍ਰਧਾਨ (559)496-9682, ਬਾਬਾ ਰਾਮ ਸਿੰਘ (559) 486-3091


# TANDOOR Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# 'ਪੰਜਾਬੀ ਬੋਲੀ ਦੀ ਲਿਪੀ ਤੇ ਸਾਹਿਤ ਦਾ ਇਤਿਹਾਸ'



ਪ੍ਰੋ: ਐਚ.ਐਲ.ਕਪੂਰ
001- 916- 587-4002

ਭਾਰਤੀ ਭਾਸ਼ਾਵਾਂ ਦੇ ਖੇਤਰ 'ਚ ਪੰਜਾਬੀ ਭਾਸ਼ਾ ਵੀ ਇਕ ਅਜਿਹੀ ਭਾਸ਼ਾ ਹੈ, ਜਿਸਦਾ ਖੇਤਰ ਇੰਡੋ-ਆਰੀਅਨ ਭਾਸ਼ਾਵਾਂ ਦੇ ਖੇਤਰ ਤੋਂ ਬਾਹਰ ਵੀ ਮਿਲਦਾ ਹੈ। ਇਸ ਦਾ ਦੂਰੋਂ-ਨੇੜਿਉਂ ਸਬੰਧ ਅੰਗਰੇਜ਼ੀ ਭਾਸ਼ਾ ਨਾਲ ਵੀ ਜਾ ਮਿਲਦਾ ਹੈ, ਜਿਹੜੀ ਕਿ ਇੰਡੋ-ਯੂਰਪੀਅਨ ਭਾਸ਼ਾਵਾਂ ਦੇ ਪਰਿਵਾਰ ਨਾਲ ਸਬੰਧ ਰੱਖਦੀ ਹੈ। ਪੰਜਾਬੀ ਭਾਸ਼ਾ ਖਾਸ ਤੌਰ 'ਤੇ ਭਾਰਤੀ ਤੇ ਪਾਕਿਸਤਾਨੀ ਦੋਹਾਂ ਪੰਜਾਬਾਂ 'ਚ ਬੋਲੀ ਜਾਂਦੀ ਹੈ ਤੇ ਦੋਹਾਂ ਹੀ ਪੰਜਾਬਾਂ 'ਚ ਤੇ ਇਹਨਾਂ ਦੇ ਖੇਤਰ ਤੋਂ ਬਾਹਰ ਵੀ ਬੋਲੀ ਤੇ ਲਿਖੀ ਜਾਂਦੀ ਹੈ ਤੇ ਉਨ੍ਹਾਂ ਖੇਤਰਾਂ 'ਚ ਪੰਜਾਬੀ ਦੀਆਂ ਉਪ-ਭਾਸ਼ਾਵਾਂ ਵੀ ਹਨ। ਇਸ ਦਾ ਮੁਹਾਂਦਰਾ ਹਿੰਦੀ ਤੇ ਉਰਦੂ ਦੋਵਾਂ ਨਾਲ ਮਿਲਦਾ-ਜੁਲਦਾ ਹੈ। ਇਹਨਾਂ ਦੋਹਾਂ ਪੰਜਾਬਾਂ ਤੇ ਸੰਸਾਰ ਦੇ ਕਈ ਦੇਸ਼ਾਂ 'ਚ ਇੱਥੋਂ ਦੇ ਕੋਈ 100 ਮਿਲੀਅਨ ਵਸਨੀਕ ਪੰਜਾਬੀ ਭਾਸ਼ਾ ਬੋਲਦੇ ਹਨ।

ਸਾਰੇ ਸੰਸਾਰ 'ਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਲੜੀ 'ਚ ਇਸ ਦਾ 10ਵਾਂ ਸਥਾਨ ਹੈ। ਇਹ ਭਾਰਤ ਦੇ ਪੰਜਾਬ ਸਟੇਟ ਦੀ ਰਾਜ ਭਾਸ਼ਾ ਹੈ। ਪੰਜਾਬ ਤੇ ਹਰਿਆਣਾ ਸਟੇਟ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ 'ਚ ਵੀ ਇਹ ਭਾਸ਼ਾ ਬੋਲੀ ਤੇ ਲਿਖੀ ਜਾਂਦੀ ਹੈ। ਦਿੱਲੀ 'ਚ ਵੀ ਇਹ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦੇ ਨਾਲ ਦਫ਼ਤਰੀ ਭਾਸ਼ਾ ਦੇ ਤੌਰ 'ਤੇ ਪ੍ਰਯੋਗ ਕੀਤੀ ਜਾਂਦੀ ਹੈ ਤੇ ਹਰਿਆਣਾ ਰਾਜ 'ਚ ਇਸ ਨੂੰ ਦੂਸਰੀ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਪੰਜਾਬੀ ਭਾਸ਼ਾ, ਪੰਜਾਬ ਪ੍ਰਾਂਤ ਦੀ ਤੇ ਪਾਕਿਸਤਾਨੀ ਪੰਜਾਬ ਦੀ ਪ੍ਰਾਂਤਿਕ ਭਾਸ਼ਾ ਹੈ। ਭਾਵੇਂ ਪੰਜਾਬੀ ਭਾਸ਼ਾ, ਪਾਕਿਸਤਾਨੀ ਪੰਜਾਬੀਆਂ ਦੀ ਵੱਡੀ ਗਿਣਤੀ 'ਚ ਬੋਲੀ ਜਾਣ ਵਾਲੀ ਭਾਸ਼ਾ ਹੈ ਪਰ ਇਸਦੇ ਫਲਸਰੂਪ ਵੀ ਇਸ ਨੂੰ ਉਥੇ ਰਾਜ ਭਾਸ਼ਾ ਦਾ ਦਰਜਾ ਨਹੀਂ ਦਿੱਤਾ ਗਿਆ। ਪੰਜਾਬੀ ਭਾਸ਼ਾ ਮੱਧ-ਕਾਲੀਨ ਉੱਤਰੀ ਭਾਰਤ ਦੀ ਇਕ ਪ੍ਰਮੁੱਖ ਜਾਨਸ਼ੀਨ ਭਾਸ਼ਾ ਹੈ, ਇਸ ਨੂੰ ਉਸ ਸਮੇਂ ਸੌਰਸੈਨੀ ਪ੍ਰਾਕ੍ਰਿਤ ਭਾਸ਼ਾ ਕਿਹਾ ਜਾਂਦਾ ਸੀ। ਇਸ ਸਮੇਂ ਇਸ ਦਾ ਇਹ ਵੈਦਿਕ-ਭਾਸ਼ਾ (ਸੰਸਕ੍ਰਿਤ) 'ਚੋਂ ਪਰਿਵਰਤਿਤ ਹੋਇਆ, ਪੰਜਾਬੀ ਦਾ ਸੁਤੰਤਰ ਸੌਰਸੈਨ ਅੱਪਭ੍ਰੰਸ਼ਿਕ ਰੂਪ ਬਣ ਜਾਂਦਾ ਹੈ, ਜਿਹੜਾ ਕਿ ਆਧੁਨਿਕ ਪੰਜਾਬੀ ਦੇ ਸਰਲ ਰੂਪ ਦੇ ਬਹੁਤ ਨਜ਼ਦੀਕ ਲੱਗਦਾ ਹੈ। ਇਹ ਆਮ ਲੋਕਾਂ ਦੇ ਬੋਲਚਾਲ ਦੀ ਅੱਪਭ੍ਰੰਸ਼ਿਕ ਬੋਲੀ, ਪੰਜਵੀਂ ਈਸਵੀ ਸਦੀ 'ਚ ਪੰਜਾਬੀ ਦੇ ਪ੍ਰਾਕ੍ਰਿਤਕ ਰੂਪ ਦੀ ਉਪ-ਬੋਲੀ ਸੀ। ਸੰਸਕ੍ਰਿਤ ਹਮੇਸ਼ਾ ਹੀ ਵਿਦਵਾਨ ਤੇ ਪੜ੍ਹੇ-ਲਿਖੇ ਲੋਕਾਂ ਦੀ ਬੋਲੀ ਰਹੀ ਹੈ। ਇਹ ਕਦੀ ਵੀ, ਕਿਸੇ ਵੀ ਦੌਰ 'ਚ ਆਮ ਲੋਕਾਂ ਦੀ ਬੋਲੀ ਨਹੀਂ ਬਣੀ। ਜਦੋਂ ਈਸਾ ਤੋਂ ਕੋਈ 1500 ਸੌ ਸਾਲ, ਯਾਨਿ ਕਿ ਅੱਜ ਤੋਂ ਕੋਈ 3500 ਸਾਲ ਪਹਿਲਾਂ ਸੰਸਕ੍ਰਿਤ ਭਾਸ਼ਾ 'ਚ ਉੱਤਰੀ ਭਾਰਤ ਦੇ ਖੇਤਰ 'ਚ 'ਰਿਗ ਵੇਦ' ਲਿਖਿਆ ਗਿਆ, ਉਸ ਸਮੇਂ ਇਸ ਖਿੱਤੇ ਦੇ ਆਮ ਲੋਕਾਂ ਦੀ ਬੋਲੀ ਪ੍ਰਾਕ੍ਰਿਤ ਸੀ। ਕਾਫ਼ੀ ਸਮਾਂ ਬਾਅਦ ਜਦੋਂ ਪ੍ਰਾਕ੍ਰਿਤ ਵਿਦਵਾਨ ਲੋਕਾਂ ਦੀ ਬੋਲੀ ਬਣ ਗਈ ਤਾਂ ਉਸ ਸਮੇਂ ਸੌਰਸੈਨੀ ਅਪਭ੍ਰੰਸ਼ ਆਮ ਲੋਕਾਂ ਦੀ ਬੋਲੀ ਵਜੋਂ ਵਰਤੀ ਜਾਣੀ ਆਰੰਭ ਹੋ ਗਈ ਤੇ ਜਦੋਂ ਅਪਭ੍ਰੰਸ਼ ਵਿਦਵਾਨਾਂ ਦੀ ਬੋਲੀ ਬਣ ਗਈ ਤਾਂ ਉਸ ਤੋਂ ਬਾਅਦ ਪੰਜਾਬੀ ਤੇ ਹਿੰਦੀ ਆਰੰਭ ਹੋ ਗਈ। ਇਸ ਤਰ੍ਹਾਂ ਪੰਜਾਬੀ ਤੇ ਹਿੰਦੀ ਬੋਲੀ ਦੋਹਾਂ ਦਾ ਅੱਗੜ-ਪਿੱਛੜ ਜਾਣੀ ਪੰਜਾਬੀ ਬੋਲੀ ਦਾ ਪਹਿਲਾ ਤੇ ਹਿੰਦੀ ਦਾ ਵਿਕਾਸ ਥੋੜ੍ਹਾ ਸਮਾਂ ਬਾਅਦ 'ਚ ਹੋਇਆ। ਬੋਲੀ 'ਚ ਹਮੇਸ਼ਾ ਵਿਕਾਸ ਤੇ ਪਰਿਵਰਤਨ ਆਉਂਦਾ ਰਹਿੰਦਾ ਹੈ ਤੇ ਹਮੇਸ਼ਾ ਆਉਂਦਾ ਵੀ ਰਹੇਗਾ।

ਗਿਆਰਵੀਂ-ਬਾਰਵੀਂ ਸਦੀ ਤੱਕ ਪਹੁੰਚਦਿਆਂ ਕਈ ਪ੍ਰਾਚੀਨ ਰਹੱਸਵਾਦੀ ਸੂਫ਼ੀ ਲੇਖਕਾਂ ਜਿਨ੍ਹਾਂ 'ਚ ਬਾਬਾ ਸ਼ੇਖ ਫ਼ਰੀਦ ਜੀ ਦਾ ਨਾਂ ਪ੍ਰਮੁੱਖ ਤੌਰ 'ਤੇ ਲਿਆ ਜਾ ਸਕਦਾ ਹੈ ਤੇ ਬਾਅਦ 'ਚ ਗੁਰੂ ਨਾਨਕ ਦੇਵ ਜੀ ਜੋ ਸਿੱਖ ਧਰਮ ਦੇ ਪਹਿਲੇ ਗੁਰੂ ਸਨ, ਨੇ ਪੰਜਾਬੀ ਭਾਸ਼ਾ 'ਚ ਸਾਹਿਤਕ ਰਚਨਾ ਆਰੰਭ ਕੀਤੀ। ਪੰਜਾਬੀ ਸਾਹਿਤ ਦੇ ਇਤਿਹਾਸ ਦੇ ਆਰੰਭਕ ਦੌਰ ਦਾ ਜ਼ਿਆਦਾ ਸਾਹਿਤ ਮੌਖਿਕ ਜਾਂ ਜਬਾਨੀ ਹੀ ਰਚਿਆ ਤੇ ਯਾਦ ਰੱਖਿਆ ਜਾਂਦਾ ਸੀ ਤੇ ਉਹ ਰਚਾਇਤਾ ਆਪ ਤੇ ਆਪਣੇ ਚੇਲਿਆਂ ਨੂੰ ਵੀ ਮੌਖਿਕ ਸਾਹਿਤ ਜ਼ਬਾਨੀ ਯਾਦ ਕਰਵਾ ਦਿੰਦਾ ਸੀ, ਜਿਹੜਾ ਕਿ ਇਸ ਦਾ ਇਕ ਬੜਾ ਅਮੀਰ ਖ਼ਜ਼ਾਨਾ ਸੀ ਤੇ ਜ਼ਿਆਦਾਤਰ ਸਿਧਾਂਤਕ ਤੌਰ 'ਤੇ ਇਹ ਅਧਿਆਤਮਕ ਸਾਹਿਤ ਹੀ ਹੁੰਦਾ ਸੀ। ਕਈ ਵਾਰ ਮੌਖਿਕ ਸਾਹਿਤ ਰਚਣ ਤੇ ਯਾਦ ਕਰਨ ਵਾਲੇ ਵਿਅਕਤੀ ਦੀ ਮੌਤ ਹੋ ਜਾਣ 'ਤੇ ਉਸ ਰਚੇ ਹੋਏ ਮੌਖਿਕ ਸਾਹਿਤ ਦੀ ਵੀ ਨਾਲ ਹੀ ਮੌਤ ਹੋ ਜਾਂਦੀ ਸੀ। ਸੰਨ 1600 ਤੋਂ 1850 ਤੱਕ ਕਈ ਮੁਸਲਮਾਨ ਸੂਫ਼ੀ, ਸਿੱਖ ਤੇ ਹਿੰਦੂ ਪੰਜਾਬੀ ਲਿਖਾਰੀਆਂ ਨੇ ਪੰਜਾਬੀ ਸਾਹਿਤ ਦੀ ਬਹੁਤ ਵਧੀਆ ਰਚਨਾ ਕੀਤੀ। ਮੁਸਲਮਾਨ ਸੂਫ਼ੀ ਲਿਖਾਰੀਆਂ 'ਚੋਂ ਬਾਬਾ ਬੁੱਲ੍ਹੇ ਸ਼ਾਹ ਬਹੁਤ ਮਸ਼ਹੂਰ ਨਾਮ ਹੈ, ਜਿਨ੍ਹਾਂ ਨੇ ਮੁਸਲਮਾਨ ਸ਼ਰੀਅਤ ਦੇ ਖ਼ਿਲਾਫ਼ ਪੰਜਾਬੀ ਭਾਸ਼ਾ 'ਚ ਕਾਫ਼ੀ ਸਾਹਿਤ ਰਚਿਆ। ਉਹ ਇਸਲਾਮ ਧਰਮ ਦੀ ਸ਼ਰ੍ਹਾ 'ਚ ਵਿਸ਼ਵਾਸ ਨਹੀਂ ਰੱਖਦੇ ਸਨ। ਪੰਜਾਬੀ ਬੋਲੀ ਦੀਆਂ ਵੱਖ-ਵੱਖ ਉਪ-ਭਾਸ਼ਾਵਾਂ 'ਚ ਪੰਜਾਬ ਦੇ ਵੱਖ-ਵੱਖ ਖਿੱਤਿਆਂ 'ਚ ਅਜਿਹਾ ਸਾਹਿਤ ਰਚਿਆ ਗਿਆ, ਉਹਨਾਂ ਉਪ-ਭਾਸ਼ਾਵਾਂ ਦੇ ਨਾਮ ਇਸ ਤਰ੍ਹਾਂ ਹਨ:- ਮਾਝੀ, ਝਾਂਗੀ ਜਾਂ ਰਚਨਾ ਵੀ, ਸ਼ਾਹਮੁਖੀ, ਪੋਠੋਹਾਰੀ, ਹਿੰਦਕੋ, ਮਲਵਈ, ਦੁਆਬੀ ਤੇ ਪੁਆਧੀ ਹਨ।

ਜ਼ਿਆਦਾਤਰ ਦੋ ਲਿਪੀਆਂ 'ਚ ਪੰਜਾਬੀ ਸਾਹਿਤ ਰਚਿਆ ਗਿਆ। ਪੰਜਾਬੀ ਬੋਲਦੇ ਮੁਸਲਮਾਨ ਲਿਖਾਰੀ ਜ਼ਿਆਦਾਤਰ ਸ਼ਾਹਮੁਖੀ (ਪਰਸੋ-ਅਰਬਿਕ ਲਿਪੀ ਜਿਹੜੀ ਕਿ ਸੱਜੇ ਤੋਂ ਖੱਬੇ ਵੱਲ ਲਿਖੀ ਜਾਂਦੀ ਹੈ) ਲਿਖਦੇ ਸਨ। ਪੰਜਾਬੀ ਬੋਲਦੇ ਸਿੱਖ ਲਿਖਾਰੀ ਜ਼ਿਆਦਾਤਰ ਪੰਜਾਬੀ ਸਾਹਿਤ ਗੁਰਮੁਖੀ ਲਿਪੀ (ਸਿੱਖ ਗੁਰੂ ਸਾਹਿਬਾਨ ਨੇ ਆਪਣਾ ਪੰਜਾਬੀ ਸਾਹਿਤ ਬ੍ਰਹਮੀ ਲਿਪੀ 'ਚ ਲਿਖਿਆ ਪਰ ਪਹਿਲੀ ਵਾਰ ਇਸ ਲਿਪੀ ਦੀ ਵਰਤੋਂ ਗੁਰੂ ਸਾਹਿਬਾਨ ਵੱਲੋਂ ਕਰਨ ਕਰਕੇ ਇਸ ਲਿਪੀ ਨੂੰ ਗੁਰਮੁਖੀ ਲਿਪੀ ਕਿਹਾ ਜਾਣ ਲੱਗ ਪਿਆ) ਲਿਖਦੇ ਸਨ। ਇਸ ਲਿਪੀ ਦਾ ਗੁਰੂ ਅੰਗਦ ਦੇਵ ਜੀ ਨੇ ਕਾਫ਼ੀ ਵਿਕਾਸ ਕੀਤਾ। ਪੰਜਾਬੀ ਤੇ ਗੁਰਮੁਖੀ ਨੂੰ ਦੋ ਵੱਖ-ਵੱਖ ਭਾਸ਼ਾਵਾਂ ਦੇ ਤੌਰ 'ਤੇ ਸਮਝਿਆ ਜਾਂਦਾ ਹੈ। ਇਕ ਉਹ ਪੰਜਾਬੀ ਭਾਸ਼ਾ ਹੈ ਜੋ ਆਮ ਲੋਕਾਂ ਦੀ ਬੋਲਚਾਲ ਦੀ ਬੋਲੀ ਹੈ ਤੇ ਦੂਸਰੀ ਉਹ ਭਾਸ਼ਾ ਹੈ, ਜਿਸ ਭਾਸ਼ਾ 'ਚ 'ਗੁਰੂ ਗ੍ਰੰਥ' ਸਾਹਿਬ ਦੀ ਰਚਨਾ ਹੋਈ ਹੈ ਤੇ ਗੁਰਮੁਖੀ ਇਸ ਦੀ ਲਿਪੀ ਹੈ। ਗੁਰਮੁਖੀ ਲਿਪੀ ਜਿਹੜੀ ਕਿ ਬ੍ਰਹਮੀ ਲਿਪੀ 'ਚੋਂ ਲਈ ਗਈ ਹੈ, ਜਿਸ ਨੂੰ ਮਹਾਰਾਜਾ ਅਸ਼ੋਕ ਨੇ ਆਪਣੀ ਰਾਜ ਭਾਸ਼ਾ ਵਜੋਂ ਆਪ ਆਦੇਸ਼ਾਂ ਨੂੰ ਭੇਜਣ ਲਈ ਅਪਣਾਇਆ ਸੀ ਤੇ ਗੁਰੂ ਸਾਹਿਬ ਦ ਇਸ ਲਿਪੀ ਦੇ ਅੱਖਰਾਂ ਨੂੰ ਪ੍ਰਯੋਗ ਕਰਨ ਤੋਂ ਬਹੁਤ ਸਮਾਂ ਪਹਿਲਾਂ, ਇਹ ਬ੍ਰਹਮੀ ਲਿਪੀ ਭਾਰਤ ਦੇ ਉੱਤਰੀ ਖੇਤਰ 'ਚ ਪ੍ਰਚੱਲਿਤ ਸੀ।

**ਪੰਜਾਬੀ ਸਾਹਿਤ-** ਪੰਜਾਬੀ ਸਾਹਿਤ ਦਾ ਇਤਿਹਾਸ ਕੋਈ ਬਹੁਤ ਪੁਰਾਣਾ ਨਹੀਂ ਹੈ, ਭਾਵੇਂ ਡਾ. ਮੋਹਨ ਸਿੰਘ ਦੀਵਾਨਾ ਆਪਣੀ ਪੁਸਤਕ 'ਐਨਇੰਟਰੋਡਕਸ਼ਨ ਟੂ ਦੀ ਸਟੱਡੀ ਆਫ਼ ਪੰਜਾਬੀ ਲਿਟਰੇਚਰ' 'ਚ ਪੰਜਾਬੀ ਸਾਹਿਤ ਦੀਆਂ ਅੱਠਵੀਂ ਸਦੀ ਦੀਆਂ ਯੋਗੀਆਂ-ਨਾਥਾਂ ਦੇ ਕਾਲ ਦੀਆਂ ਕਾਵਿਕ ਰਚਨਾਵਾਂ ਤੋਂ ਆਰੰਭ ਹੋਇਆ ਦੱਸਦਾ ਹੈ ਤੇ ਆਪਣੀ ਇਸ ਇਤਿਹਾਸ ਦੀ ਪੁਸਤਕ 'ਚ ਕਵਿਤਾ ਤੇ ਭਜਨਾਂ ਆਦਿ ਦੇ ਨਮੂਨੇ ਵੀ ਪੇਸ਼ ਕਰਦਾ ਹੈ ਤੇ ਇਹ ਵੀ ਕਹਿੰਦਾ ਹੈ ਕਿ ਪੰਜਾਬੀ ਭਾਸ਼ਾ ਇਕ ਪ੍ਰਾਚੀਨ ਭਾਸ਼ਾ ਹੈ। ਪੰਜਾਬੀ ਸਾਹਿਤ ਨੂੰ ਲਿਖਣ ਲਈ ਦੋ ਵੱਖ-ਵੱਖ ਲਿਪੀਆਂ ਸ਼ਾਹਮੁਖੀ ਤੇ ਗੁਰਮੁਖੀ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰਮੁਖੀ ਲਿਪੀ ਦਾ ਆਧਾਰ ਦੇਵ ਨਾਗਰੀ (ਜਿਹੜੀ ਕਿ ਬ੍ਰਹਮੀ ਲਿਪੀ ਦਾ ਹੀ ਰੂਪ ਹੈ ਤੇ ਸੰਸਕ੍ਰਿਤ ਭਾਸ਼ਾ ਇਸੇ ਹੀ ਲਿਪੀ 'ਚ ਲਿਖੀ ਜਾਂਦੀ ਹੈ) ਲਿਪੀ ਹੈ। ਸਿੱਖ ਧਰਮ ਦੇ 'ਆਦਿ ਗ੍ਰੰਥ' ਜਿਸ ਨੂੰ 'ਗੁਰੂ ਗ੍ਰੰਥ' ਸਾਹਿਬ ਵੀ ਕਿਹਾ ਜਾਂਦਾ ਹੈ, ਜਿਹੜਾ ਕਿ ਮੱਧਕਾਲੀਨ (ਮੱਧ ਯੁੱਗ) ਸਮੇਂ 'ਚ ਪੰਜਾਬੀ ਭਾਸ਼ਾ 'ਚ ਲਿਖਿਆ ਗਿਆ ਦੀ ਲਿਪੀ ਗੁਰਮੁਖੀ ਲਿਪੀ ਹੈ। ਸਿੱਖ ਧਰਮ ਦਾ ਇਹ ਗ੍ਰੰਥ ਕੋਈ ਬਹੁਤ ਪੁਰਾਤਨ ਸਮਿਆਂ 'ਚ ਨਹੀਂ ਲਿਖਿਆ ਗਿਆ। 'ਗੁਰੂ ਗ੍ਰੰਥ' ਸਾਹਿਬ 'ਚ ਪੰਜਾਬੀ ਸਾਹਿਤ ਦੇ ਮਸ਼ਹੂਰ ਕਵੀ ਬਾਬਾ ਸ਼ੇਖ ਫ਼ਰੀਦ (1173-1266 ਈਸਵੀ) ਜੀ ਦੇ 112 ਸ਼ਲੋਕ ਦਰਜ ਹਨ ਤੇ 'ਇਕਾਦਸ਼ੀ ਮਹਾਤਮ' ਜਿਹੜੀ ਕਿ ਵਾਰਤਕ ਦੀ ਰਚਨਾ ਹੈ, ਪੰਜਾਬੀ ਸਾਹਿਤ ਦੀਆਂ ਪੁਰਾਤਨ ਰਚਨਾਵਾਂ ਹਨ।

ਮੱਧ ਯੁੱਗ 'ਚ ਬਾਹਰੀ ਅਫਗਾਨੀ ਹਮਲਿਆਂ ਤੇ ਭਾਰਤ ਦੇ ਅੰਦਰੂਨੀ ਰਾਜਿਆਂ ਦੀਆਂ ਆਪਸੀ ਲੜਾਈਆਂ ਦੇ ਬਾਵਜੂਦ ਵੀ ਪੰਜਾਬ ਸਾਹਿਤ ਦੀ ਉਤਪੱਤੀ ਤੇ ਵਿਕਾਸ 'ਚ ਹੌਲੀ-ਹੌਲੀ ਵਾਧਾ ਹੁੰਦਾ ਗਿਆ ਤੇ ਉਹ ਇਕ ਪ੍ਰਤੱਖ ਨਵੇਂ ਮੁਕਾਮ 'ਤੇ ਪਹੁੰਚ ਗਿਆ, ਜਦੋਂ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਨੇ ਪੰਜਾਬੀ ਸਾਹਿਤ ਦੇ ਵਿਕਾਸ 'ਚ ਆਪਣੀਆਂ ਮਹਾਨ ਰਚਨਾਵਾਂ ਰਾਹੀਂ ਬੜਾ ਵੱਡਾ ਯੋਗਦਾਨ ਪਾਇਆ। ਗੁਰੂ ਅਰਜਨ ਦੇਵ ਜੀ (1563-1606) ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਦਸਵੇਂ ਤੇ ਆਖਰੀ ਗੁਰੂ ਗੋਬਿੰਦ ਸਿੰਘ ਜੀ (1666-1708) ਨੇ ਪੁਰਾਣੀ ਹਿੰਦੀ 'ਚ ਕਈ ਧਾਰਮਿਕ ਰਚਨਾਵਾਂ ਕੀਤੀਆਂ ਤੇ ਪੰਜਾਬੀ ਭਾਸ਼ਾ 'ਚ 'ਚੰਡੀ ਦੀ ਵਾਰ' ਲਿਖੀ ਜਿਹੜੀ ਕਿ ਦੁਰਗਾ ਦੀ, ਦੈਂਤਾਂ ਤੇ ਰਾਖਸ਼ਾਂ 'ਤੇ ਜਿੱਤ ਦਾ ਪ੍ਰਤੀਕ ਹੈ ਤੇ ਇਸ ਤੋਂ ਇਲਾਵਾ ਪੰਜਾਬੀ 'ਚ ਇਕ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵੀ ਲਿਖੇ। 'ਗੁਰੂ ਗ੍ਰੰਥ' ਸਾਹਿਬ ਦੀ ਸੰਪਾਦਨਾ ਕਰਕੇ ਮੱਧ ਯੁੱਗ ਦੇ 17ਵੀਂ ਸਦੀ ਦੇ ਕਾਲ ਨੂੰ 'ਗੁਰੂ ਗ੍ਰੰਥ' ਸਾਹਿਬ ਦੀ ਸੰਪਾਦਨਾ ਤੇ ਗੁਰੂਆਂ ਦੇ ਪੰਜਾਬੀ ਭਾਸ਼ਾ ਲਈ ਕੀਤੇ ਗਏ ਰਚਨਾਤਮਕ ਕੰਮਾਂ ਨੂੰ ਜਿਸ ਦਾ ਕੋਈ ਦੋ ਸੌ ਸਾਲ ਦਾ ਸਮਾਂ ਬਣਦਾ ਹੈ, ਦੇ ਕਾਰਨ 'ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸੁਨਹਿਰੀ ਯੁੱਗ' ਕਿਹਾ ਜਾਂਦਾ ਹੈ। ਇਸ ਸਮੇਂ ਦੀ ਜ਼ਿਆਦਾਤਰ ਰਚਨਾ ਵਾਰਤਕ ਦੇ ਰੂਪ 'ਚ ਹੈ, ਜਿਸ ਦਾ ਮੂਲ ਰੂਪ ਸੁਭਾਅ ਧਾਰਮਿਕਤਾ ਦਾ ਹੀ ਹੈ। ਇਸ ਸਮੇਂ ਦਾ ਜ਼ਿਆਦਾਤਰ ਵਾਰਤਕ ਸਾਹਿਤ ਜਨਮ ਸਾਖੀਆਂ, ਵਚਨ, ਸਾਖੀਆਂ, ਪਰਮਾਰਥ, ਪਰਚੀਆਂ, ਉਥਾਨਕਾਵਾਂ ਤੇ ਗੋਸ਼ਟਾਂ ਦੇ ਰੂਪ 'ਚ ਹੈ। ਇਹ ਵਾਰਤਕ ਸਾਹਿਤ ਜ਼ਿਆਦਾਤਰ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਸਿੱਖਿਆਵਾਂ ਤੇ ਗੁਰੂ ਨਾਨਕ ਸਾਹਿਬ ਦੀ ਜੀਵਨੀ ਤੋਂ ਆਰੰਭ ਹੁੰਦਾ ਹੈ। ਇਸ ਸਮੇਂ 'ਚ ਧਾਰਮਿਕ ਵਾਰਾਂ ਪ੍ਰਮਾਤਮਾ ਦੀ ਸਿਫਤ-ਸਲਾਹ 'ਚ ਤੇ ਕਈ ਵੀਰ ਰਸੀ ਵਾਰਾਂ ਰਾਜਿਆਂ ਤੇ ਉਹਨਾਂ ਦੇ ਯੋਧਿਆਂ ਦੀਆਂ ਬਹਾਦਰੀ ਸਬੰਧੀ ਵੀ ਲਿਖੀਆਂ ਗਈਆਂ ਹਨ।

ਮੁਸਲਮਾਨ ਲਿਖਾਰੀਆਂ ਨੇ 1600 ਤੋਂ 1850 ਦੇ ਸਮੇਂ ਦਰਮਿਆਨ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ। ਇਸੇ ਸਮੇਂ ਦੌਰਾਨ ਬਹੁਤ ਸਾਰੇ ਹਿੰਦੂ ਤੇ ਸਿੱਖ ਲਿਖਾਰੀਆਂ ਨੇ ਵੀ ਪੰਜਾਬੀ ਸਾਹਿਤ ਦੇ ਜਗਤ 'ਚ ਬਹੁਤ ਮਹੱਤਵਪੂਰਨ ਰਚਨਾਵਾਂ ਨਾਲ ਯੋਗਦਾਨ ਪਾਇਆ। ਸਤਾਰ੍ਹਵੀਂ ਸਦੀ 'ਚ ਪੰਜਾਬੀ ਲਿਖਾਰੀਆਂ ਨੇ ਆਪਣੀਆਂ ਰਚਨਾਵਾਂ ਤਿੰਨ ਲਿਪੀਆਂ ਪਰਸੋ-ਅਰਬਿਕ (ਫ਼ਾਰਸੀ-ਅਰਬੀ), ਨਾਗਰੀ ਤੇ ਗੁਰਮੁਖੀ ਲਿਪੀ 'ਚ ਲਿਖੀਆਂ। ਇਸ ਸਮੇਂ ਇਸਲਾਮ ਧਰਮ 'ਤੇ ਥੀਸਿਸ (ਖੋਜ-ਪੱਤਰ), ਬਾਰਾਂ ਅਨਵਾ ਜਾਂ ਬਾਰਾਂ ਵਿਸ਼ਿਆਂ 'ਤੇ ਮੁਸਲਮਾਨ ਲਿਖਾਰੀ ਅਬਦੁਲਾ ਨੇ ਲਿਖਿਆ। ਅਣਗਿਣਤ ਮੁਸਲਮਾਨ ਸੂਫ਼ੀ ਲਿਖਾਰੀਆਂ ਨੇ ਨਿਰੋਲ ਪੰਜਾਬੀ 'ਚ ਆਪਣੀਆਂ ਰਚਨਾਵਾਂ ਲਿਖੀਆਂ। ਇਹਨਾਂ 'ਚ ਬਾਬਾ ਬੁੱਲ੍ਹੇਸ਼ਾਹ (1680-1758) ਦਾ ਵਿਸ਼ੇਸ਼ ਸਥਾਨ ਹੈ, ਜਿਨ੍ਹਾਂ ਦੀਆਂ ਕਾਫ਼ੀਆਂ (ਛੇ ਪਹਿਰਿਆਂ ਵਾਲੀਆਂ ਛੋਟੀਆਂ ਕਵਿਤਾਵਾਂ) ਬਹੁਤ ਹੀ ਮਕਬੂਲ ਹੋਈਆਂ ਤੇ ਉਹਨਾਂ ਨੇ ਬੜੀ ਪ੍ਰਸਿੱਧੀ ਹਾਸਲ ਕੀਤੀ। ਉਹਨਾਂ ਦੇ ਸਮਕਾਲੀ ਕਵੀ ਅਲੀ ਹੈਦਰ (1689-1776) ਨੇ ਛੀ ਹਰਫੀਆਂ ਜਾਂ ਕਵਿਤਾਵਾਂ ਲਿਖੀਆਂ। ਇਹ ਕਵਿਤਾਵਾਂ ਦੀ ਬਣਤਰ 30 ਪਹਿਰਿਆਂ ਦੀ ਹੈ ਤੇ ਹਰ ਪਹਿਰਾ ਫਾਰਸੀ ਭਾਸ਼ਾ ਦੇ ਅੱਖਰ ਨਾਲ ਸ਼ੁਰੂ ਹੁੰਦਾ ਹੈ। ਪੰਜਾਬੀ ਸਾਹਿਤ ਦਾ ਸਿਰਮੌਰ ਕਿੱਸਾਕਾਰ ਸੱਯਦ ਵਾਰਿਸ ਸ਼ਾਹ ਉਕਤ ਕਵੀਆਂ ਦੀ ਲੜੀ ਦਾ ਬਹੁਤ ਹੀ ਮਹਾਨ ਕਵੀ ਹੈ। ਜਿਸ ਨੇ ਹੀਰ-ਰਾਂਝੇ ਦੀ ਕਹਾਣੀ ਨੂੰ ਦੁਖਾਂਤਕ ਪੇਸ਼ ਕੀਤਾ। ਇਸ ਰਚਨਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਸਿਰਮੌਰ ਰਚਨਾ ਦਾ ਸਥਾਨ ਪ੍ਰਾਪਤ ਹੈ। ਇਹ ਰਚਨਾ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਮੀਲ ਪੱਥਰ ਸਥਾਪਤ ਹੋਈ ਹੈ। ਕਈ ਸਾਹਿਤਕਾਰ ਅਕਸਰ ਕਈ ਵਾਰ ਕਹਿ ਦਿੰਦੇ ਹਨ ਕਿ ਜੇਕਰ ਵਾਰਿਸ ਸ਼ਾਹ ਦੀ 'ਹੀਰ-ਰਾਂਝਾ' ਰਚਨਾ ਨੂੰ ਪੰਜਾਬੀ ਸਾਹਿਤ 'ਚੋਂ ਮਨਫ਼ੀ ਕਰ ਦਿੱਤਾ ਜਾਵੇ ਤਾਂ ਬਾਕੀ ਫਿਰ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਸਿਰਫ਼ ੳ, ਅ, ਹੀ ਰਹਿ ਜਾਂਦਾ ਹੈ। ਅਠਾਰਵੀਂ ਸਦੀ ਦੇ ਕਾਲ 'ਚ ਇਤਿਹਾਸਕ ਮਹਾਂਪੁਰਸ਼ਾਂ ਦੇ ਜੀਵਨ 'ਤੇ ਲੰਬੀਆਂ ਕਵਿਤਾਵਾਂ ਲਿਖੀਆਂ ਗਈਆਂ। ਇਨ੍ਹਾਂ ਕਵਿਤਾਵਾਂ ਨੂੰ ਕਥਾਨਕ ਵਾਲੀਆਂ ਕਵਿਤਾਵਾਂ ਵੀ ਕਹਿੰਦੇ ਹਨ। ਹਮੀਦ (1696-1776) ਦਾ 'ਜੰਗਨਾਮਾ' ਇਸ ਦਾ ਪ੍ਰਤੱਖ ਰੂਪ ਕਿਹਾ ਜਾ ਸਕਦਾ ਹੈ। ਪਿਆਰ, ਸਦਾਚਾਰ ਤੇ ਸੂਫ਼ੀ ਰਹੱਸਵਾਦੀ ਵਿਸ਼ਿਆਂ 'ਤੇ ਬੜੀ ਸ਼ਰਧਾ ਨਾਲ ਕਵਿਤਾਵਾਂ ਲਿਖੀਆਂ ਗਈਆਂ। ਅਜਿਹਾ ਸਾਹਿਤ ਰਚਣ 'ਚ ਅਰੂੜ ਰਾਏ, ਈਸ਼ਰਦਾਸ, ਕਿਸ਼ਨ ਸਿੰਘ ਆਰਿਫ, ਹਿਦਾਇਤਉੱਲਾ ਤੇ ਮੁਹੰਮਦ ਬੂਟਾ ਦਾ ਨਾਮ ਵਰਣਨਯੋਗ ਹੈ।

1849 'ਚ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਲੈਣ ਬਾਅਦ ਹਿੰਦੂ ਧਰਮ 'ਚ ਸੁਧਾਰ ਦੀਆਂ ਲਹਿਰਾਂ ਆਰੀਆ ਸਮਾਜ ਤੇ ਸਨਾਤਨ ਧਰਮ ਨੇ ਆਪਣੇ ਮਿਸ਼ਨ ਦਾ ਪ੍ਰਚਾਰ ਹਿੰਦੀ ਭਾਸ਼ਾ 'ਚ ਬੜੀ ਜ਼ੋਰ-ਸ਼ੋਰ ਨਾਲ ਸ਼ੁਰੂ ਕੀਤਾ। ਇਸ ਨਾਲ ਹਿੰਦੀ ਭਾਸ਼ਾ ਦੀ ਪੰਜਾਬ 'ਚ ਬੜੀ ਚੜ੍ਹਤ ਹੋ ਗਈ। ਇਸ ਸਮੇਂ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਸਿਰਫ਼ ਸਿੱਖ ਧਰਮ ਦੇ ਲੋਕ ਹੀ ਵਰਤੋਂ 'ਚ ਲਿਆਉਂਦੇ ਸਨ। ਪੰਜਾਬੀ ਸਾਹਿਤ ਦੇ ਇਤਿਹਾਸ 'ਚ 1850 ਤੋਂ 1900 ਤੱਕ ਦੇ ਸਮੇਂ ਨੂੰ ਜਾਗਰਤੀ ਕਾਲ ਕਹਿੰਦੇ ਹਨ। ਪੰਜਾਬੀ ਸਾਹਿਤ ਦੇ ਇਤਿਹਾਸ 'ਚ ਭਾਈ ਵੀਰ ਸਿੰਘ (1872-1957) ਦੀਆਂ ਰਚਨਾਵਾਂ ਨਾਲ ਆਧੁਨਿਕ ਪੰਜਾਬੀ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ ਤੇ ਉਹਨਾਂ ਦੇ ਪੰਜਾਬੀ ਸਾਹਿਤ 'ਚ ਪਾਏ ਗਏ ਵਡਮੁੱਲੇ ਯੋਗਦਾਨ ਕਾਰਨ ਤੇ ਪੰਜਾਬੀ ਸਾਹਿਤ ਦਾ ਹਰ ਰੂਪ ਲਿਖਣ ਕਾਰਨ ਉਹਨਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ 'ਰਾਣਾ ਸੂਰਤ ਸਿੰਘ' ਮਹਾਂਕਾਵਿ ਲਿਖਿਆ, ਜਿਸ ਦੀਆਂ 13000 ਕਾਵਿਕ ਸੱਤਰਾਂ ਹਨ। ਇਸ ਉਪਲਬਧੀ ਕਾਰਨ ਉਨ੍ਹਾਂ ਨੂੰ ਪਦਮਸ਼੍ਰੀ ਵਰਗੇ ਵਕਾਰੀ ਸਨਮਾਨ ਨਾਲ ਸਨਮਾਨਿਆ ਗਿਆ। ਪ੍ਰੋ. ਪੂਰਨ ਸਿੰਘ (1882-1932) ਭਾਈ ਵੀਰ ਸਿੰਘ ਤੋਂ ਬਾਅਦ ਪੰਜਾਬੀ ਸਾਹਿਤ ਦੇ ਵੱਡੇ ਕਵੀ ਸਨ। ਉਨ੍ਹਾਂ ਨੂੰ ਪੰਜਾਬ ਦੇ ਰਵਿੰਦਰ ਨਾਥ ਟੈਗੋਰ ਕਿਹਾ ਜਾਂਦਾ ਸੀ। ਉਨ੍ਹਾਂ ਨੇ ਪੰਜਾਬੀ 'ਚ ਛੰਦਾ-ਬੰਦੀ ਤੋਂ ਮੁਕਤ ਕਵਿਤਾ ਲਿਖੀ। ਇਸ ਨੂੰ ਖੁੱਲ੍ਹੀ ਕਵਿਤਾ ਵੀ ਕਿਹਾ ਜਾਂਦਾ ਹੈ ਤੇ ਭਾਈ ਵੀਰ ਸਿੰਘ ਨੇ ਉਨ੍ਹਾਂ ਦੀਆਂ ਕਈ ਕਵਿਤਾਵਾਂ ਦਾ ਅੰਗਰੇਜ਼ੀ 'ਚ ਅਨੁਵਾਦ ਵੀ ਕੀਤਾ। ਇਨ੍ਹਾਂ ਤੋਂ ਇਲਾਵਾ 20ਵੀਂ ਸਦੀ ਦੇ ਆਰੰਭਕ ਦੌਰ ਦੇ ਹੋਰ ਵੀ ਬਹੁਤ ਮਸ਼ਹੂਰ ਲਿਖਾਰੀ ਸਨ, ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਨਾਲ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਨੂੰ ਹੋਰ ਭਰਪੂਰ ਤੇ ਅਮੀਰ ਕੀਤਾ। ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ- ਮੁਹੰਮਦ ਬਖ਼ਸ਼, ਫਜ਼ਲ ਸ਼ਾਹ, ਗੁਲਾਮ ਰਸੂਲ, ਕਿਸ਼ਨ ਸਿੰਘ ਆਰਿਫ, ਮਾਨ ਸਿੰਘ ਕਾਲੀਦਾਸ ਤੇ ਮੁਹੰਮਦ ਬੂਟਾ। ਕਿਰਪਾ ਸਾਗਰ (1875-1939) ਤੇ ਧਨੀਰਾਮ ਚਾਤ੍ਰਿਕ (1876-1954) ਇਹ ਪ੍ਰੋ. ਪੂਰਨ ਸਿੰਘ ਦੇ ਸਮਕਾਲੀ ਸਨ। ਕਿਰਪਾ ਸਾਗਰ ਨੇ 1920 'ਚ 'ਲਕਸ਼ਮੀ ਦੇਵੀ' ਨਾਂ ਦਾ ਮਹਾਂ-ਕਾਵਿ ਲਿਖਿਆ। ਧਨੀ ਰਾਮ ਚਾਤ੍ਰਿਕ ਨੂੰ ਪੰਜਾਬੀ ਸਾਹਿਤ ਦਾ ਪਹਿਲਾ, ਕਵਿਤਾ ਦਾ ਰੋਮਾਂਟਿਕ ਕਵੀ ਕਿਹਾ ਜਾਂਦਾ ਹੈ। ਉਨ੍ਹਾਂ ਦੇ ਫੁੱਲਾਂ ਦੀ ਟੋਕਰੀ, ਭਰਥਰੀ ਹਰੀ ਬਿਕਰਮਜੀਤ, ਨਲ ਦੰਮਿਅੰਤੀ, ਧਰਮਵੀਰ ਚੰਦਨਵਾੜੀ, ਕੇਸਰ ਕਿਆਰੀ, ਨਵਾਂ ਜਹਾਨ, ਨੂਰ ਜਹਾਂ ਬਾਦਸ਼ਾਹ ਬੇਗਮ ਤੇ ਸੂਫ਼ੀਖਾਨਾ ਪ੍ਰਸਿੱਧ ਕਾਵਿ ਸੰਗ੍ਰਹਿ ਹਨ।

1947 'ਚ ਭਾਰਤ ਦੀ ਆਜ਼ਾਦੀ ਤੋਂ ਬਾਅਦ ਦੇ ਦੌਰ ਨੂੰ ਪ੍ਰੋ. ਮੋਹਨ ਸਿੰਘ- ਅੰਮ੍ਰਿਤਾ ਪ੍ਰੀਤਮ ਦਾ ਪੰਜਾਬੀ ਕਵਿਤਾ ਦਾ ਯੁੱਗ ਕਿਹਾ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ 'ਚ ਲੋਕਾਂ, ਖਾਸ ਕਰਕੇ ਔਰਤ ਨੇ ਹੰਢਾਏ ਦੁਖਾਂਤ ਦਾ ਬੜੀ ਬੇਬਾਕੀ ਨਾਲ ਆਪਣੀਆਂ ਕਵਿਤਾਵਾਂ 'ਚ ਜ਼ਿਕਰ ਕੀਤਾ ਤੇ ਔਰਤ ਦੇ ਮਨੋਵਿਗਿਆਨਕ ਦੁੱਖ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਹੈ। ਉਹ ਔਰਤ ਦੇ ਦੁਖੜੇ ਤੇ ਹੰਢਾਏ ਦਰਦ ਨੂੰ ਸੁਣਨ ਲਈ ਵਾਰਿਸ ਸ਼ਾਹ ਨੂੰ ਅਵਾਜ਼ਾਂ ਮਾਰਦੀ ਹੋਈ ਕਹਿੰਦੀ ਹੈ- ''ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ। ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ। ਵੇ! ਉੱਠ ਦਰਦਮੰਦਾਂ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ।'' ਉਹ ਆਪਣੀਆਂ ਕ੍ਰਿਤਾਂ ਵਿਚ ਔਰਤ ਦੇ ਨਾਲ ਹਮਦਰਦੀ ਵਜੋਂ ਖੜ੍ਹਦੀ ਹੈ ਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਵੀ ਸੁਝਾਉਂਦੀ ਹੈ। ਪ੍ਰੋ. ਮੋਹਨ ਸਿੰਘ (1905 ਤੋਂ 1978) ਸ਼ੁਰੂ-ਸ਼ੁਰੂ 'ਚ ਰੁਮਾਂਟਿਕ ਸ਼ਾਇਰ ਵਜੋਂ ਉਭਰਦਾ ਹੈ ਤੇ ਛੇਤੀ ਹੀ ਉਹ ਆਪਣੀਆਂ ਸਮਾਜਵਾਦੀ-ਯਥਾਰਥਵਾਦੀ ਕਵਿਤਾਵਾਂ ਦੇ ਸੰਗ੍ਰਹਿਆਂ 'ਸਾਵੇ-ਪੱਤਰ' (1936) ਤੇ 'ਕਸੁੰਭੜਾ' (1937) ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸਿਰਮੌਰ ਕਵੀ ਬਣ ਜਾਂਦਾ ਹੈ। ਪ੍ਰੋ. ਮੋਹਨ ਸਿੰਘ ਨੂੰ 20ਵੀਂ ਸਦੀ ਦਾ ਸਭ ਤੋਂ ਵੱਡਾ ਕਵੀ ਕਿਹਾ ਜਾਂਦਾ ਹੈ, ਜਿਸ ਨੇ ਸਮਾਜਵਾਦੀ ਨਜ਼ਰੀਏ ਤੋਂ ਆਪਣੀਆਂ ਕਵਿਤਾਵਾਂ ਦੀ ਰਚਨਾ ਕੀਤੀ।

ਉਹਨਾਂ ਦੇ ਹੋਰ ਸਮਕਾਲੀ ਲਿਖਾਰੀ ਜਿਨ੍ਹਾਂ ਨੇ ਕਵਿਤਾ ਤੋਂ ਬਿਨਾਂ ਪੰਜਾਬੀ ਸਾਹਿਤ ਦੇ ਦੂਸਰੇ ਰੂਪਾਂ 'ਤੇ ਕਲਮ ਚਲਾਈ ਤੇ ਬੜਾ ਨਾਮਣਾ ਖੱਟਿਆ। ਉਹਨਾਂ ਦੇ ਨਾਮ ਇਸ ਤਰ੍ਹਾਂ ਹਨ- ਪ੍ਰੀਤਮ ਸਿੰਘ ਸਫੀਰ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਪ੍ਰਿੰਸੀਪਲ ਤਖਤ ਸਿੰਘ, ਡਾ. ਹਰਭਜਨ ਸਿੰਘ ਤੇ ਪ੍ਰਭਜੋਤ। ਅੰਮ੍ਰਿਤਾ ਪ੍ਰੀਤਮ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਨਰਿੰਦਰ ਪਾਲ ਸਿੰਘ, ਗੁਰਦਿਆਲ ਸਿੰਘ, ਕਰਤਾਰ ਸਿੰਘ ਦੁੱਗਲ, ਸੁਰਿੰਦਰ ਸਿੰਘ ਨਰੂਲਾ, ਬਲਵੰਤ ਗਾਰਗੀ, ਜਗਜੀਤ ਸਿੰਘ ਆਨੰਦ, ਈਸ਼ਵਰ ਚਿੱਤਰਕਾਰ, ਸੂਬਾ ਸਿੰਘ ਆਦਿ ਆਧੁਨਿਕ ਪੰਜਾਬੀ ਗਲਪ (ਨਾਵਲ) ਸਾਹਿਤ ਦੇ ਬੜੇ ਮਸ਼ਹੂਰ ਲਿਖਾਰੀ ਸਨ। ਨਾਨਕ ਸਿੰਘ ਨੇ ਤਕਰੀਬਨ ਤਿੰਨ ਦਰਜਨ ਦੇ ਕਰੀਬ ਨਾਵਲ ਲਿਖੇ ਤੇ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਉਹਨਾਂ ਨੂੰ 'ਪਿਤਾਮਾ' ਨਾਵਲਕਾਰ ਕਿਹਾ ਜਾਂਦਾ ਹੈ। ਉਹਨਾਂ ਨੇ ਗਜ਼ਲਾਂ ਦੇ ਨਾਲ-ਨਾਲ ਕਹਾਣੀਆਂ ਵੀ ਲਿਖੀਆਂ। ਭਾਵੇਂ ਗੁਰਬਖ਼ਸ਼ ਸਿੰਘ ਮੁੱਖ ਰੂਪ 'ਚ ਪੰਜਾਬੀ ਵਾਰਤਕ ਸਾਹਿਤ ਦਾ ਸਿਰਮੌਰ ਵਾਰਤਾਕਾਰ ਹੈ ਪਰ ਉਹਨਾਂ ਨੇ ਨਾਟਕ ਵੀ ਲਿਖੇ। ਆਈ. ਸੀ. ਨੰਦਾ (ਈਸ਼ਵਰ ਚੰਦਰ ਨੰਦਾ) ਵੀ ਪੰਜਾਬੀ ਨਾਟਕ ਸਾਹਿਤ ਜਗਤ ਦਾ ਪ੍ਰਥਮ ਨਾਟਕਕਾਰ ਸੀ ਤੇ ਉਹਨਾਂ ਨੇ ਆਧੁਨਿਕ ਪੰਜਾਬੀ ਨਾਟਕ ਦੇ ਆਰੰਭਕ ਦੌਰ 'ਚ ਬੜਾ ਨਾਮਣਾ ਖੱਟਿਆ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਮੁੱਖ ਤੌਰ 'ਤੇ ਨਾਟਕਕਾਰ ਤੇ ਕਹਾਣੀਕਾਰ ਸਨ ਪਰ ਉਨ੍ਹਾਂ ਨੇ ਆਲੋਚਨਾ ਦੇ ਖੇਤਰ 'ਚ ਤੇ ਪੰਜਾਬੀ ਦੇ ਹਰ ਸਾਹਿਤਕ ਖੇਤਰ 'ਚ ਬੜੀ ਸਫਲਤਾ ਨਾਲ ਕਲਮ ਚਲਾਈ।

ਅੱਜ ਹਰ ਨਵਾਂ ਸਾਹਿਤਕਾਰ ਉਹਨਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦਾ ਯਤਨ ਕਰਦਾ ਹੈ ਤੇ ਉਹ ਉਹਨਾਂ ਲਈ ਪ੍ਰੇਰਨਾ ਸਰੋਤ ਬਣੇ ਹੋਏ ਹਨ। ਪ੍ਰੀਤਲੜੀ, ਪੰਜ ਦਰਿਆ, ਪੰਜਾਬੀ ਦੁਨੀਆਂ, ਆਰਸੀ, ਆਲੋਚਨਾ, ਸੇਧ ਤੇ ਸਾਹਿਤ ਸਮਾਚਾਰ ਉਸ ਸਮੇਂ ਦੇ ਮਸ਼ਹੂਰ ਰਸਾਲੇ ਸਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਦੀ ਤਰੱਕੀ ਤੇ ਵਿਕਾਸ 'ਚ ਆਪਣੀ ਅਹਿਮ ਭੂਮਿਕਾ ਨਿਭਾਈ।

ਪੰਜਾਬੀ
پنجابی
ਪੰਜਾਬੀ

**ਮੱਧ ਯੁੱਗ 'ਚ ਬਾਹਰੀ ਅਫਗਾਨੀ ਹਮਲਿਆਂ ਤੇ ਭਾਰਤ ਦੇ ਅੰਦਰੂਨੀ ਰਾਜਿਆਂ ਦੀਆਂ ਆਪਸੀ ਲੜਾਈਆਂ ਦੇ ਬਾਵਜੂਦ ਵੀ ਪੰਜਾਬ ਸਾਹਿਤ ਦੀ ਉਤਪੱਤੀ ਤੇ ਵਿਕਾਸ 'ਚ ਹੌਲੀ-ਹੌਲੀ ਵਾਧਾ ਹੁੰਦਾ ਗਿਆ ਤੇ ਉਹ ਇਕ ਪ੍ਰਤੱਖ ਨਵੇਂ ਮੁਕਾਮ 'ਤੇ ਪਹੁੰਚ ਗਿਆ, ਜਦੋਂ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਨੇ ਪੰਜਾਬੀ ਸਾਹਿਤ ਦੇ ਵਿਕਾਸ 'ਚ ਆਪਣੀਆਂ ਮਹਾਨ ਰਚਨਾਵਾਂ ਰਾਹੀਂ ਬੜਾ ਵੱਡਾ ਯੋਗਦਾਨ ਪਾਇਆ। ਗੁਰੂ ਅਰਜਨ ਦੇਵ ਜੀ (1563-1606) ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਦਸਵੇਂ ਤੇ ਆਖਰੀ ਗੁਰੂ ਗੋਬਿੰਦ ਸਿੰਘ ਜੀ (1666-1708) ਨੇ ਪੁਰਾਣੀ ਹਿੰਦੀ 'ਚ ਕਈ ਧਾਰਮਿਕ ਰਚਨਾਵਾਂ ਕੀਤੀਆਂ ਤੇ ਪੰਜਾਬੀ ਭਾਸ਼ਾ 'ਚ 'ਚੰਡੀ ਦੀ ਵਾਰ' ਲਿਖੀ ਜਿਹੜੀ ਕਿ ਦੁਰਗਾ ਦੀ, ਦੈਂਤਾਂ ਤੇ ਰਾਖਸ਼ਾਂ 'ਤੇ ਜਿੱਤ ਦਾ ਪ੍ਰਤੀਕ ਹੈ ਤੇ ਇਸ ਤੋਂ ਇਲਾਵਾ ਪੰਜਾਬੀ 'ਚ ਇਕ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵੀ ਲਿਖੇ।**

# ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਗਦਰੀ ਆਗੂ ਅਤੇ ਆਦਿ ਧਰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਕਰਨੀ ਨੂੰ



ਕੁਲਦੀਪ ਚੰਦ
91-94175-63054

ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਇਸ ਦੇਸ਼ ਦੀ ਸਮਾਜਿਕ ਬਣਤਰ ਕਾਰਨ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੋਰ ਤੇ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਵੀ ਸ਼ਿਕਾਰ ਹੋਣਾ ਪਿਆ ਹੈ। ਭਾਰਤੀ ਸਮਾਜ ਵਿੱਚ ਫੈਲੀ ਜਾਤ ਪਾਤ ਦੀ ਪ੍ਰਥਾ ਨੂੰ ਖਤਮ ਕਰਨ ਅਤੇ ਸਭ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਇਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਅੱਜ ਦੇ ਦਿਨ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ। ਬਾਬੂ ਜੀ ਦੇ ਮਾਤਾ ਦਾ ਨਾਮ ਅਤਰੀ ਅਤੇ ਪਿਤਾ ਜੀ ਦਾ ਨਾਮ ਹਰਨਾਮ ਦਾਸ ਸੀ ਅਤੇ ਉਨ੍ਹਾਂ ਦਾ ਪਰਿਵਾਰ ਚਮੜੇ ਦੇ ਧੰਦੇ ਨਾਲ ਜੁੜ੍ਹਿਆ ਹੋਇਆ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਬਾਬੂ ਜੀ ਨੇ ਜਾਤ ਅਧਾਰਿਤ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾ-ਦੂਨ ਵਿੱਚ ਪੜੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜਨਾ ਪੈਂਦਾ ਸੀ। ਇੱਕ ਦਿਨ ਜਦੋਂ ਭਾਰੀ ਬਾਰਸ਼ ਕਾਰਨ ਬਾਬੂ ਜੀ ਕਲਾਸ ਅੰਦਰ ਚਲੇ ਗਏ ਤਾਂ ਸਕੂਲ ਵਿੱਚ ਹਾਜ਼ਰ ਉੱਚ ਜਾਤਿ ਅਧਿਆਪਕ ਨੇ ਬਾਬੂ ਜੀ ਦੀ ਬੇਰਹਿਮੀ ਨਾਲ ਕੁਟਾਈ ਕੀਤੇ ਅਤੇ ਕਲਾਸ ਦਾ ਸਾਰਾ ਫਰਨੀਚਰ ਬਾਹਰ ਸੁਟਵਾ ਦਿਤਾ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਬਾਬੂ ਜੀ ਨੂੰ ਮਰਿਆ ਮੰਨਕੇ ਉਨ੍ਹਾ ਦੀ ਪਤਨੀ ਨੂੰ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਜੀ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ।




1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਇਸ ਦੌਰਾਨ ਹੀ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜ਼ੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ।

1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਅੰਤ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਸਰਕਾਰ ਵਲੋਂ ਹੋਰ ਕਈ ਅਜ਼ਾਦੀ ਘੁਲਾਟੀਆਂ ਵਾਂਗ ਹੀ ਇਸ ਆਗੂ ਨੂੰ ਵੀ ਭੁਲਾ ਦਿਤਾ ਗਿਆ ਹੈ। ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਰੁਜ਼ਗਾਰ ਬਿਨਾਂ ਰਾਖਵਾਂਕਰਨ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਲੋਕ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ 2 ਜਨਵਰੀ, 2019 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਨੇ ਅਖੌਤੀ ਸਵਰਨ ਜਾਤੀਆਂ ਦੇ ਲੋਕਾਂ ਲਈ ਸਰਕਾਰੀ ਨੌਕਰੀਆਂ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਦਾਖ਼ਲਿਆ ਲਈ 10 ਫ਼ੀਸਦ ਰਾਖਵਾਂਕਰਨ ਦਾ ਐਲਾਨ ਕੀਤਾ ਸੀ। ਰਾਜ ਸਭਾ ਦੇ ਹਾਜ਼ਰ ਮੈਂਬਰਾਂ ਵਿੱਚੋਂ ਸਿਰਫ਼ 3 ਅਤੇ ਲੋਕ ਸਭਾ ਦੇ ਹਾਜ਼ਰ ਮੈਂਬਰਾਂ ਵਿੱਚੋਂ ਸਿਰਫ਼ 7 ਮੈਂਬਰਾਂ ਦੇ ਵਿਰੋਧ ਤੋਂ ਬਿਨਾਂ ਬਾਕੀ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ 9 ਜਨਵਰੀ, 2019 ਨੂੰ ਸੰਸਦ ਵੱਲੋਂ ਇਸ ਰਾਖਵੇਂਕਰਨ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਸਹਿਮਤੀ ਵਿੱਚ ਹਕੂਮਤ ਕਰ ਰਹੀਆਂ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੀਆਂ ਗਿਣਤੀਆਂ-ਮਿਣਤੀਆਂ ਜ਼ਿਆਦਾ ਦਿਖਾਈ ਦਿੰਦੀਆਂ ਹਨ। ਜਿੱਥੇ ਹਕੂਮਤ ਕਰ ਰਹੀਆਂ ਸਿਆਸੀ ਪਾਰਟੀਆਂ ਰਾਖਵੇਂਕਰਨ ਨੂੰ ਆਪਣੇ ਵੱਲੋਂ ਦਿੱਤੇ ਨਾਅਰੇ 'ਸਭ ਦਾ ਸਾਥ, ਸਭ ਦਾ ਵਿਕਾਸ' ਦੀ ਪ੍ਰਾਪਤੀ ਵਿੱਚ 'ਘਰ-ਘਰ ਵਿੱਚ ਰੁਜ਼ਗਾਰ' ਦੇਣ ਦਾ ਦਾਅਵਾ ਕਰਦੀਆਂ ਨਹੀਂ ਥੱਕ ਰਹੀਆਂ, ਉੱਥੇ ਵਿਰੋਧੀ ਸਿਆਸੀ ਪਾਰਟੀਆਂ ਇਸ ਸੰਬੰਧ ਵਿੱਚ ਆਪਣੇ ਕੁੱਝ ਇਤਰਾਜ਼ ਅਤੇ ਸ਼ੰਕਆਵਾਂ ਦਰਜ ਕਰਵਾਉਂਦੀਆਂ ਹੋਈਆਂ ਇਸ ਰਾਖਵੇਂਕਰਨ ਦੇ ਵਿਚਾਰ ਨੂੰ ਆਪਣੇ ਵੱਲੋਂ ਸ਼ੁਰੂ ਕੀਤੇ ਗਏ ਮੌਲਿਕ ਵਿਚਾਰ ਦਾ ਦਾਅਵਾ ਪੇਸ਼ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਹੀਆਂ।

1947 ਵਿੱਚ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਮੁਲਕ ਦੇ ਸਰਵ-ਪੱਖੀ ਵਿਕਾਸ ਲਈ 1950 ਵਿੱਚ 'ਯੋਜਨਾ ਕਮਿਸ਼ਨ' ਦੀ ਸਥਾਪਤੀ ਕੀਤੀ ਗਈ। ਇਸ ਕਮਿਸ਼ਨ ਵੱਲੋਂ ਮੁਲਕ ਦੇ ਸਰਵ-ਪੱਖੀ ਵਿਕਾਸ ਲਈ 1951 ਤੋਂ ਪੰਜ ਸਾਲਾਂ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਯੋਜਨਾਵਾਂ ਦੁਆਰਾ ਜਨਤਕ ਖੇਤਰ ਹੋਂਦ ਵਿੱਚ ਆਇਆ ਅਤੇ ਉਸਦਾ ਪਸਾਰ ਵੀ ਹੋਇਆ। ਮੁਲਕ ਵਿੱਚ ਕੀਤੇ ਗਏ ਵੱਖ-ਵੱਖ ਖੋਜ ਅਧਿਐਨ ਇਹ ਗੱਲ ਸਾਹਮਣੇ ਲਿਆਏ ਹਨ ਕਿ ਜਨਤਕ ਖੇਤਰ ਦੀ ਹੋਂਦ ਅਤੇ ਪਸਾਰ ਨੇ ਜਿੱਥੇ ਰੁਜ਼ਗਾਰ ਦੇ ਮੌਕੇ ਵਧਾਏ, ਉੱਥੇ ਯੋਜਨਾਬੰਦੀ ਸਮੇਂ ਦੌਰਾਨ (1951-1980) ਆਰਥਿਕ ਅਸਮਾਨਤਾਵਾਂ ਨੂੰ ਵੀ ਘਟਾਇਆ ਹੈ। ਮੁਲਕ ਦੇ ਹਾਕਮਾਂ ਨੇ 1980 ਤੋਂ ਬਾਅਦ ਮੁਲਕ ਵਿੱਚ ਯੋਜਨਾਬੰਦੀ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆ ਅਪਣਾਈਆ 'ਨਵੀਂਆਂ ਆਰਥਿਕ ਨੀਤੀਆ' ਨੇ ਇਸ ਦਾ ਲੱਕ ਤੋੜਿਆ ਅਤੇ ਵਰਤਮਾਨ ਸਮੇਂ ਦੌਰਾਨ ਮੁਲਕ ਉੱਪਰ ਹਕੂਮਤ ਕਰ ਰਹੀ ਐੱਨ.ਡੀ.ਏ. ਦੀ ਸਰਕਾਰ ਨੇ ਇਸਦਾ ਭੋਗ ਪਾਉਣ ਲਈ ਰਸਮੀ ਤੌਰ ਉੱਤੇ ਯੋਜਨਾ ਕਮਿਸ਼ਨ ਕਮਿਸ਼ਨ ਦੀ ਹੋਂਦ ਦਾ ਨਾਮ-ਨਿਸ਼ਾਨ ਮਿਟਾਉਂਦੇ ਹੋਏ ਇਸ ਦੀ ਜਗ੍ਹਾ 'ਨੀਤੀ ਆਯੋਗ' ਦੀ ਸਥਾਪਨਾ ਕਰ ਦਿੱਤੀ ਜਿਸ ਦੁਆਰਾ ਮੁਲਕ ਦੇ ਆਰਥਿਕ ਵਿਕਾਸ ਲਈ ਨੀਤੀਆਂ ਬਣਾਉਣ ਵਿੱਚ ਸਰਮਾਏਦਾਰ/ਕਾਰਪੋਰੇਟ ਜਗਤ ਦੇ ਨੁਮਾਇੰਦਿਆਂ ਨੂੰ ਖ਼ਾਸ ਥਾਂ ਦਿੱਤੀ ਗਈ ਹੈ।

1980 ਤੋਂ ਬਾਅਦ ਮੁਲਕ ਉੱਪਰ ਹਕੂਮਤ ਕਰਨ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਦੁਆਰਾ ਬਣਾਈਆਂ ਅਤੇ ਲਾਗੂ ਕੀਤੀਆਂ ਗਈਆਂ ਆਰਥਿਕ ਨੀਤੀਆਂ ਨੇ ਮੁਲਕ ਵਿੱਚ ਆਰਥਿਕ ਅਸਮਾਨਤਾਵਾਂ ਨੂੰ ਵਧਾਇਆ ਹੈ। ਵਰਤਮਾਨ ਸਮੇਂ ਦੌਰਾਨ ਆਰਥਿਕ ਅਸਮਾਨਤਾਵਾਂ ਇਸ ਹੱਦ ਤੱਕ ਵਧ ਗਈਆਂ ਹਨ ਕਿ ਮੁਲਕ ਦੇ ਅੱਤ ਦੇ ਅਮੀਰ 1 ਫ਼ੀਸਦ ਲੋਕਾਂ ਕੋਲ, ਮੁਲਕ ਦੇ ਥੱਲੇ ਵਾਲੇ 50 ਫ਼ੀਸਦ ਲੋਕਾਂ ਤੋਂ ਕਿਤੇ ਜ਼ਿਆਦਾ ਧਨ ਹੈ। ਇਸ ਸਮੇਂ ਦੌਰਾਨ ਰੁਜ਼ਗਾਰ ਦੀ ਪ੍ਰਕ੍ਰਿਤੀ ਵਿੱਚ ਵੀ ਅਨੇਕਾਂ ਨਾਂਹ-ਪੱਖੀ ਤਬਦੀਲੀਆਂ 'ਕਿਰਤ ਸੁਧਾਰਾਂ' ਦੇ ਨਾਮ ਥੱਲੇ ਕੀਤੀਆਂ ਗਈਆਂ ਹਨ। ਪੱਕੇ ਰੁਜ਼ਗਾਰ ਨੂੰ ਕੱਚੇ ਰੁਜ਼ਗਾਰ ਵਿੱਚ ਬਦਲਦੇ ਹੋਏ ਸਰਮਾਏਦਾਰਾਂ ਨੂੰ ਕਿਰਤੀਆਂ ਨੂੰ ਨੌਕਰੀ ਦੇਣ ਅਤੇ ਉਸ ਵਿੱਚੋਂ ਕੱਢਣ ਦਾ ਅਧਿਕਾਰ ਵੱਡੇ ਪੱਧਰ ਉੱਪਰ ਦਿੱਤਾ ਜਾ ਰਿਹਾ ਹੈ। ਨੌਕਰੀ ਦੀ ਤਨਖਾਹ ਨੂੰ ਸਕੇਲ ਅਨੁਸਾਰ ਦੇਣ ਦੀ ਜਗ੍ਹਾ ਬੰਨਵੀਂ ਜਾਂ ਕੰਮ ਅਨੁਸਾਰ ਤਨਖਾਹ ਦੇਣ ਦੀ ਲੀਹ ਪੱਕੀ ਕੀਤੀ ਜਾ ਰਹੀ ਹੈ। ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਕਿਰਤੀਆਂ ਦੁਆਰਾ ਨੌਕਰੀ ਪੂਰੀ ਕਰਨ ਤੋਂ ਬਾਅਦ ਮਿਲਣ ਵਾਲੀ ਪੈਨਸ਼ਨ, ਜਿਸ ਦੁਆਰਾ ਕਿਰਤੀ ਆਪਣੀ ਰਹਿੰਦੀ ਜ਼ਿੰਦਗੀ ਵਿੱਚ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਿਸ਼ਚਿੰਤ ਰਹਿੰਦਾ ਸੀ, ਦਾ ਭੋਗ ਪਾਉਂਦੇ ਹੋਏ ਉਸਦਾ ਨਾਮ ਬਦਲ ਕੇ 'ਨਵੀਂ ਪੈਨਸ਼ਨ ਸਕੀਮ' ਰੱਖਕੇ ਕਿਰਤੀਆਂ ਦੇ ਰਿਟਾਇਅਰ ਹੋਣ ਤੋਂ ਬਾਅਦ ਵਾਲੀ ਜ਼ਿੰਦਗੀ ਦੀ ਸਮਾਜਿਕ ਸੁਰੱਖਿਆ ਵੀ ਖੋਹ ਲਈ।

ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕੌਨਮੀ (ਸੀ.ਐੱਮ.ਆਈ.ਈ.) ਦੁਆਰਾ ਮੁਲਕ ਵਿੱਚ ਰੁਜ਼ਗਾਰ ਸੰਬੰਧੀ ਜਾਰੀ ਕੀਤੇ ਅੰਕੜੇ ਬਹੁਤ ਉਦਾਸ ਕਰਨ ਵਾਲੇ ਹਨ। ਸੀ.ਐੱਮ.ਆਈ.ਈ. ਦੀ ਰਿਪੋਰਟ ਅਨੁਸਾਰ ਦਸੰਬਰ,2017 ਦੌਰਾਨ 40.79 ਕਰੋੜ ਲੋਕਾਂ ਕੋਲ ਰੁਜ਼ਗਾਰ ਸੀ ਜਿਹੜਾ ਦਸੰਬਰ, 2018 ਦੌਰਾਨ ਘਟਾਕੇ 39.07 ਕਰੋੜ ਰਹਿ ਗਿਆ ਹੈ। ਇਸ ਇੱਕ ਸਾਲ ਦੇ ਸਮੇਂ ਦੌਰਾਨ 1 ਕਰੋੜ 70 ਲੱਖ ਤੋਂ ਵੱਧ ਲੋਕਾਂ ਦਾ ਰੁਜ਼ਗਾਰ ਖੋਹ ਲਿਆ ਗਿਆ। ਜਿਨ੍ਹਾਂ ਕਿਰਤੀਆਂ ਦਾ ਰੁਜ਼ਗਾਰ ਖੋਹਿਆ ਗਿਆ ਉਨ੍ਹਾਂ ਵਿੱਚ 80 ਫ਼ੀਸਦ ਔਰਤਾਂ ਅਤੇ 90 ਫ਼ੀਸਦ ਪੇਂਡੂ ਖੇਤਰ ਨਾਲ ਸੰਬੰਧਿਤ ਸਨ।

ਬਿਜ਼ਨੈੱਸ ਟੂਡੇ ਦੁਆਰਾ ਮੁਲਕ ਦੀ ਸੰਸਦ ਵਿੱਚ ਪੁੱਛੇ ਗਏ ਸਵਾਲਾਂ ਦੇ ਮਿਲੇ ਜਵਾਬਾਂ ਤੋਂ ਇਕੱਠੇ ਕੀਤੇ ਗਏ ਅੰਕੜਿਆਂ ਤੋਂ ਇੱਕ ਬਹੁਤ ਹੀ ਨਿਰਾਸ਼ਾਜਨਕ ਜਾਣਕਾਰੀ ਮਿਲੀ ਹੈ। ਇਸ ਅਨੁਸਾਰ ਇਸ ਸਮੇਂ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਵੱਖ-ਵੱਖ ਅਦਾਰਿਆਂ/ਦਫ਼ਤਰਾਂ ਵਿੱਚ 29 ਲੱਖ ਅਸਾਮੀਆਂ ਖਾਲੀ ਪਈਆਂ ਹਨ। ਇਕੱਲੇ ਸਿੱਖਿਆ ਵਿਭਾਗ ਵਿੱਚ 13 ਲੱਖ ਤੋਂ ਜ਼ਿਆਦਾ ਖਾਲੀ ਅਸਾਮੀਆਂ ਹਨ। ਜੇਕਰ ਇਹ ਸਾਰੀਆਂ ਖਾਲੀ ਪਈਆਂ ਅਸਾਮੀਆਂ ਭਰ ਲਈਆਂ ਜਾਂਦੀਆਂ ਹਨ ਤਾਂ 14 ਲੱਖ 50 ਹਜ਼ਾਰ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੇ ਵਰਗਾਂ ਅਤੇ 3 ਲੱਖ ਦੇ ਕਰੀਬ ਜਨਰਲ ਵਰਗ ਕਿਰਤੀਆਂ ਨੂੰ ਨੌਕਰੀਆਂ ਮਿਲ ਸਕਦੀਆਂ ਹਨ। ਪਰ ਅਜਿਹਾ ਹੁੰਦਾ ਦਿਖਾਈ ਨਹੀਂ ਦਿੰਦਾ ਕਿਉਂਕਿ ਇਹ ਕੋਈ ਨਵਾਂ ਵਰਤਾਰਾ ਨਹੀਂ, ਸਗੋਂ ਮੁਲਕ ਦੇ ਹੁਕਮਰਾਨਾਂ ਦੁਆਰਾ ਲੰਬੇ ਸਮੇਂ ਤੋਂ ਕੀਤਾ ਜਾ ਰਿਹਾ ਹੈ।

ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਮੁਲਕ ਦੇ ਸਾਰੇ ਕਿਰਤੀਆਂ ਵਿੱਚੋਂ 92.8 ਫ਼ੀਸਦ ਕਿਰਤੀ ਗ਼ੈਰ-ਰਸਮੀ ਰੁਜ਼ਗਾਰ ਅਤੇ ਬਾਕੀ ਦੇ 7.2 ਫ਼ੀਸਦ ਕਿਰਤੀ ਰਸਮੀ ਰੁਜ਼ਗਾਰ ਵਿੱਚ ਹਨ। ਇਕ ਅਨੁਮਾਨ ਅਨੁਸਾਰ ਰਸਮੀ ਰੁਜ਼ਗਾਰ ਵਾਲੇ 2.2 ਫ਼ੀਸਦ ਕਿਰਤੀ ਠੇਕੇਦਾਰਾਂ ਦੀ ਨੌਕਰੀ ਕਰਦੇ ਹਨ। ਇਸ ਲਈ ਨੌਕਰੀਆਂ ਵਿੱਚ ਰਾਖਵੇਂਕਰਨ ਦਾ ਫ਼ਾਇਦਾ ਕੁੱਲ ਕਿਰਤੀਆਂ ਵਿੱਚੋਂ 5 ਫ਼ੀਸਦ ਦੇ ਸੰਬੰਧ ਵਿੱਚ ਅੱਧਾ ਭਾਵ 2.5 ਫ਼ੀਸਦ ਤਕ ਸੀਮਿਤ ਹੋ ਕੇ ਰਹਿ ਜਾਂਦਾ ਹੈ। ਜੇਕਰ ਨੌਕਰੀਆਂ ਲਈ 10 ਫ਼ੀਸਦ ਰਾਖਵਾਂਕਰਨ ਆਮ ਵਰਗ ਦੇ ਆਰਥਿਕ ਤੌਰ ਉੱਤੇ ਪਛੜਿਆਂ ਨੂੰ ਦੇ ਦਿੱਤਾ ਜਾਵੇਗਾ ਤਾਂ ਮੁਲਕ ਵਿੱਚ ਕੁੱਲ ਪ੍ਰਾਪਤ ਰੁਜ਼ਗਾਰ ਵਿਚੋਂ ਸਿਰਫ਼ 3 ਫ਼ੀਸਦ ਅਸਾਮੀਆਂ ਹੀ ਰਾਖਵਾਂਕਰਨ ਦੇ ਘੇਰੇ ਵਿੱਚ ਆਉਣਗੀਆਂ। ਇਨ੍ਹਾਂ ਅੰਕੜਿਆਂ ਤੋਂ ਇੱਕ ਗੱਲ ਸਪਸ਼ਟ ਤੌਰ ਉੱਤੇ ਸਾਹਮਣੇ ਆਉਂਦੀ ਹੈ ਕਿ ਮੁਲਕ ਵਿੱਚ ਸਭਨਾਂ ਦਾ ਵਿਕਾਸ ਕਰਨ ਲਈ ਸਭਨਾਂ ਨੂੰ ਰੁਜ਼ਗਾਰ ਦੇਣਾ ਪਵੇਗਾ ਅਤੇ ਉਹ ਵੀ ਘੱਟੋ-ਘੱਟ ਉਸ ਮਿਆਰ ਦਾ ਜਿਸ ਦੁਆਰਾ ਉਨ੍ਹਾਂ ਦੀਆ ਬੁਨਿਆਦੀ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਹੋ ਸਕਣ।

ਵਰਤਮਾਨ ਸਮੇਂ ਤੱਕ ਵੀ ਮੁਲਕ ਵਿੱਚ ਸਭ ਤੋਂ ਵੱਧ ਰੁਜ਼ਗਾਰ ਖੇਤੀਬਾੜੀ ਖੇਤਰ ਵਿਚ ਹੈ। ਸਰਕਾਰੀ ਅੰਕੜਿਆਂ ਅਨੁਸਾਰ ਇਹ ਰੁਜ਼ਗਾਰ 50 ਫ਼ੀਸਦ ਦੇ ਕਰੀਬ ਹੈ। ਮੁਲਕ ਦੇ ਖੇਤੀਬਾੜੀ ਖੇਤਰ ਵਿੱਚ ਅਪਣਾਇਆ ਗਿਆ ਮਸ਼ੀਨੀਕਰਨ ਅਤੇ ਇਸ ਮਸ਼ੀਨੀਕਰਨ ਦਾ ਟਰੈਕਟਰਾਂ, ਹਾਰਵੈਸਟਰ ਕੰਬਾਇਨਾਂ ਅਤੇ ਹੋਰ ਊਰਜਾ ਦੇ ਵੱਖ ਵੱਖ ਸਰੋਤਾਂ ਨਾਲ ਚਲਣ ਵਾਲੀਆਂ ਅਨੇਕਾਂ ਮਸ਼ੀਨਾਂ ਦੇ ਰੂਪ ਵਿੱਚ ਲਗਾਤਾਰ ਵਧਦਾ ਘੇਰਾ ਅਤੇ ਖੇਤੀਬਾੜੀ ਵਿੱਚ ਨਦੀਨਾਂ ਦੇ ਖਾਤਮੇ ਲਈ ਨਦੀਨ-ਨਾਸ਼ਕਾਂ ਦੀ ਵਧਦੀ ਵਰਤੋਂ ਖੇਤੀਬਾੜੀ ਰੁਜ਼ਗਾਰ ਨੂੰ ਵੱਡੀ ਢਾਹ ਲਾ ਰਹੇ ਹਨ।ਸਾਂਝੀ-ਸੀਰੀ ਅਤੇ ਸਲਾਨਾ ਨੌਕਰੀ ਦੀ ਥਾਂ ਦਿਹਾੜੀ ਦੱਪਾ ਲੈ ਰਿਹਾ ਹੈ। ਕਿਸਾਨ ਅਤੇ ਉਸਦੇ ਪਰਿਵਾਰ ਦੇ ਖੇਤੀਬਾੜੀ ਖੇਤਰ ਉੱਪਰ ਆਧਾਰਿਤ ਹੋਰ ਕਿਰਤੀ ਭਾਵੇਂ 365 ਦਿਨ 24 ਘੰਟੇ ਕਿਸੇ ਵੀ ਕੰਮ ਰਕਨ ਲਈ ਹਾਜ਼ਰ ਰਹਿੰਦੇ ਹਨ, ਪਰ ਖੇਤੀਬਾੜੀ ਜਿਨਸਾਂ ਦੀਆਂ ਘੱਟੋਂ-ਘੱਟ ਸਮਰਥਨ ਕੀਮਤਾਂ ਦੀ ਸਿਫ਼ਾਰਸ਼ ਕਰਨ ਲਈ ਉਤਪਾਦਨ ਲਾਗਤ ਦੇ ਅੰਕੜਿਆਂ ਵਿੱਚ ਉਨ੍ਹਾਂ ਦੇ ਰੁਜ਼ਗਾਰ ਨੂੰ ਕੁੱਝ ਸੋ ਘੰਟਿਆ ਤੱਕ ਹੀ ਸੀਮਿਤ ਕਰ ਕੇ ਦੇਖ ਲਿਆ ਜਾਂਦਾ ਹੈ ਅਤੇ ਕਿਸਾਨ ਔਰਤਾਂ ਦੀ ਮਜ਼ਦੂਰੀ ਬਿਲਕੁਲ ਵੀ ਨਹੀਂ ਗਿਣੀ ਜਾਂਦੀ। ਖੇਤੀਬਾੜੀ ਖੇਤਰ ਵਿਚ ਮਸ਼ੀਨੀਕਰਨ ਅੇਤ ਵਪਾਰੀਕਰਨ ਦੇ ਵਧਦੇ ਰੁਝਾਨ ਨੇ ਪੇਂਡੂ ਛੋਟੇ ਕਾਰੀਗਰਾਂ ਨੂੰ ਵੀ ਬਹੁਤ ਦੁਰਕਾਰਦੇ ਅਤੇ ਲਿਤਾੜਦੇ ਹੋਏ ਵੱਡੀ ਢਾਹ ਲਾਈ ਹੈ।

ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਅਰਥਵਿਗਿਆਨੀ ਖੇਤੀਬਾੜੀ ਖੇਤਰ ਵਿੱਚੋਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਉਜਾੜੇ ਨੂੰ ਮੁਲਕ ਦੇ ਆਰਥਿਕ ਵਿਕਾਸ ਲਈ ਸ਼ੁਭ ਸ਼ਗਨ ਮੰਨਦੇ ਹੋਏ ਦਲੀਲ ਦਿੰਦੇ ਹਨ ਕਿ ਅਜਿਹਾ ਉਜਾੜਾ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਆਪਣੇ ਹੱਕ ਵਿੱਚ ਹੀ ਹੁੰਦਾ ਹੈ ਕਿਉਂਕਿ ਇਹ ਉਜਾੜੇ ਗਏ ਕਿਰਤੀ ਉਦਯੋਗਾਂ ਵਿੱਚ ਰੁਜ਼ਗਾਰ ਪ੍ਰਾਪਤ ਕਰਕੇ ਸੁਖੀ ਜੀਵਨ ਬਤੀਤ ਕਰਨਗੇ। ਪਰ ਮੁਲਕ ਵਿਚ ਹੋ ਰਹੇ ਉਦਯੋਗਿਕ ਵਿਕਾਸ ਵਿੱਚ ਪ੍ਰਮੁੱਖ ਥਾਂ ਮਸ਼ੀਨਾਂ, ਰੋਬਟਾਂ ਆਦਿ ਦੀ ਹੋਣ ਕਾਰਨ ਕਰੋੜਾਂ ਦੀ ਗਿਣਤੀ ਵਿੱਚ ਉਦਯੋਗਿਕ ਕਿਰਤੀ ਵਿਹਲੇ ਕੀਤੇ ਗਏ ਹਨ ਅਤੇ ਜਿਹੜੇ ਰੁਜ਼ਗਾਰ ਵਿਚ ਵੀ ਉਨ੍ਹਾਂ ਦੇ ਰੁਜ਼ਗਾਰ ਦਾ ਮਿਆਰ, ਜਿਹੜਾ ਮਿਲਦੀਆਂ ਤਨਖਾਹ ਅਤੇ ਹੋਰ ਸਹੂਲਤਾਂ ਦੁਆਰਾ ਤੈਅ ਹੁੰਦਾ ਹੈ, ਲਗਾਤਾਰ ਨੀਵਾਂ ਕੀਤਾ ਜਾ ਰਿਹਾ ਹੈ।

ਭਾਰਤ ਦੀ ਰਾਸ਼ਟਰੀ ਆਮਦਨ ਵਿਚੋਂ ਸਭ ਤੋਂ ਜ਼ਿਆਦਾ ਵੱਡਾ ਹਿੱਸਾ ਸੇਵਾਵਾਂ ਦੇ ਖੇਤਰ ਨੂੰ ਜਾ ਰਿਹਾ ਹੈ। ਸੇਵਾਵਾਂ ਦੇ ਖੇਤਰ ਵਿੱਚ ਕੁੱਝ ਨਵੀਂਆਂ ਨੌਕਰੀਆਂ ਆ ਰਹੀਆਂ, ਪਰ ਉਹ ਜ਼ਿਆਦਾਤਰ ਅੰਗਰੇਜ਼ੀ ਬੋਲਣ ਅਤੇ ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲਿਆਂ ਲਈ ਹਨ। ਸੇਵਾਵਾਂ ਦੇ ਖੇਤਰ ਵਿੱਚ ਬਹੁਤ ਜ਼ਿਆਦਾ ਨੌਕਰੀਆਂ ਲਈ ਮਿਲਦੀ ਮਜ਼ਦੂਰੀ ਨਾਲ ਤਾਂ ਰੋਟੀ ਵੀ ਔਖੀ ਨਸੀਬ ਹੁੰਦੀ ਹੈ। ਇਸ ਖੇਤਰ ਵਿੱਚ ਮਸਨੂਈ ਬੌਧਿਕਤਾ ਰੁਜ਼ਗਾਰ ਦਾ ਉਜਾੜਾ ਵੱਡੇ ਪੱਧਰ ਉੱਪਰ ਕਰ ਰਹੀ ਹੈ।

ਅੱਜਕਲ੍ਹ ਮੁਲਕ ਦੇ ਹਾਕਮ ਸਵੈ-ਰੁਜ਼ਗਾਰ ਬਾਰੇ ਬਹੁਤ ਵੱਡੇ ਵੱਡੇ ਦਾਅਵੇ ਕਰਦੇ ਥੱਕਦੇ ਨਹੀਂ। ਗ਼ਰੀਬੀ ਅਤੇ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਕਾਰਨ ਸ਼ਹਿਰਾਂ ਵਿੱਚ ਮੰਗਣ ਵਾਲੇ ਅਕਸਰ ਦਿਖਾਈ ਦਿੰਦੇ ਹਨ। ਕੁੱਝ ਲੋਕਾਂ ਨੇ ਸਰੀਰਕ ਤੌਰ ਉੱਤੇ ਅਪਾਹਜ ਲੋਕਾਂ ਨੂੰ ਮੰਗਣ ਲਾਇਆ ਹੋਇਆ ਹੈ।

ਕੀ ਅਜਿਹਾ ਵਰਤਾਰਾ ਸਵੈ-ਰੁਜ਼ਗਾਰ ਅਤੇ ਹੋਰਨਾਂ ਨੂੰ ਰੁਜ਼ਗਾਰ ਦੇਣਾ ਅਖਵਾ ਸਕਦਾ ਹੈ ? ਇਸ ਤਰ੍ਹਾਂ ਹੀ, ਕੀ ਦੋ ਡੰਗਾਂ ਦੀ ਰੋਟੀ ਲਈ ਨੌਕਰੀ ਨਾ ਮਿਲਣ ਕਾਰਨ ਪੁਰਾਣੇ ਕਾਗਜ਼, ਗੱਤੇ, ਫਟੀਆਂ-ਪੁਰਾਣੀਆਂ ਕਪੜਿਆਂ ਦੀਆਂ ਲੀਰਾਂ, ਕੱਚ ਅਤੇ ਪਲਾਸਟਿਕ ਦੀਆਂ ਖਾਲੀ ਬੋਤਲਾਂ ਆਦਿ ਨੂੰ ਇਕੱਠਾ ਕਰਕੇ ਵੇਚਣ ਵਾਲਿਆਂ ਨੂੰ ਸਵੈ-ਰੁਜ਼ਗਾਰ ਵਿਚ ਆਖਿਆ ਜਾ ਸਕਦਾ ਹੈ?

ਭਾਰਤ ਵਿੱਚ ਆਮ ਲੋਕਾਂ ਨੂੰ ਨੀਵੇਂ ਮਿਆਰ ਦੀਆਂ ਵਿੱਦਿਅਕ ਅਤੇ ਸਿਹਤ-ਸੰਭਾਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਬਹੁਤੇ ਪੰਜਵੀਂ ਜਮਾਤ ਪਾਸ ਬੱਚੇ ਦੂਸਰੀ ਜਮਾਤ ਦੀਆਂ ਕਿਤਾਬਾਂ ਨਹੀਂ ਪੜ੍ਹ ਸਕਦੇ। ਬਹੁਤ ਜ਼ਿਆਦਾ ਕਿਰਤੀ ਮਾੜੀਆਂ ਸਿਹਤ-ਸੰਭਾਲ ਸਹੂਲਤਾਂ ਕਾਰਨ ਅਕਸਰ ਬਿਮਾਰ ਹੀ ਰਹਿੰਦੇ ਹਨ। ਜੇਕਰ ਇਨ੍ਹਾਂ ਕਿਰਤੀਆਂ ਲਈ ਰੁਜ਼ਗਾਰ ਦੇ ਮੌਕੇ ਹੋਣ ਵੀ, ਤਾਂ ਇਹ ਰੁਜ਼ਗਾਰ ਪ੍ਰਾਪਤ ਨਹੀਂ ਸਕਣਗੇ।

ਜਦੋਂ ਤੱਕ ਸਾਰੇ ਕਿਰਤੀਆਂ ਦੀਆ ਆਪਣੀਆਂ ਮੁਢਲੀਆਂ ਲੋੜਾਂ ਵੀ ਪੂਰੀਆਂ ਨਾ ਹੋਣ ਤਾਂ ਨੌਕਰੀਆਂ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਰਾਖਵਾਂਕਰਨ ਜ਼ਰੂਰੀ ਹੁੰਦਾ ਹੈ।ਭਾਰਤ ਵਿਚ ਆਰਥਿਕ ਆਧਾਰ ਨਾਲੋਂ ਜਾਤ ਆਧਾਰਿਤ ਰਾਖਵੇਂਕਰਨ ਦੀ ਲੋੜ ਕਿਤੇ ਜ਼ਿਆਦਾ ਹੈ ਕਿਉਂਕਿ ਇਨ੍ਹਾਂ ਦੋਨਾਂ ਵਰਗਾਂ ਵਿੱਚੋਂ ਗਰੀਬੀ ਦੂਰ ਹੋਣ ਉੱਤੇ ਵੀ ਜਾਤ ਦਾ ਕੋਹੜ ਖਹਿੜਾ ਨਹੀਂ ਛੱਡਦਾ। ਸਮੇਂ ਦੀ ਲੋੜ ਹੈ ਕਿ ਮੁਲਕ ਦੇ ਹੁਕਮਰਾਨ ਆਰਥਿਕ ਵਿਕਾਸ ਦਾ ਲੋਕ ਅਤੇ ਕੁਦਰਤ ਪੱਖੀ ਮਾਡਲ ਅਪਣਾਉਣ। ਇਸ ਸਦਕਾ ਸਾਰੇ ਮੁਲਕ ਨਿਵਾਸੀਆਂ, ਖ਼ਾਸ ਕਰਦੇ ਕਿਰਤੀਆਂ, ਦੀਆਂ ਰੋਟੀ, ਕਪੜੇ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਦੀਆਂ ਬੁਨਿਆਦੀ ਲੋੜਾਂ ਸਤਿਕਾਰ ਢੰਗ ਨਾਲ ਪੂਰੀਆਂ ਹੋ ਸਕਣ। ਵਰਤਮਾਨ ਸਮੇਂ ਦੌਰਾਨ ਨੌਕਰੀਆਂ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਰਾਖਵੇਂਕਰਨ ਦੇ ਵਾਅਦੇ ਅਤੇ ਦਾਅਵੇ ਕਿਸ ਕੰਮ ਦੇ, ਜਦੋਂ ਮੁਲਕ ਵਿੱਚ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਹੀ ਨਹੀਂ, ਸਗੋਂ ਜਿਹੜੇ ਹਨ ਉਨ੍ਹਾਂ ਦੇ ਸੰਬੰਧ ਸਰਕਾਰੀ ਅਦਾਰਿਆਂ/ਦਫ਼ਤਰਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਲੱਖਾਂ ਵਿੱਚ ਹੈ।

# ਕੰਮਕਾਜੀ ਔਰਤਾਂ ਲਈ ਪਿੱਤਰ ਸੱਤਾ ਦੀਆਂ ਚੁਣੌਤੀਆਂ



ਡਾ ਅਜੀਤਪਾਲ ਸਿੰਘ ਐਮ ਡੀ
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
91-98156-29301

ਔਰਤ ਦੀ ਸੁਰੱਖਿਆ ਦਾ ਮੁੱਦਾ ਅਜਿਹਾ ਹੈ ਜੋ ਸਮਾਜ ਦੀ ਜੀਵਨ ਧਾਰਾ ਵਿੱਚ ਬਣਿਆ ਹੈ ਤੇ ਉਦੋਂ ਤਕ ਬਣਿਆ ਰਹੇਗਾ ਜਦੋਂ ਤਕ ਪਿੱਤਰੀ ਸੱਤਾ ਦਾ ਦਖਲ ਖਤਮ ਨਹੀਂ ਹੋ ਜਾਂਦਾ। ਮੀ ਟੂ ਮੁੱਦਾ ਦੋ ਅਲੱਗ ਅਲੱਗ ਮੌਕੇ ‘ਤੇ ਭਾਵਨਾਤਕ ਤੂਫਾਨ ਵਾਂਗੂੰ ਭਾਰਤ ਨੂੰ ਝੰਜੋੜ ਗਿਆ ਪਰ ਇਹ ਨਾ ਸਮਝੋ ਕਿ ਇਹ ਕੋਈ ਆਮ ਜਿਹੀ ਘਟਨਾ ਸੀ ਜੋ ਬੀਤ ਗਈ ਅਤੇ ਹੁਣ ਨਵੀਆਂ ਸੁਰੱਖਿਆ ਦਾ ਇੰਤਜ਼ਾਰ ਹੈ। ਇਹ ਇੱਕ ਅਜਿਹਾ ਜਟਿਲ ਮੁੱਦਾ ਹੈ ਜੋ ਸਮਾਜ ਦੀ ਜੀਵਨ ਧਾਰਾ ਵਿੱਚ ਬਣਿਆ ਆ ਰਿਹਾ ਹੈ ਆਚਾਰ ਵਿਹਾਰ ਵਿੱਚ ਪਰਿਵਰਤਨ ਲਿਆਵੇਗਾ, ਹੌਲੀ ਹੌਲੀ ਮਾਹੌਲ ਬਦਲੇਗਾ ਆਪਣਾ ਅਸਰ ਕਈ ਰੂਪਾਂ ਵਿੱਚ ਦਿਖਾਵੇਗਾ ਅਤੇ ਸਭ ਕੁਝ ਸਹਿਜ ਨਹੀਂ ਹੋਣਾ। ਔਰਤਾਂ ਦੇ ਇੱਕ ਤਬਕੇ ਦੇ ਮਰਦਾਂ ਦੇ ਗਲਤ ਆਚਰਨ ਦੇ ਖਿਲਾਫ ਖੁੱਲ੍ਹ ਕੇ ਆਵਾਜ਼ ਉਠਾਉਣ, ਕੁਝ ਮਾਮਲਿਆਂ ਵਿੱਚ ਸਬੂਤਾਂ ਦੇ ਨਾਲ। ਇਸ ਦੇ ਦੋ ਮਹੀਨੇ ਪਿੱਛੋਂ ਚੁੱਪ ਚਾਪ ਬਦਲਣ ਦੀ ਇੱਕ ਉਲਟੀ ਧਾਰਾ ਵਹਿੰਦੀ ਦਿੱਸਦੀ ਹੈ। ਇਕੱਲੀ ਕਹਿਰੀ ਔਰਤ ਦੇ ਬੋਲਣ ਦੀ ਉਸ ਨੂੰ ਕੀਮਤ ਚੁਕਾਉਣੀ ਪੈਂਦੀ ਹੈ ਅਤੇ ਉਨ੍ਹਾਂ ਨੂੰ "ਦਿੱਕਤ ਪੈਦਾ ਕਰਨ ਵਾਲੀਆਂ" ਦੱਸਿਆ ਜਾਂਦਾ ਹੈ। ਇਸ ਦਾ ਦੂਰਗਾਮੀ ਅਸਰ ਔਰਤਾਂ ਤੇ ਰਹਿ ਸਕਦਾ ਹੈ ਭਲੇ ਹੀ ਖੁਲਮ ਖੁੱਲ੍ਹਾ ਨਾ ਹੋਵੇ। ਕਈ ਕੰਪਨੀਆਂ ਔਰਤਾਂ ਨੂੰ ਭਰਤੀ ਕਰਨ ਵਿੱਚ ਸਾਵਧਾਨੀ ਵਰਤਦੀਆਂ ਹਨ ਅਤੇ ਔਰਤਾਂ ਕਰਮਚਾਰੀਆਂ ਦੀ ਤਾਦਾਦ ਘਟਾਉਣ ਦੇ ਬਾਰੇ ਵਿੱਚ ਗੈਰ-ਰਵਾਇਤੀ ਗੱਲਾਂ ਕਰਨ ਲੱਗੀਆ ਹਨ। ਫਿਰ ਸੰਕੇਤ ਇਹ ਵੀ ਹਨ ਕਿ ਕੰਮਕਾਰ ਵਾਲੀਆਂ ਥਾਵਾਂ ਤੇ ਔਰਤਾਂ ਤੇ ਮਰਦਾਂ ਦੀ ਵਿੱਚ ਮੇਲ ਜੋਲ ਵਿੱਚ ਵੀ ਕਾਫ਼ੀ ਚੌਕਸੀ ਵਰਤੀ ਜਾਣ ਲੱਗੀ ਹੈ। ਜਿੰਨੀ ਸੰਭਵ ਹੈ ਮਰਦਾਂ ਦੇ ਅਨੈਤਿਕ ਆਚਰਨ ਖਿਲਾਫ ਸ਼ੁਰੂ ਹੋਏ ਸੰਘਰਸ਼ ਦੀ ਰਣਨੀਤੀ ਨੇ ਆਖਰਕਾਰ ਕਈ ਮਾਅਨਿਆਂ ਵਿੱਚ ਔਰਤਾਂ ਨੂੰ ਹੀ ਨੁਕਸਾਨ ਪਹੁੰਚਿਆ ਜਾਵੇ। ਇਹ ਹਾਲਾਤ ਉਦੋਂ ਪੈਦਾ ਹੋ ਰਹੇ ਹਨ ਜਦ ਔਰਤਾਂ ਦੇ ਦਾਅਵਿਆਂ ਦੀ ਸਚਾਈ ਅਦਾਲਤੀ ਕੇਸ ਅਤੇ ਸੰਸਥਾਨਾਂ ਦੀ ਅੰਦਰੂਨੀ ਜਾਂਚ ਵਿੱਚ ਗਵਾਹੀਆਂ ਦੇ ਆਧਾਰ ਤੇ ਤੈਅ ਕੀਤੀ ਜਾਣੀ ਹੈ। ਅਰੇ ਦੀ ਸੰਪਾਦਕ ਅਤੇ ਲੇਖਕ ਪਾਲੋਮੀ ਦਾਸ ਜਿਨ੍ਹਾਂ ਨੇ ਇੱਕ ਸਾਥੀ ਪੱਤਰਕਾਰ ਤੇ ਆਰੋਪ ਲਾਇਆ ਕਹਿੰਦੀ ਹੈ "ਅਸਲੀ ਪ੍ਰੀਖਿਆ ਤਾਂ ਇਹ ਹੈ ਕਿ ਕਿੰਨੇ ਸੰਸਥਾਨ ਔਰਤਾਂ ਦੇ ਲਈ ਦਫ਼ਤਰ ਨੂੰ ਸੁਰੱਖਿਅਤ ਜਗ੍ਹਾ ਬਣਾਉਣ ਵਿੱਚ ਗੰਭੀਰ ਹਨ,ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਇਹ ਅਜਿਹੇ ਮਰਦਾਂ ਖਿਲਾਫ ਕੀ ਕਾਰਵਾਈ ਕਰਦੇ ਹਨ।ਇਮਾਨਦਾਰੀ ਨਾਲ ਕਹੀਏ ਤਾਂ ਉਸ ਦਿਸ਼ਾ ਵਿੱਚ ਕੁਝ ਖਾਸ ਹੁੰਦਾ ਨਹੀਂ ਦਿਸਦਾ ਹੈ ਕਿਉਂਕਿ ਦੋ ਮਹੀਨੇ ਪਿੱਛੋਂ ਅਜਿਹੇ ਮਰਦਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਬਚਾ ਲਿਆ ਜਾਵੇਗਾ।" ਇੱਕ ਪਬਲਿਕ ਰਿਲੇਸ਼ਨ ਫਰਮ ਵਿੱਚ ਕੰਮ ਕਰਨ ਵਾਲੀ ਨੰਦਨੀ ਦੇਸਾਈ (ਬਦਲੇ ਹੋਇਆ ਨਾਂ) ਕਹਿੰਦੀ ਹੈ,"ਅਸੀਂ ਅਸਲ ਵਿੱਚ ਅਲੱਗ ਥਲੱਗ ਮਹਿਸੂਸ ਕਰ ਰਹੇ ਹਾਂ, ਮੇਰੇ ਬੌਸ ਬਹੁਤ ਅੱਛੇ ਹਨ ਅਤੇ ਅੱਛੇ ਮੈਂਟਰ ਵੀ ਹਨ ਪਰ ਇਧਰ ਕੁਝ ਸਮੇਂ ਤੋਂ ਉਨ੍ਹਾਂ ਨੇ ਮੇਰੇ ਤੋਂ ਅਤੇ ਦੂਸਰੀਆਂ ਔਰਤਾਂ ਸਹਿਯੋਗੀਆਂ ਤੋਂ ਟਾਲਾ ਵੱਟਣਾ ਸ਼ੁਰੂ ਕਰ ਦਿੱਤਾ ਹੈ। ਸਾਨੂੰ ਕੋਈ ਵੀ ਅੱਛਾ ਅਸਾਈਨਮੈਂਟ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਉਸ ਵਿੱਚ ਮਰਦ ਸਹਿਕਰਮੀਆਂ ਦੇ ਨਾਲ ਯਾਤਰਾ ਕਰਨੀ ਪਵੇਗੀ।"ਕੰਮਕਾਜ ਵਾਲੀਆਂ ਥਾਵਾਂ ਤੇ ਔਰਤ ਮਰਦ ਸਹਿਯੋਗ ਕਰਮੀਆਂ ਦੇ ਵਿੱਚ ਹਲਕੀਆ ਫੁਲਕੀਆਂ ਗੱਲਾਂ ਅਤੇ ਚੋਹਲ ਮੋਲ ਵਗੈਰਾ ਵੀ ਬੰਦ ਹੁੰਦੀ ਦਿੱਸ ਰਹੀ ਹੈ। ਲੇਖਿਕਾ ਅਤੇ ਕਮਿਊਨੀਕੇਸ਼ਨ ਐਕਸਪਰਟ ਨੀਲਮ ਕੁਮਾਰੀ ਕਹਿੰਦੀ ਹੈ "ਹੁਣ ਦਫ਼ਤਰਾਂ ਵਿੱਚ ਬੇਹੱਦ ਚੌਕਸੀ ਰਵਾਇਤੀ ਤੇ ਕੁਝ ਅਸਹਿਜ ਜਿਹਾ ਮਾਹੌਲ ਹੈ। ਮਰਦ ਸ਼ੱਕ ਵਿੱਚ ਰਹਿੰਦੇ ਹਨ ਕਿ ਨਾ ਜਾਣੇ ਕਦੋਂ ਆਮ ਦੋਸਤੀ ਵੀ ਗਲਤ ਅਰਥਾਂ ਵਿੱਚ ਸਮਝ ਲਈ ਜਾਵੇ ਅਤੇ “ਮੀਟੂ ਦੋਸ਼ ਵਿੱਚ ਬਦਲ ਜਾਵੇ।" ਕੁਝ ਮਰਦ ਅਧਿਕਾਰੀ ਹੁਣ ਕੰਮ ਕਾਰ ਦੇ ਸਿਲਸਿਲੇ ਵਿੱਚ ਔਰਤਾਂ ਦੇ ਨਾਲ ਇਕੱਲੇ ਯਾਤਰਾ ਕਰਨ, ਮੀਟਿੰਗ ਕਰਨ ਜਾ ਡਿਨਰ ਕਰਨ ਵਿੱਚ ਸਾਵਧਾਨੀ ਵਰਤਣ ਲੱਗੇ ਹਨ। ਇਸ ਦਾ ਇਹ ਮਤਲਬ ਵੀ ਹੈ ਕਿ ਔਰਤਾਂ ਬੁਆਏਜ਼ ਕਲੱਬ ਅਤੇ ਅਜਿਹੀਆਂ ਗੱਪਬਾਜ਼ੀਆਂ ਤੋਂ ਵੀ ਦੂਰ ਹੁੰਦੀਆਂ ਜਾਣਗੀਆਂ ਜਿਨ੍ਹਾਂ ਵਿੱਚ ਅਕਸਰ "ਅੰਦਰੂਨੀ ਕਹਾਣੀਆਂ" ਦਾ ਪਤਾ ਚੱਲਦਾ ਹੈ। ਔਰਤ ਸਹਿਕਰਮੀਆਂ ਨਾਲ ਗੱਲਬਾਤ ਕਰਦੇ ਹੋਏ ਮਰਦ ਬਾਸ ਆਪਣੇ ਕਮਰੇ ਦੇ ਦਰਵਾਜ਼ੇ ਖੁੱਲ੍ਹੇ ਰੱਖਣ ਲੱਗੇ ਹਨ ਉਨ੍ਹਾਂ ਨਾਲ ਹੱਥ ਮਿਲਾਉਂਦੇ ਹੋਏ ਝਿਜਕ ਮਹਿਸੂਸ ਕਰਦੇ ਹਨ ਅਤੇ ਸੋਚਣ ਲੱਗਦੇ ਹਨ ਕਿ ਟੀਮ ਡਰਿੰਕ ਲਈ ਔਰਤਾਂ ਨੂੰ ਬੁਲਾਉਣਾ ਠੀਕ ਹੈ ਜਾਂ ਨਹੀ। ਇੱਕ ਪ੍ਰਮੁੱਖ ਭਾਰਤੀ ਕੰਪਨੀ ਦੇ ਚੀਫ ਮਾਰਕੀਟਿੰਗ ਅਤੇ ਕਮਿਊਨੀਕੇਸ਼ਨ ਅਫਸਰ ਸਵਾਤੀ ਭੱਟਾਚਾਰੀਆਂ ਕਹਿੰਦੀ ਹੈ "ਇੱਕ ਮੈਨੇਜ਼ਰ ਨੇ ਮੈਨੂੰ ਬੇਨਤੀ ਕੀਤਾ ਕਿ ਮੈਂ ਉਸ ਦੇ ਦਫ਼ਤਰ ਵਿੱਚ ਰਹਾ ਕਿਉਂਕਿ ਉਸ ਨੂੰ ਆਪਣੀ ਟੀਮ ਦੀ 5 ਮੈਂਬਰ ਨੂੰ ਫੀਡਬੈਕ ਦੇਣੀ ਸੀ ਪਰ ਉਹ ਕੁਝ ਡਰਿਆ ਤੇ ਸ਼ੰਕਾਗ੍ਰਸਤ ਸੀ।" ਇਸ ਤਰ੍ਹਾਂ ਨੁਕਸਾਨ ਦੋਹਰਾ ਹੈ। ਔਰਤਾਂ ਲਈ ਰੁਜ਼ਗਾਰ ਬਾਜ਼ਾਰ ਦੇ ਦਰਵਾਜ਼ੇ ਬੰਦ ਹੁੰਦੇ ਜਾਣਗੇ ਜਾਂ ਉਨ੍ਹਾਂ ਨੂੰ ਇਸ ਗੈਰਵਾਇਤੀ ਨੈੱਟਵਰਕ ਤੋਂ ਨਿਖੇੜ ਦਿੱਤਾ ਜਾਵੇਗਾ, ਜਿਸ ਵਿੱਚ ਚੌਕਸੀ ਕਾਰਪੋਰੇਟ ਸਫ਼ਲਤਾ ਲਈ ਜ਼ਰੂਰੀ ਹੈ। ਮਰਦ ਉੱਚਤਾ ਅਤੇ ਨਿਖੇੜੇ ਦੀਆਂ ਪੁਰਾਣੀਆਂ ਧਾਰਨਾਵਾਂ ਵਾਪਸ ਆਈਆਂ ਹਨ।



ਔਰਤਾਂ ਪ੍ਰਤੀ ਵਿਦਵੇਸ਼ ਦੀ ਅਦਿੱਖ ਧਾਰਾ ਪਹਿਲਾਂ ਤੋਂ ਹੀ ਉਨ੍ਹਾਂ ਨੂੰ ਖ਼ਤਰਾ ਮੰਨਦੀ ਰਹੀ ਹੈ, ਹੁਣ "ਸਮੱਸਿਆ" ਦੇ ਸ਼ੱਕ ਨੇ ਮਰਦਾਂ ਦੇ ਨਜ਼ਰੀਏ ਨੂੰ ਹੋਰ ਸਖਤ ਕਰ ਦਿੱਤਾ ਹੈ। ਗੁੜਗਾਉਂ ਵਿੱਚ ਪ੍ਰਸਿੱਧ ਐਚ ਆਰ ਮੈਨੇਜਰ ਨਿ-ਮਿਸ਼ਾ ਦੁਆ ਨਿਖੇੜਾ ਕਰਨ ਦੇ ਇਸ ਰਵੱਈਏ ਬਾਰੇ ਕਹਿੰਦੀ ਹੈ ਕਿ "ਹਾਂ ਦਫ਼ਤਰ ਵਿੱਚ ਗੱਲਬਾਤ ਕਰਨ ਦਾ ਤਰੀਕਾ ਬਦਲ ਗਿਆ ਹੈ। ਮਰਦ ਸਹਿਕਰਮੀ ਜ਼ਿਆਦਾ ਦੋਸਤੀ ਤੇ ਵਾਕਫੀਅਤ ਦਿਖਾਉਣ ਤੋਂ ਝਿਜਕਦੇ ਹਨ। ਮੈਨੂੰ ਲੱਗਦਾ ਹੈ ਇਹ ਫੌਰੀ ਪ੍ਰਤੀਕਿਰਿਆ ਹੈ, ਪਰ ਇਸ ਦਾ ਔਰਤਾਂ ਦੀਆਂ ਨੌਕਰੀਆਂ ਘਟਣ ਵਰਗਾ ਕੋਈ ਨਾਟਕੀ ਅਸਰ ਨਹੀਂ ਹੈ।" ਉਹ ਇਸ ਲਈ ਵੀ ਆਸਵੰਦ ਹੈ ਕਿਉਂਕਿ ਬਹੁਤ ਸਾਰੇ ਅਦਾਰਿਆਂ ਲਈ ਔਰਤ ਮਰਦ ਵਿਵਿਧਤਾ ਇੱਕ ਅਹਿਮ ਪਹਿਲੂ ਹੈ। ਕੁਝ ਦੇਸ਼ਾਂ ਚ ਇਹ ਦੱਸਣਾ ਜ਼ਰੂਰੀ ਹੁੰਦਾ ਹੈ ਕਿ ਕੰਪਨੀ ਵਿੱਚ ਔਰਤ ਮਰਦ ਕਰਮਚਾਰੀ ਦਾ ਅਨੁਪਾਤ ਕੀ ਹੈ ਪਰ ਇੱਥੇ ਦਫ਼ਤਰ ਦੇ ਅੰਦਰ ਦਾ ਮਾਹੌਲ ਮਹੱਤਵਪੂਰਨ ਹੈ। ਸਟਾਫ ਬੈਂਕ ਦੀ ਕਾਰਪੋਰੇਟ ਕਮਿਊਨੀਕੇਸ਼ਨ ਅਤੇ ਪਬਲਿਕ ਅਫੀਸਰਜ਼ ਦੀ ਵਾਈਸ ਪ੍ਰੈਜ਼ੀਡੈਂਟ ਪ੍ਰੇਮਾ ਰਾਏ ਚੌਧਰੀ ਕਹਿੰਦੀ ਹੈ "ਮੀਟੂ ਦੇ ਪੈਰੋਕਾਰਾਂ ਨੂੰ ਉਸ ਨੂੰ ਮਹੱਤਵਹੀਣ ਬਣਾਉਣ ਤੋਂ ਬਚਣਾ ਚਾਹੀਦਾ ਹੈ, ਅਦਾਰਿਆਂ ਨੂੰ ਕੁੱਲ ਮਿਲਾ ਕੇ ਵਾਤਾਵਰਨ ਨੂੰ ਸਹੀ ਬਣਾਉਣਾ ਚਾਹੀਦਾ ਹੈ ਤੇ ਬੁਰੇ ਵਿਹਾਰ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ ਆਖਿਰ ਲੋਕਾਂ ਨੂੰ ਅੱਛਾ ਵਰਤਾਅ ਕਰਨ ਨੂੰ ਕਹਿਣ ਵਿੱਚ ਭਲਾ ਲੱਗਦਾ ਵੀ ਕੀ ਹੈ।" ਦੁਆ ਕਹਿੰਦੀ ਹੈ ਦਫ਼ਤਰ ਵਿੱਚ ਬਾਤਚੀਤ ਮਜ਼ਾਕ ਪ੍ਰਤੀ ਹੀ ਚੌਕਸੀ ਬੇਮਾਨੀ ਹੈ। ਮੀਟੂ ਦੇ ਦੋਸ਼ਾ ਤੇ ਗੌਰ ਕਰੀਏ ਤਾਂ ਇਹ ਐਸੀ ਛੋਟੀਆਂ ਮੋਟੀਆਂ ਚੀਜ਼ਾਂ ਨਾਲ ਜੁੜੀ ਨਹੀਂ ਹੈ ਕਿ "ਅੱਜ ਤੁਸੀਂ ਸੁੰਦਰ ਲੱਗ ਰਹੇ ਹੋ" ਪਰ ਜ਼ਿਆਦਾਤਰ ਖੁੱਲ੍ਹਮ ਖੁੱਲ੍ਹੇ, ਅਸ਼ਲੀਲਤਾ ਅਤੇ ਉਤਪੀੜਨ ਦੇ ਮਾਮਲੇ ਹਨ। ਇਸ ਲਈ ਉਤਪੀੜਨ ਦੇ ਦੋਸ਼ਾਂ ਅਤੇ ਝੂਠੀਆਂ ਸ਼ਿਕਾਇਤਾਂ ਖਿਲਾਫ ਸਹੀ ਭਰੋਸੇਯੋਗ ਅੰਦਰੂਨੀ ਜਾਂਚ ਅਤੇ ਸਖ਼ਤ ਸਜ਼ਾਯੋਗ ਕਾਰਵਾਈ ਹੀ ਮਦਦਗਾਰ ਹੋ ਸਕਦੀ ਹੈ।" ਭੱਟਾਚਾਰੀਆ ਸੰਤੁਲਿਤ ਟਿੱਪਣੀ ਕਰਦੀ ਹੈ, "ਮੈਨੂੰ ਪੂਰਾ ਯਕੀਨ ਹੈ ਕਿ ਮੀ ਟੂ ਮੁਹਿੰਮ ਸਾਜ਼ਗਾਰ ਸੀ। ਇਹ ਵਕਤ ਹੈ ਕਿ ਔਰਤਾਂ ਆਪਣੇ ਨਾਲ ਹੋਏ ਬੁਰੇ ਵਿਹਾਰ ਵਾਲੇ ਖੁੱਲ੍ਹ ਕੇ ਬੋਲਣ ਪਰ ਇਸ ਸਾਰੇ ਵਿੱਚ ਮੈਂ ਕੁਝ ਔਰਤਾਂ ਨੂੰ ਦੂਜੇ ਕਾਰਨਾਂ ਤੋਂ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਦੇ ਵੀ ਦੇਖਿਆ ਹੈ। ਮੈਂ ਸਹੀ ਮਾਮਲੇ ਦੇ ਨਾਲ ਸੌ ਫ਼ੀਸਦੀ ਖੜ੍ਹੀ ਹਾਂ। ਪਰ ਬਦਕਿਸਮਤੀ ਨਾਲ ਕੁਝ ਲੋਕ ਇਸ ਨੂੰ ਮਹੱਤਵਹੀਣ ਬਣਾ ਰਹੇ ਹਨ। ਦਰਅਸਲ ਜਵਾਬੀ ਰਵੱਈਏ ਦੇ ਪਿੱਛੇ ਇਸੇ ਹੀ ਮਾਮਲੇ ਹਨ।" ਆਪਣੀ ਗੱਲਬਾਤ ਦੀ ਤਸਦੀਕ ਕਰਦਿਆਂ ਹੋਇਆਂ ਭੱਟਾਚਾਰੀਆ ਦੇ ਕੋਲ ਇੱਕ ਘਟਨਾ ਵੀ ਹੈ ਉਹ ਦੱਸਦੀ ਹੈ "ਮੇਰੇ ਇੱਕ ਦੋਸਤ ਨੂੰ ਉਸ ਦੀ ਸਹਿਕਰਮੀ ਨੇ ਉਸ ਨੂੰ ਤਰੱਕੀ ਨਾ ਦੇਣ ਤੇ ਗੰਭੀਰ ਪਰਿਣਾਮ ਭੁਗਤਨ ਦੀ ਧਮਕੀ ਦਿੱਤੀ। ਅਜਿਹੀਆਂ ਹੀ ਗੱਲਾਂ ਅੰਦੋਲਨ ਨੂੰ ਕਮਜ਼ੋਰ ਕਰਦੀਆਂ ਹਨ ਪਰ ਮੈਂ ਅਜਿਹਾ ਨਹੀਂ ਕਹਾਂਗੀ ਕਿ ਐਸਾ ਹੀ ਹੋ ਰਿਹਾ ਹੈ। ਇਹ ਸਭ ਨੂੰ ਆਮ ਹੋਣ ਵਿੱਚ ਥੋੜ੍ਹਾ ਵਕਤ ਲੱਗੇਗਾ ਪਰ ਇਹ ਆਮ ਤੇ ਸਹਿਜ ਹੋ ਜਾਵੇਗਾ ਅਤੇ ਸੁਰੱਖਿਅਤ ਦਫਤਰ ਇਸ ਦਾ ਸਿੱਟਾ ਹੋਵੇਗਾ।" ਵਾਸ਼ਿੰਗਟਨ ਪੋਸਟ ਦੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਮੀਟੂ ਔਰਤਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਉਸ ਦਾ ਇੱਕ ਤਤਕਾਲੀਨ ਸਿੱਟਾ ਤਾਂ ਇਹ ਹੈ ਕਿ ਵਾਲ ਸਟ੍ਰੀਟ ਤੇ ਮਰਦ ਦਾਬਾ ਹੋਣ ਕਾਰਨ ਉਹ ਮੈਂਟਰ ਮਰਦਾਂ ਨੂੰ ਖੋਹ ਰਹੀਆਂ ਹਨ। ਮਰਦ ਬੌਸਾਂ ਨੂੰ ਇਹ ਵੀ ਡਰ ਹੋ ਸਕਦਾ ਹੈ ਕਿ ਲੋਕ ਜੂਨੀਅਰ ਸਹਿਯੋਗੀ ਸਹਿ-ਕਰਮੀਆਂ ਦੇ ਨਾਲ ਉਨ੍ਹਾਂ ਦੀ ਦੋਸਤ ਨੂੰ ਯੌਨ ਧੱਕਾ ਸਮਝ ਕੇ ਗਲਤ ਮਤਲੱਬ ਕੱਢ ਸਕਦੇ ਹਨ। ਇਸ ਅਸੰਜਮ ਤੋਂ ਵੱਖਰਾ ਔਰਤਾਂ ਪ੍ਰਤੀ ਭਾਵਨਾ ਤੇ ਬੁਰੇ ਲੋਕਾਂ ਦੀ ਵਿਦਾਈ ਬਾਕੀ ਹੈ। ਕਈ ਦੱਖਣੀ ਭਾਰਤੀ ਕਲਾਕਾਰਾਂ ਨੇ ਪ੍ਰਭਾਵਸ਼ਾਲੀ ਨਾਵਾਂ ਇਸ ਨੂੰ ਸਰਵਜਨਕ ਕੀਤਾ ਅਤੇ ਉਨ੍ਹਾਂ ਲੋਕਾਂ ਨੇ ਉਸ ਦੀ ਸਜ਼ਾ ਵੀ ਭੁਗਤੀ। ਹਿੰਦੀ ਮਲਿਆਲਮ ਫਿਲਮਾਂ ਦੀ ਮੁੱਖ ਤੇ ਬੇਬਾਕ ਅਭਿਨੇਤਰੀ ਪਾਰਵਤੀ ਨੇ ਕੰਮ ਨਾ ਮਿਲਣ ਦੇ ਬਾਰੇ ਦੱਸਿਆ।ਪਾਸ਼ਰਵ ਗਾਇਕਾ ਚਿੰਨਮੀ ਸ੍ਰੀਪਦ ਨੇ ਤਾਂ ਆਪਣੀ ਬੇਬਾਕੀ ਨਾਲ ਲਾਜਵਾਬ ਹੀ ਕਰ ਦਿੱਤਾ। ਉਨ੍ਹਾਂ ਕਿਹਾ "ਮੈਨੂੰ ਮੇਰੇ ਕੰਮ ਕਰਨ ਦੇ ਅਧਿਕਾਰ ਤੋਂ ਵੰਚਿਤ ਕਰ ਦਿੱਤਾ ਗਿਆ ਹੈ ਪਰ ਇਹ ਮੇਰੀ ਬੋਲਣ ਦਾ ਹੀ ਨਤੀਜਾ ਹੈ। ਗੀਤਕਾਰ ਵੇਰਾਮੈ-ਥਿਊ ਦਾ ਨਾਮ ਜਨਤਕ ਕਰਨ ਦੇ ਕਾਰਨ ਮੈਨੂੰ ਚੇਨਈ ਵਿੱਚ ਡਬਿੰਗ ਯੂਨੀਅਨ ਤੋਂ ਬਾਹਰ ਕਰ ਦਿੱਤਾ ਗਿਆ ਹੈ।" ਕੰਨੜ ਫਿਲਮ ਅਭਿਨੇਤਰੀ ਸ਼ਰਤੀ ਹਰੀਹਰਨ ਨੂੰ ਵੀ ਅਭਿਨੇਤਾ ਅਰਜੁਨ ਸਰਜਾ ਦਾ ਨਾਂ ਲੈਣ ਦੇ ਲਈ ਐਸਾ ਹੀ ਖਮਿਆਜ਼ਾ ਭੁਗਤਨਾ ਪਿਆ ਹੈ। ਉਹ ਕਹਿੰਦੀ ਹੈ “ਮੀਟੂ ਦਾ ਆਫ਼ਟਰ ਇਫੈਕਟ ਐਸਾ ਹੈ ਕਿ ਇੱਕ ਵਾਰ ਜਦ ਤੁਸੀਂ ਬੋਲ ਦਿੰਦੇ ਹੋ ਤਾਂ ਉਹ ਲੋਕ ਯਕੀਨ ਕਰਦੇ ਕੇ ਪੀੜਤ ਬਦਚੱਲਣ ਅਤੇ ਝੂਠੀ ਹੈ। ਉਨ੍ਹਾਂ ਦੀ ਗੱਲ ਚੇਤਾਵਨੀ ਸਾਬਤ ਹੋਈ। ਇਹ ਅੱਗੇ ਕਹਿੰਦੀ ਹੈ "ਸੁਪਰ ਸਟਾਰਜ਼ ਨੇ ਵੀ ਇੱਕ ਵੀ ਸ਼ਬਦ ਨਹੀਂ ਬੋਲਿਆ। ਨਾਟਕ ਫਿਲਮ ਚੈਂਬਰ ਨੇ ਮੈਨੂੰ ਬੁਲਾਇਆ ਅਤੇ ਧਮਕਾਇਆ ਕਿ ਮੈਂ ਇੰਡਸਟਰੀ ਦੇ ਬਾਰੇ ਵਿੱਚ ਇੱਕ ਵੀ ਸ਼ਬਦ ਨਾ ਬੋਲਾਂ।" ਇਸ ਸਭ ਤੋਂ ਅੱਗੇ ਆਉਣ ਲਈ ਅਜੇ ਗੰਭੀਰਤਾ ਵਰਤਣੀ ਚਾਹੀਦੀ ਹੈ। ਦੋਸ਼ੀਆਂ ਤੋਂ ਲੈ ਕੇ ਨਿਰਦੋਸ਼ ਮਰਦਾਂ ਨੂੰ ਬਚਾਉਣ ਤਕ। ਜਾਂ ਫਿਰ ਹਮਲਾ ਸ਼ਾਂਤ ਹੋਣ ਤੋਂ ਬਾਅਦ "ਇਹ ਤਾਂ ਹੁੰਦਾ ਹੀ ਰਹਿੰਦਾ ਹੈ" ਕਹਿਣਾ ਅਤੇ ਸਿਸਟਮ ਤੋਂ ਬਾਹਰ ਕਰ ਦਿੱਤੇ ਗਏ ਦੋਸ਼ੀ ਮਰਦਾਂ ਨੂੰ ਬਚਾਉਣਾ ਇਸ ਵਿੱਚ ਸ਼ਾਮਲ ਹੈ। ਕੁਝ ਔਰਤਾਂ ਸੋਚਦੀਆਂ ਹਨ ਕਿ ਭਾਰਤ ਵਿੱਚ ਚੱਲ ਰਹੇ ਫੈਮਿਨਿਸਟ ਅੰਦੋਲਨ ਵਿੱਚ ਮੀ ਟੂ ਉਨ੍ਹਾਂ ਦੀ ਟੋਪੀ ਵਿੱਚ ਇੱਕ ਕਲਗੀ ਦੀ ਤਰ੍ਹਾਂ ਹੈ। ਸਾਬਕਾ ਸਿਵਲ ਸਰਵੈਂਟ ਅਤੇ ਬੰਬੇ ਹਾਈ ਕੋਰਟ ਵਿੱਚ ਬੁਲਾਰਾ ਆਭਾ ਸਿੰਘ ਕਹਿੰਦੀ ਹੈ "ਅੰਦੋਲਨ ਦੇ ਕੁਝ ਮੁੱਖ ਯੋਗਦਾਨਾਂ ਵਿੱਚ ਇਹ ਹੈ ਕਿ ਯੌਨ ਜਬਰ ਸਬੰਧੀ ਕਾਨੂੰਨਾਂ ਬਾਰੇ ਜਾਗਰੂਕਤਾ ਕਾਫੀ ਵਧੀ ਹੈ।ਸ਼ੱਕੀ ਵਿਹਾਰ ਕਰਨ ਤੋਂ ਪਹਿਲਾਂ ਮਰਦ ਕਈ ਵਾਰ ਸੋਚਦੇ ਹਨ।ਕਈ ਦਫ਼ਤਰਾਂ ਵਿੱਚ ਅੰਦਰੂਨੀ ਸ਼ਿਕਾਇਤ ਸੰਮਤੀਆਂ ਦੀ ਸਥਾਪਨਾ ਵੀ ਕੀਤੀ ਜਾ ਰਹੀ ਹੈ,ਹਾਲਾਂਕਿ ਕਈ ਰਾਜਨੀਤਕ ਪਾਰਟੀਆਂ ਜਿਨਾਂ ਵਿੱਚ ਕਾਂਗਰਸ ਤੇ ਭਾਜਪਾ ਸ਼ਾਮਲ ਹਨ ਅਜੇ ਤੱਕ ਇਸ ਦਿਸ਼ਾ ਵਿੱਚ ਕੋਈ ਪਹਿਲ ਨਹੀਂ ਕਰ ਰਹੀਆਂ ਹਨ। ਔਰਤਾਂ ਹੁਣ ਬੇਵੱਸ ਤੇ ਬੇਸਹਾਰਾ ਨਹੀਂ ਹਨ। ਉਹ ਆਪਣੇ ਕਾਨੂੰਨੀ ਅਧਿਕਾਰ ਜਾਂਣਦੀਆਂ ਹਨ। ਸਮਾਜ ਦੇ ਸੋਸ਼ਲ ਮੀਡੀਆ ਵਿੱਚ ਇਸ ਦੀ ਬੇਹੱਦ ਹਮਾਇਤ ਹੈ। ਹਾਲਾਂਕਿ ਘੋਲ ਨੂੰ ਦਲੀਲ ਪੂਰਵਕ ਸਿੱਟੇ ਤੇ ਪਹੁੰਚਾਉਣ ਲਈ ਅਜੇ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ।" ਪੱਤਰਕਾਰ ਦਿਵਿਆ ਕਾਰਤੀਕੇਨ ਕਹਿੰਦੀ ਹੈ "ਜਦ ਇੱਕ ਮਰਦਾਂ ਦਾ ਜਨਤਕ ਵਿਹਾਰ ਸਹੀ ਨਹੀਂ ਹੁੰਦਾ ਉਸ ਦਾ ਹੱਲ ਸੌਖਾ ਨਹੀਂ। ਇੱਕ ਪ੍ਰਸਿੱਧ ਅਖ਼ਬਾਰ ਜਿਸ ਦੇ ਦਾਗਦਾਰ ਮਰਦਾਂ ਨੂੰ ਆਪਣੇ ਇੱਥੇ ਜਗ੍ਹਾਂ ਦਿੱਤੀ, ਦਰਅਸਲ ਇਸ ਗੱਲ ਦੀ ਮਿਸਾਲ ਹੈ ਕਿ ਸੰਪਾਦਕ ਖ਼ੁਦ ਨੂੰ ਬਚਾ ਰਹੇ ਹਨ।" ਸ਼ੀ ਦਿ ਪੀਪਲ ਦੀ ਸੰਪਾਦਕ ਕਿਰਨ ਮੁਰਣਾਲ ਕਹਿੰਦੀ ਹੈ "ਮੈਨੂੰ ਨਹੀਂ ਲੱਗਦਾ ਕਿ ਕੋਈ ਔਰਤ ਜਦ ਆਵਾਜ਼ ਬੁਲੰਦ ਕਰਦੀ ਹੈ ਤਾਂ ਉਸ ਨੂੰ ਇਹ ਅਹਿਸਾਸ ਨਹੀਂ ਹੋਵੇਗਾ ਕਿ ਉਸ ਕੀ ਭੁਗਤਣਾ ਪੈ ਸਕਦਾ ਹੈ। ਇਸ ਮੁਹਿੰਮ ਲਈ ਚਰਚਾ ਵਿੱਚ ਆਈ ਪੱਤਰਕਾਰ ਗਜਾਲਾ ਵਹਾਬ ਕਹਿੰਦੀ ਹੈ "ਇਹ ਕਹਿਣਾ ਅਜੇ ਜਲਦਬਾਜ਼ੀ ਹੋਵੇਗੀ ਕਿ ਇਹ ਦੌਰ ਬੀਤ ਗਿਆ’ ਮੀਟੂ ਕੋਈ ਕ੍ਰਾਂਤੀ ਨਹੀਂ ਹੈ ਤੇ ਨਾ ਕੋਈ ਇਸ ਭਰਮ ਵਿੱਚ ਰਹੇ ਕਿ ਭਾਰਤੀ ਦਫ਼ਤਰਾਂ ਦਾ ਮਾਹੌਲ ਰਾਤੋਰਾਤ ਬਦਲ ਜਾਵੇਗਾ।" ਤਾਂ ਫਿਰ ਹੋਣਾ ਕੀ ਚਾਹੀਦਾ ਹੈ? ਅੰਦਰੂਨੀ ਸ਼ਿਕਾਇਤ ਸੰਮਤੀਆਂ ਨੂੰ ਆਪਣੇ ਨਾਲ ਸਬੰਧਿਤ ਸੰਗਠਨਾਂ ਵਿੱਚ ਕਥਿਤ ਯੌਨ ਜਬਰ ਕਰਤਾਵਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਮੀਟੂ ਮਾਮਲਿਆਂ ਦੀ ਵਿਆਪਕ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਨਾਉਣ ਲਈ ਕਦਮ ਉਠਾਏ ਜਾਣੇ ਚਾਹੀਦੇ ਹਨ ਕਿ ਘਟਨਾ ਤੋਂ ਉਭਰਦੀਆਂ ਔਰਤਾਂ ਨੂੰ ਕਥਿਤ ਯੌਨ ਜਬਰ ਕਰਤਾਵਾਂ ਦੇ ਸੰਪਰਕ ਚ ਨਾ ਆਉਣਾ ਪਵੇ।ਔਰਤਾਂ ਨੂੰ ਉਨ੍ਹਾਂ ਦੇ ਕੈਰੀਅਰ ਦੀਆਂ ਸੰਭਾਵਨਾਵਾਂ ਵਿੱਚ ਕਿਸੇ ਵੀ ਬੇਲੋੜੀ ਦਖ਼ਲਅੰਦਾਜ਼ੀ ਤੋਂ ਰੋਕਣ ਲਈ ਸੁਰੱਖਿਆ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ। ਇਹ ਧਿਆਨ ਵਿੱਚ ਰੱਖਦੇ ਹੋਇਆ ਕਿ ਇਹ ਜ਼ਿਆਦਾਤਰ ਨਾਂ ਤਾਕਤਵਰ ਮਰਦਾਂ ਦੇ ਹੁੰਦੇ ਹਨ। ਕੰਮਕਾਰ ਵਾਲੀਆਂ ਥਾਵਾਂ ਤੇ ਔਰਤਾਂ ਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ। ਪੁਲਿਸ ਅਤੇ ਨਿਆਂਤੰਤਰ ਨੂੰ ਆਰੋਪੀਆਂ ਦੇ ਖਿਲਾਫ ਮੁਕੱਦਮੇ ਦਰਜ ਕਰਨੇ ਚਾਹੀਦੇ ਹਨ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਮੀ ਟੂ ਕਾਨੂੰਨੀ ਮਾਮਲਿਆਂ ਵਿੱਚ ਅਸਫਲਤਾ ਦਾ ਸਿੱਟਾ ਹੈ। ਨਿਆਂ ਹਾਸਲ ਕਰ ਚੁੱਕੀਆਂ ਲੜਕੀਆਂ ਜਾਂ ਔਰਤਾਂ ਨੂੰ ਅੱਗੇ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਜਵਾਬੀ ਹਮਲੇ ਤੋਂ ਬਚਾਉਣ ਦੀ ਰਾਜ ਨੂੰ ਚੌਕਸੀ ਕਦਮ ਉਠਾਉਣੇ ਚਾਹੀਦੇ ਸਿਰਫ ਇਸ ਤਰ੍ਹਾਂ ਦੀ ਸੁਰੱਖਿਆ ਉਨ੍ਹਾਂ ਨੂੰ ਦਫ਼ਤਰਾਂ ਦੇ ਮਾਹੌਲ ਨੂੰ ਬਾਹਰ ਲਿਆਉਣ ਲਈ ਪ੍ਰੇਰਿਤ ਕਰੇਗੀ। ਮਹਿਲਾ ਵਿਕਾਸ ਬਾਲ ਮੰਤਰਾਲਿਆਂ ਨੇ ਇਨ੍ਹਾਂ ਮਾਮਲੇ ਦੀ ਜਾਂਚ ਲਈ ਜੋ ਸੰਮਤੀ ਬਣਾਈ ਹੈ ਉੱਥੇ ਨਿਰਪੱਖ ਤਰੀਕੇ ਨਾਲ ਜਾਂਚ ਹੋਣੀ ਚਾਹੀਦੀ ਹੈ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਂ ਆ ਗਿਆ ਹੈ ਕਿ ਸਾਨੂੰ ਮਰਦਾਂ ਨੂੰ ਵੀ ਸੋਚਦੇ ਹੋਏ ਯੌਨ ਉਤਪੀੜਤ ਨਿਯਮਾਂ ਨੂੰ ਜੈਂਡਰ ਨਿਊਟਰਲ ਬਣਾਈਏ ਕਿਉਂਕਿ ਪੀੜਤ ਮਰਦਾਂ ਦੀ ਚੁੱਪ ਲੰਮੇ ਸਮੇਂ ਤੋਂ ਅਣਸੁਣੀ ਰਹੀ ਹੈ। (ਤੱਥਾਂ ਦਾ ਸਰੋਤ ਆਊਟਲੁੱਕ ਜਨਵਰੀ 2019)

ਪੇਸ਼ਕਸ਼ ਡਾ ਅਜੀਤਪਾਲ ਸਿੰਘ ਐਮ ਡੀ

# ਪੰਜਾਬੀ ਭਾਸ਼ਾ ਦੇ ਰੁਤਬੇ ਨੂੰ ਉੱਚਾ ਕਰੇਗੀ ਮਨੋਰੰਜਨ ਭਰਪੂਰ ਫ਼ਿਲਮ ‘ੳ ਅ’

ਕਾਮੇਡੀ ਤੋਂ ਬਾਅਦ ਹੁਣ ਪੰਜਾਬੀ ਸਿਨਮਾ ਆਪਣੀ ਮਾਂ ਬੋਲੀ ਲਈ ਫ਼ਿਕਰਮੰਦ ਹੋਇਆ ਹੈ। ਅੱਜ ਦੇ ਅੰਗਰੇਜੀ ਸਕੂਲਾਂ ਦੀ ਭਰਮਾਰ ਨੇ ਮਾਂ ਬੋਲੀ ਦੇ ਰੁਤਬੇ ਨੂੰ ਠੇਸ ਦਿੱਤੀ ਹੈ।ਸਿੱਖਿਆ ਦੇ ਵਪਾਰੀਕਰਨ ਨੇ ਪੰਜਾਬੀ ਭਾਸ਼ਾ ਨੂੰ ਪਛਾੜ ਕੇ ਰੱਖ ਦਿੱਤਾ ਹੈ।ਸਰਕਾਰੀ ਸਕੂਲਾਂ ਦੀ ਤਰਸ਼ਯੋਗ ਹਾਲਤ ਵੇਖਦਿਆਂ ਹਰੇਕ ਮਾਂ ਬਾਪ ਆਪਣੇ ਬੱਚਿਆਂ ਨੂੰ ਕੌਨਵੈਂਟ ਸਕੂਲਾਂ ਵਿੱਚ ਪੜਾਉਣ ਨੂੰ ਪਹਿਲ ਦਿੰਦੇ ਹਨ। ਮਹਿੰਗੇ ਸਕੂਲਾਂ ਵਿੱਚ ਪੜ੍ਹਣ ਵਾਲੇ ਬੱਚੇ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਰਹੇ ਹਨ ਜੋ ਮਾੜਾ ਰੁਝਾਨ ਹੈ।

ਅਜਿਹੇ ਮੁੱਦਿਆਂ ਨੂੰ ਸਿਨਮਾ ਮਾਧਿਆਮ ਰਾਹੀਂ ਲੋਕ ਆਵਾਜ਼ ਬਣਾਉਣਾ ਇੱਕ ਚੰਗੀ ਗੱਲ ਹੈ।1 ਫਰਵਰੀ ਨੂੰ ਰਿਲੀਜ਼ ਹੋਣ ਵਾਲੀ ’ਫਰਾਈਡੇਅ ਰਸ਼ ਮੋਸ਼ਨ ਪਿਕਚਰਜ਼’, 'ਨਰੇਸ਼ ਕਥੂਰੀਆ ਫ਼ਿਲਮਜ਼’ ਅਤੇ 'ਸਿਤਿਜ਼ ਚੌਧਰੀ ਫ਼ਿਲਮਜ਼’ ਬੈਨਰ ਹੇਠ ਬਣੀ ਅਤੇ ਨਿਰਮਾਤਾ ਰੁਪਾਲੀ ਗੁਪਤਾ, ਦੀਪਕ ਗੁਪਤਾ, ਸ਼ਿਤਿਜ ਚੌਧਰੀ ਅਤੇ ਨਰੇਸ਼ ਕਥੂਰੀਆ ਵੱਲੋਂ ਪ੍ਰੋਡਿਊਸ ਪੰਜਾਬੀ ਫ਼ਿਲਮ 'ੳ ਅ’ ਅਜੋਕੇ ਦੌਰ ਦੀ ਸਿੱਖਿਆ ਪ੍ਰਣਾਲੀ ਤੇ ਮਾਂ ਬੋਲੀ ਦੇ ਘੱਟਦੇ ਸਤਿਕਾਰ ’ਤੇ ਚਿੰਤਾ ਪ੍ਰਗਟਾਉਂਦੀ ਇੱਕ ਵਿਅੰਗਮਈ ਕਾਮੇਡੀ ਫ਼ਿਲਮ ਹੈ ਜੋ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਮਾਂ ਬੋਲੀ ਨਾਲ ਜੁੜਨ ਦਾ ਸੁਨੇਹਾ ਦੇਵੇਗੀ। ਇਹ ਫ਼ਿਲਮ ਪੰਜਾਬ ਦੇ ਡਿਜੀਟਿਲ ਹੋ ਰਹੇ ਵਿੱਦਿਅਕ ਅਦਾਰਿਆਂ ਦੀ ਕਾਰਜ ਪ੍ਰਣਾਲੀ ਤੇ ਮਹਿੰਗੇ ਸਕੂਲਾਂ ਵਿੱਚ ਬੱਚੇ ਪੜਾਉਣ ਦੀ ਦੌੜ ਨੂੰ ਵਿਅੰਗਮਈ ਤਰੀਕੇ ਨਾਲ ਪੇਸ਼ ਕਰੇਗੀ।



ਇਸ ਫ਼ਿਲਮ ਵਿੱਚ ਤਰਸੇਮ ਜੱਸੜ, ਨੀਰੂ ਬਾਜਵਾ, ਬੀ ਐਨ ਸ਼ਰਮਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫ਼ਿਲਮ ਦੀ ਕਹਾਣੀ ਤੇ ਪਟਕਥਾ ਨਰੇਸ਼ ਕਥੂਰੀਆ ਨੇ ਲਿਖੀ ਹੈ ਤੇ ਫ਼ਿਲਮ ਦਾ ਨਿਰਦੇਸ਼ਨ ਸ਼ਿਤਿਜ਼ ਚੌਧਰੀ ਨੇ ਦਿੱਤਾ ਹੈ। ਜ਼ਿਕਰਯੋਗ ਹੈ ਕਿ ਫ਼ਿਲਮ ਦੇ ਇਹ ਲੇਖਕ ਅਤੇ ਨਿਰਦੇਸ਼ਕ ਬਤੌਰ ਨਿ-ਰਮਾਤਾ ਵੀ ਇਸ ਫ਼ਿਲਮ ਨਾਲ ਜੁੜੇ ਹੋਏ ਹਨ। ਫ਼ਿਲਮ ਦੀ ਨਿਰਮਾਤਰੀ ਰੁਪਾਲੀ ਗੁਪਤਾ ਨੇ ਦੱਸਿਆ ਕਿ ਇਹ ਫ਼ਿਲਮ ਇੱਕ ਮਨੋਰੰਜਨ ਭਰਪੂਰ ਕਹਾਣੀ ਦਾ ਆਧਾਰ ਹੈ ਜੋ ਸਮਾਜਿਕ ਮੁੱਦਿਆਂ ਦੀ ਗੱਲ ਕਰਦੀ ਹੋਈ ਸਾਰਥਕ ਕਾਮੇਡੀ ਤੇ ਸੰਗੀਤਮਈ ਮਨੋਰੰਜਨ ਦਾ ਸੁਮੇਲ ਹੈ।

ਇਸ ਫ਼ਿਲਮ ਰਾਹੀਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪਸਾਰ ਅਤੇ ਸਤਿਕਾਰ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ ਗਿਆ ਹੈ। ਇੱਕ ਫ਼ਰਵਰੀ ਨੂੰ ਓਮ ਜੀ ਗਰੁੱਪ ਵਲੋਂ ਰਿਲੀਜ਼ ਕੀਤੀ ਜਾ ਰਹੀ ਇਸ ਫ਼ਿਲਮ ਦਾ ਨਿਰਮਾਣ ਰੁਪਾਲੀ ਗੁਪਤਾ, ਦੀਪਕ ਗੁਪਤਾ, ਸ਼ਿਤਿਜ ਚੌਧਰੀ ਅਤੇ ਨਰੇਸ਼ ਕਥੂਰੀਆ ਨੇ ਮਿਲ ਕੇ ਕੀਤਾ ਹੈ ਜੋ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਕਦਰਾਂ-ਕੀਮਤਾਂ ਦੀ ਵੀ ਗੱਲ ਕਰੇਗੀ।

**ਹਰਜਿੰਦਰ ਸਿੰਘ ਪਟਿਆਲਾ 97795 91482**

# ਅਨੁਮਾਨ, ਸਰਵੇ ਤੇ ਵਿਸ਼ਲੇਸ਼ਣ

ਅੰਗ-ਸੰਗ



ਸ਼ਾਮ ਸਿੰਘ
98141-13338

**ਜਿਵੇਂ-ਜਿਵੇਂ ਚੋਣਾਂ ਦੀ ਤਾਰੀਖ ਨੇੜੇ ਆਉਂਦੀ ਰਹਿੰਦੀ ਹੈ, ਤਿਵੇਂ-ਤਿਵੇਂ ਹਰ ਸਿਆਸੀ ਪਾਰਟੀ ਵੱਖੋ-ਵੱਖ ਹਲਕਿਆਂ ਵਿੱਚ ਚੋਣ ਸਰਵੇ ਕਰਵਾਉਂਦੀ ਹੈ ਤਾਂ ਕਿ ਲੋਕ ਰਾਇ ਪੈਦਾ ਕੀਤੀ ਜਾ ਸਕੇ। ਵੱਖ-ਵੱਖ ਏਜੰਸੀਆਂ ਅਤੇ ਚੈਨਲਾਂ ਵੱਲੋਂ ਕੀਤੇ ਜਾਂਦੇ ਇਹ ਸਰਵੇ ਏਹੀ ਪ੍ਰਭਾਵ ਪਾਉਂਦੇ ਹਨ ਕਿ ਇਹ ਕੀਤੇ ਗਏ ਹਨ, ਪਰ ਅਸਲ ਵਿੱਚ ਇਹ ਵੱਖ-ਵੱਖ ਪਾਰਟੀਆਂ ਵੱਲੋਂ ਕਰਵਾਏ ਜਾਂਦੇ ਹਨ ਤਾਂ ਜੋ ਵੋਟਰਾਂ (ਭੋਲੇ-ਭਾਲੇ ਨਾਗਰਿਕਾਂ) ਨੂੰ ਬੜੀ ਹੀ ਆਸਾਨੀ ਨਾਲ ਆਪਣੇ ਹੱਕ ਵਿੱਚ ਭੁਗਤਾਉਣ ਲਈ ਸਬਜ਼ਬਾਗ ਦਿਖਾ ਕੇ ਗੁੰਮਰਾਹ ਕੀਤਾ ਜਾ ਸਕੇ।**

ਭਾਰਤ ਦੀ ਪਾਰਲੀਮੈਂਟ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਜਿਸ ਕਾਰਨ ਰਾਜਨੀਤਕ ਅਖਾੜੇ ਵਿੱਚ ਗਰਜਣ ਵਾਲੇ ਆਪਣੇ-ਆਪਣੇ ਪਰ ਤੋਲਣ ਲੱਗ ਪਏ। ਰਾਜਨੀਤੀਵਾਨ ਆਪੋ-ਆਪਣੇ ਹਲਕੇ ਵਿੱਚ ਲੋਕਾਂ ਦੇ ਚਿਹਰੇ ਅਤੇ ਮਨ ਪੜ੍ਹ ਕੇ ਅਨੁਮਾਨ ਲਾਉਣ ਲੱਗ ਪਏ ਕਿ ਹਵਾ ਦਾ ਰੁਖ ਕਿਸ ਪਾਸੇ ਵੱਲ ਚੱਲ ਰਿਹੈ। ਅਨੁਮਾਨ ਲਾਉਣ ਵੇਲੇ ਹਰ ਕੋਈ ਆਪਣੇ ਹੀ ਹੱਕ ਵਿੱਚ ਭੁਗਤਣ ਵਾਸਤੇ ਆਪਣੇ ਸੋਚੇ ਸਮਝੇ ਪੈਮਾਨੇ ਵਰਤਣ ਤੋਂ ਗੁਰੇਜ਼ ਨਹੀਂ ਕਰਦਾ। ਆਪਣੀ ਜਿੱਤ ਦਾ ਭਰਮ ਪਾਲਣ ਲਈ ਅਨੁਮਾਨ ਲਗਾਉਂਦਿਆਂ ਜ਼ਮੀਨੀ ਹਕੀਕਤ ਦਾ ਵੀ ਧਿਆਨ ਨਹੀਂ ਰੱਖਦਾ। ਅਨੁਮਾਨ ਆਪੇ ਸਿਰਜੀ ਕਿਰਿਆ ਹੁੰਦੀ ਹੈ, ਜਿਸ ਦੇ ਠੋਸ ਆਧਾਰ ਵੀ ਨਹੀਂ ਹੁੰਦੇ ਅਤੇ ਕਲਪਨਾ ਦੇ ਰੁੱਖ ਨੂੰ ਖੜ੍ਹਾ ਕਰਨ ਲਈ ਜੜ੍ਹਾਂ ਵੀ ਨਹੀਂ ਹੁੰਦੀਆਂ।

ਅਨੁਮਾਨ ਲਾਉਣ ਦਾ ਕੰਮ ਕੱਲਾ-ਕੱਲਾ ਸਿਆਸਤਦਾਨ ਵੀ ਕਰਦਾ ਹੈ ਅਤੇ ਸਿਆਸੀ ਪਾਰਟੀਆਂ ਵੀ। ਹਰੇਕ ਆਪਣੇ ਕੀਤੇ ਕੰਮਾਂ ਨੂੰ ਵੀ ਦੇਖਦਾ ਹੈ ਅਤੇ ਪਾਰਟੀ ਦੀ ਨਿਭਾਈ ਕਾਰਗੁਜ਼ਾਰੀ ਵੀ। ਸਿਆਸੀ ਪਾਰਟੀ ਕੀਤੇ ਕੰਮਾਂ ਉੱਤੇ ਨਜ਼ਰ ਫੇਰਦੀ ਹੈ ਅਤੇ ਬੀਤੇ ਵਿੱਚ ਲੋਕਾਂ ਦੇ ਸੰਘਰਸ਼ਾਂ ਵਿੱਚ ਦਿੱਤੇ ਸਾਥ ਅਤੇ ਸਹਿਯੋਗ ਨੂੰ ਪੜ੍ਹਦੀ ਵੀ ਹੈ ਅਤੇ ਵਿਚਾਰਦੀ ਵੀ ਤਾਂ ਕਿ ਉਸ ਦੇ ਆਧਾਰ 'ਤੇ ਭਵਿੱਖ ਦੀ ਜਿੱਤ-ਹਾਰ ਦੇ ਅੰਦਾਜ਼ੇ ਲਾਏ ਜਾ ਸਕਣ। ਅਜਿਹਾ ਕਰਦਿਆਂ ਬਹੁਤਾ ਕਰਕੇ ਆਪਣੇ ਵਿਰੁੱਧ ਤਾਂ ਉੱਕਾ ਹੀ ਸੋਚਿਆ ਨਹੀਂ ਜਾਂਦਾ, ਪਰ ਅਨੁਮਾਨ ਤਾਂ ਅਨੁਮਾਨ ਹੀ ਹੁੰਦਾ, ਜਿਸ 'ਤੇ ਭਰੋਸਾ ਨਹੀਂ ਹੁੰਦਾ।

ਜਿਵੇਂ-ਜਿਵੇਂ ਚੋਣਾਂ ਦੀ ਤਾਰੀਖ ਨੇੜੇ ਆਉਂਦੀ ਰਹਿੰਦੀ ਹੈ, ਤਿਵੇਂ-ਤਿਵੇਂ ਹਰ ਸਿਆਸੀ ਪਾਰਟੀ ਵੱਖੋ-ਵੱਖ ਹਲਕਿਆਂ ਵਿੱਚ ਚੋਣ ਸਰਵੇ ਕਰਵਾਉਂਦੀ ਹੈ ਤਾਂ ਕਿ ਲੋਕ ਰਾਇ ਪੈਦਾ ਕੀਤੀ ਜਾ ਸਕੇ। ਵੱਖ-ਵੱਖ ਏਜੰਸੀਆਂ ਅਤੇ ਚੈਨਲਾਂ ਵੱਲੋਂ ਕੀਤੇ ਜਾਂਦੇ ਇਹ ਸਰਵੇ ਏਹੀ ਪ੍ਰਭਾਵ ਪਾਉਂਦੇ ਹਨ ਕਿ ਇਹ ਕੀਤੇ ਗਏ ਹਨ, ਪਰ ਅਸਲ ਵਿੱਚ ਇਹ ਵੱਖ-ਵੱਖ ਪਾਰਟੀਆਂ ਵੱਲੋਂ ਕਰਵਾਏ ਜਾਂਦੇ ਹਨ ਤਾਂ ਜੋ ਵੋਟਰਾਂ (ਭੋਲੇ-ਭਾਲੇ ਨਾਗਰਿਕਾਂ) ਨੂੰ ਬੜੀ ਹੀ ਆਸਾਨੀ ਨਾਲ ਆਪਣੇ ਹੱਕ ਵਿੱਚ ਭੁਗਤਾਉਣ ਲਈ ਸਬਜ਼ਬਾਗ ਦਿਖਾ ਕੇ ਗੁੰਮਰਾਹ ਕੀਤਾ ਜਾ ਸਕੇ। ਬੀਤੇ ਵਿੱਚ ਕੀਤੇ/ਕਰਵਾਏ ਗਏ ਸਰਵੇ ਜਿਨ੍ਹਾਂ ਨਤੀਜਿਆਂ ਨਾਲ ਮੇਲ ਕੇ ਦੇਖੇ ਹਨ, ਉਹ ਇਸ ਸਿੱਟੇ 'ਤੇ ਪਹੁੰਚ ਸਕਦੇ ਹਨ ਕਿ ਬਹੁਤਾ ਸ਼ੋਰ ਕਰਨ ਵਾਲੀ ਪਾਰਟੀ ਪਿੱਛੇ ਹੀ ਰਹਿ ਗਈ।

ਪਿਛਲੇ ਸਰਵਿਆਂ ਦੇ ਆਧਾਰ 'ਤੇ ਉਸੇ ਏਜੰਸੀ ਜਾਂ ਚੈਨਲ ਨੂੰ ਸਰਵੇ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ, ਜਿਸ ਦਾ ਸਰਵੇ ਨਿਰਪੱਖ ਤੇ ਸਹੀ ਰਿਹਾ ਹੋਵੇ। ਅਜਿਹਾ ਹੋ ਜਾਵੇ ਤਾਂ ਸਰਵੇ ਸਹੀ ਵੀ ਹੋਣਗੇ, ਨਿਰਪੱਖ ਵੀ ਅਤੇ ਸਰਵੇ ਕਰਵਾਉਣ ਵਾਲੇ ਆਪੇ ਚਿੱਤ ਹੋ ਜਾਣਗੇ। ਉਂਜ ਵੋਟਾਂ ਪੈਣ ਬਾਅਦ ਨਤੀਜੇ ਸਾਹਮਣੇ ਆ ਹੀ ਜਾਣੇ ਹੁੰਦੇ ਹਨ, ਜਿਸ ਕਾਰਨ ਸਰਵੇ ਕਰਨ ਜਾਂ ਫਿਰ ਕਰਵਾਉਣ ਦੀ ਲੋੜ ਹੀ ਨਹੀਂ। ਇਨ੍ਹਾਂ 'ਤੇ ਕਾਨੂੰਨਨ ਪਾਬੰਦੀ ਹੋਣੀ ਚਾਹੀਦੀ ਹੈ ਤਾਂ ਜੋ ਵੋਟਰਾਂ ਨੂੰ ਗੁੰਮਰਾਹ ਕਰਨ-ਕਰਵਾਉਣ ਦਾ ਮੌਕਾ ਹੀ ਨਾ ਦਿੱਤਾ ਜਾ ਸਕੇ।

ਰਹੀ ਗੱਲ ਵਿਸ਼ਲੇਸ਼ਣਾਂ ਦੀ। ਸਿਆਸੀ ਮਾਹਿਰ ਆਪਣੀ-ਆਪਣੀ ਬੋਲੀ ਬੋਲਦੇ ਹਨ, ਜੋ ਨਿਰਪੱਖ ਅਤੇ ਵਿਸ਼ਾਲ ਦਿਲੀ ਵਾਲੀ ਨਹੀਂ ਹੁੰਦੀ। ਹਰ ਕੋਈ ਆਪਣੀ ਇੱਛਾ ਅਤੇ ਰੁਝਾਨ ਮੁਤਾਬਕ ਬੋਲਦਾ ਹੈ, ਜੋ ਆਪਣਾ ਪ੍ਰਭਾਵ ਪਾਉਣ ਵਿੱਚ ਕਾਮਯਾਬ ਨਹੀਂ ਹੁੰਦਾ। ਕਈ ਵਾਰ ਤਾਂ ਬੁਲਾਰੇ ਦੀ ਗੱਲ ਅੱਧ ਅਧੂਰੀ ਵੀ ਰਹਿ ਜਾਂਦੀ ਹੈ, ਕਿਉਂਕਿ ਉਸ ਨੂੰ ਵਿੱਚੋਂ ਹੀ ਟੋਕ ਦਿੱਤਾ ਜਾਂਦਾ ਹੈ, ਜਿਸ ਕਾਰਨ ਉਸ ਦੀ ਸੋਚ ਕਿਸੇ ਸਿਰੇ ਨਹੀਂ ਲੱਗਦੀ। ਬਹੁਤੀ ਵਾਰ ਐਂਕਰ ਆਪਣੇ ਗਿਆਨ ਅਤੇ ਅਧਿਕਾਰ ਦੀ ਹੈਂਕੜ ਕਾਰਨ ਆਪਣਾ ਪ੍ਰਭਾਵ ਵੱਧ ਪਾਉਣ ਦੇ ਜਤਨ ਵਿੱਚ ਹੁੰਦਾ ਹੈ, ਜਿਸ ਨਾਲ ਬੁਲਾਰੇ ਠਿੱਬੀ ਤਾਂ ਖਾ ਲੈਂਦੇ ਹਨ, ਪਰ ਵਿਸ਼ਾ-ਵਸਤੂ ਨਜਿੱਠੇ ਨਹੀਂ ਜਾਂਦੇ।

ਕਈ ਵਾਰ ਬਹਿਸ ਵਿੱਚ ਉਹ ਵੀ ਬੈਠੇ ਹੁੰਦੇ ਹਨ, ਜਿਨ੍ਹਾਂ ਕੋਲ ਤਾਜ਼ਾ-ਤਰੀਨ ਹਾਲਤ ਦੀ ਜਾਣਕਾਰੀ ਵੀ ਨਹੀਂ ਹੁੰਦੀ ਅਤੇ ਨਾ ਹੀ ਸਹੀ ਤੱਥ ਅਤੇ ਤਾਰੀਖਾਂ ਦੀ। ਇਹ ਇੱਕ ਨਹੀਂ, ਹਰ ਚੈਨਲ ਦੀ ਇਹੋ ਸੱਚਾਈ ਹੈ ਜਿਸ ਕਰਕੇ ਸਰੋਤੇ/ਦਰਸ਼ਕ ਤੁਰੰਤ ਚੈਨਲ ਬਦਲਣ ਲਈ ਰੀਮੋਟ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਕਈ ਵਾਰ ਬਹਿਸ ਦੌਰਾਨ ਗਰਮਾ ਗਰਮੀ ਇਸ ਹੱਦ ਤੱਕ ਵਧ ਜਾਂਦੀ ਹੈ ਕਿ ਸਾਰੇ ਇੱਕ-ਦੂਜੇ 'ਤੇ ਸਵਾਰ ਹੋਣ ਨੂੰ ਫਿਰਦੇ ਹਨ ਅਤੇ ਉਨ੍ਹਾਂ ਦੀ ਗੱਲਬਾਤ ਸੁਣਨ ਵਾਲਿਆਂ ਤੱਕ ਪਹੁੰਚਦੀ ਹੀ ਨਹੀਂ।

ਚੰਗਾ ਹੋਵੇ ਜੇ ਏਜੰਸੀਆਂ, ਚੈਨਲ ਅਤੇ ਮੀਡੀਆ ਦੇ ਹੋਰ ਸਾਧਨ ਸਿਆਸੀ ਪਾਰਟੀਆਂ ਦੇ ਬੁਲਾਰੇ ਵਾਹਨ ਨਾ ਬਣਨ ਅਤੇ ਨਿਰਪੱਖਤਾ ਨਾਲ ਸਿਆਸੀ ਹਾਲਾਤ ਤੋਂ ਦੇਸ਼ ਵਾਸੀਆਂ ਨੂੰ ਜਾਣੂ ਕਰਵਾਉਣ, ਪਰ ਅਜਿਹਾ ਮੀਡੀਆ ਤਾਂ ਹੁਣ ਬੀਤੇ ਦੀ ਗੱਲ ਹੋ ਕੇ ਰਹਿ ਗਈ। ਅੱਜ ਬਹੁਤਾ ਮੀਡੀਆ ਬਹੁਤਾ ਕਰਕੇ ਹੱਥ-ਠੋਕਾ ਹੈ ਜਾਂ ਫਿਰ ਵਪਾਰਕ। ਪਿਛਲੇ ਕੁਝ ਸਮੇਂ ਵਿੱਚ ਤਾਂ ਮੀਡੀਆਂ ਵਿੱਚੋਂ ਜੁਰਅੱਤ ਹੀ ਗੁਆਚ ਕੇ ਰਹਿ ਗਈ। ਅੱਖਰਾਂ/ਸ਼ਬਦਾਂ/ਫਿਕਰਿਆਂ ਦੇ ਸਿਰ ਝੁਕਾਉਣ ਦੀ ਗੱਲ ਤਾਂ ਪਹਿਲਾਂ ਵੀ ਹੁੰਦੀ ਰਹੀ, ਪਰ ਹੁਣ ਤਾਂ ਫਿਕਰਿਆਂ ਦੇ ਫਿਕਰੇ ਰੀਂਘਣ ਹੀ ਲੱਗ ਪਏ।

ਕੋਈ-ਕੋਈ ਪੱਤਰਕਾਰ ਬੋਲਣਾ ਚਾਹੁੰਦਾ ਹੈ, ਪਰ ਉਸ ਨੂੰ ਬੋਲਣ ਹੀ ਨਹੀਂ ਦਿੱਤਾ ਜਾਂਦਾ। ਕਈ ਇੱਕ ਤਾਂ ਜੁਰਅੱਤ ਦਿਖਾਉਂਦੇ ਹੋਏ ਪੱਤਰਕਾਰੀ ਦੇ ਮੈਦਾਨ ਵਿੱਚੋਂ 'ਸ਼ਹੀਦ' (ਬਾਹਰ) ਹੀ ਹੋ ਗਏ। ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ ਨਾਲ ਅਜਿਹਾ ਹੋਣਾ ਵੱਡੀ ਮੰਦਭਾਗੀ ਗੱਲ ਹੈ, ਕਿਉਂਕਿ ਅਜਿਹਾ ਹੋਣ ਨਾਲ ਤਾਂ ਹਰ ਪਾਸੇ ਹਨੇਰਾ ਹੋ ਕੇ ਰਹਿ ਜਾਵੇਗਾ ਅਤੇ ਅਸਲੀਅਤ ਉੱਤੇ ਪਰਦਾ ਹੀ ਪਿਆ ਰਹੇਗਾ। ਸੱਚ ਅਤੇ ਹਕੀਕਤ ਉੱਤੇ ਪਰਦਾ ਪੈਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਜਾਗ ਕੇ ਦਲੇਰੀ ਨਾਲ ਪਹਿਰਾ ਦੇਣਾ ਪਵੇਗਾ।

### ਆਮ ਆਦਮੀ ਪਾਰਟੀ

ਪੰਜਾਬ ਦੇ ਸਿਆਸੀ ਹਾਲਾਤ ਆਮ ਆਦਮੀ ਲਈ ਬਹੁਤੇ ਚੰਗੇ ਅਤੇ ਕਾਰਗਰ ਨਹੀਂ। ਪਰੰਪਰਿਕ ਪਾਰਟੀਆਂ ਰਵਾਇਤੀ ਕਦਮ ਹੀ ਭਰਦੀਆਂ ਹਨ ਅਤੇ ਲੀਕ ਤੋਂ ਪਰਲਾ ਕੰਮ ਨਹੀਂ ਕਰਦੀਆਂ, ਜਿਸ ਕਾਰਨ ਆਮ ਆਦਮੀ ਦੇ ਜੀਵਨ-ਪੱਧਰ ਵਿੱਚ ਕੋਈ ਤਬਦੀਲੀ ਨਹੀਂ ਹੋ ਰਹੀ। ਇਹ ਨਵੀਂ ਆਮ ਆਦਮੀ ਪਾਰਟੀ ਨਵੇਂ ਅੰਦਾਜ਼ ਦਾ ਵਾਅਦਾ ਕਰਕੇ ਮੈਦਾਨ ਵਿੱਚ ਨਿੱਤਰੀ ਸੀ ਕਿ ਪਰਿਵਰਤਨ ਲਿਆਂਦਾ ਜਾਵੇਗਾ, ਪਰ ਸਭ ਸਿਫ਼ਰ ਹੋ ਕੇ ਰਹਿ ਗਿਆ। ਪਾਰਟੀ ਟੁੱਟ ਗਈ ਅਤੇ ਭਾਨ ਵਾਂਗ ਖਿੱਲਰ ਗਈ। ਜਿਸ ਪਾਰਟੀ ਦਾ ਸੰਚਾਲਕ ਹੀ ਵਪਾਰਕ ਬਿਰਤੀ ਦਾ ਹੋਵੇ, ਉਸ ਵੱਲੋਂ ਪਰਿਵਰਤਨ ਦੀ ਆਸ ਰੱਖਣੀ ਸੁਫ਼ਨਾ ਦੇਖਣਾ ਵੀ ਹੋ ਸਕਦਾ ਹੈ, ਕਲਪਨਾ 'ਚ ਉਡਣਾ ਵੀ। ਆਮ ਆਦਮੀ ਪਾਰਟੀ ਦੇ ਸੰਚਾਲਕ ਨੇ ਆਪਣੀ ਹੈਂਕੜ ਤਾਂ ਕਾਇਮ ਰੱਖੀ, ਜਿਸ ਨਾਲ ਪਾਰਟੀ ਲੀਰੋ-ਲੀਰ ਹੋ ਗਈ। ਸੁੱਚਾ ਸਿੰਘ ਛੋਟੇਪੁਰ ਤੋਂ ਲੈ ਕੇ ਘੁੱਗੀ ਤੱਕ ਸਭ ਰਾਹੇ ਪਾ ਦਿੱਤੇ ਗਏ ਜਾਂ ਫੇਰ ਉਡ-ਪੁਡ ਗਏ। ਨੁਕਸਾਨ ਨੇਤਾਵਾਂ ਦਾ ਘੱਟ ਹੋਇਆ, ਉਸ ਆਦਮੀ ਦਾ ਵੱਧ, ਜਿਸ ਦੇ ਅੱਗੇ ਵਾਅਦੇ ਵੀ ਪਰੋਸੇ ਗਏ ਅਤੇ ਉਮੀਦਾਂ ਵੀ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਹੀ ਵੱਡੇ ਨੇਤਾ ਪਾਰਟੀ ਤੋਂ ਬਾਹਰ ਹੋ ਗਏ। ਸਰਕਾਰ ਬਣਾਉਂਦੇ-ਬਣਾਉਂਦੇ ਵਿਰੋਧੀ ਧਿਰ ਵਿੱਚ ਆ ਗਏ। ਵਿਰੋਧੀ ਧਿਰ ਦੇ ਨੇਤਾ ਤੋਂ ਲਾਹੇ ਸੁਖਪਾਲ ਸਿੰਘ ਖਹਿਰਾ ਨੇ ਅਜਿਹਾ ਖੌਰੂ ਪਾਇਆ ਕਿ ਪਾਰਟੀ ਫਿਰ ਖੇਰੂੰ-ਖੇਰੂੰ ਹੋ ਗਈ। ਘਮਾਸਾਣ ਚੱਲਦਾ ਰਿਹਾ। ਲੋਕ ਆਮ ਆਦਮੀ ਪਾਰਟੀ ਨੂੰ ਭੁੱਲਣ ਲੱਗ ਪਏ, ਪਰ ਖਹਿਰਾ ਖਹਿਰਾ ਹੋ ਗਈ। ਉਹ ਵੀ ਆਪਣੇ ਅੱਠ ਵਿਧਾਇਕਾਂ ਤੋਂ ਅੱਗੇ ਨਾ ਵਧ ਸਕਿਆ, ਸਗੋਂ ਇੱਕ ਹੋਰ ਬੇੜੀ 'ਚੋਂ ਲਹਿ ਗਿਆ। ਸੁਖਪਾਲ ਅਤੇ ਕੰਵਰ ਸੰਧੂ ਪਾਰਟੀ 'ਚੋਂ ਮੁਅੱਤਲ ਕਰ ਦਿੱਤੇ ਗਏ।

ਹੁਣ ਤਾਂ ਪਾਰਟੀ ਟੁੱਟ ਫੁੱਟ ਹੀ ਗਈ। ਖਹਿਰੇ ਹੁਰਾਂ ਨਵੀਂ ਪਾਰਟੀ ਬਣਾਉਣ ਵੱਲ ਮੂੰਹ ਕਰ ਲਿਆ। ਲੋਕਾਂ ਨੂੰ ਬੁਰਾ ਸੁਫ਼ਨਾ ਜਾਪਿਆ ਤਾਂ ਉਨ੍ਹਾਂ ਆਪਣਾ ਮੂੰਹ ਪਾਰਟੀ ਵੱਲੋਂ ਹਟਾ ਲਿਆ। ਹੁਣ ਨਵੀਂ ਪਾਰਟੀ ਦਾ ਕੀ ਨਕਸ਼ਾ ਬਣਦਾ ਹੈ, ਇਸ ਦਾ ਅਜੇ ਕਿਸੇ ਨੂੰ ਪਤਾ ਨਹੀਂ, ਪਰ ਇਹ ਚੰਗਾ ਨਹੀਂ ਹੋ ਰਿਹਾ। ਆਮ ਆਦਮੀ ਪਾਰਟੀ ਨੂੰ ਖਾਲੀ ਥਾਂ ਮਿਲੀ ਸੀ ਪਰ ਉਹ ਮੱਲ ਨਾ ਸਕੇ, ਸਗੋਂ ਇੱਕ ਤੋਂ ਵੱਧ ਕਾਰਨਾਂ ਕਰਕੇ ਬਣੀ ਬਣਾਈ ਗੱਲ ਗੁਆ ਲਈ ਕਿ ਨਾ ਖੇਲ੍ਹਣਾ ਨਾ ਹੀ ਖੇਲ੍ਹਣ ਦੇਣਾ।

ਸੁਖਪਾਲ ਖਹਿਰਾ ਪਾਰਟੀ ਤੋਂ ਅਸਤੀਫ਼ਾ ਦੇ ਕੇ ਤਾਂ ਸੁਰਖਰੂ ਹੋ ਗਿਆ, ਪਰ ਕੰਵਰ ਕੀ ਕਰੇ। ਦੂਜਾ ਵਿਧਾਨ ਸਭਾ ਦੀ ਮੈਂਬਰੀ ਦਾ ਕੀ ਬਣੂ। ਜੇ ਅਸਤੀਫ਼ਾ ਦਿੰਦੇ ਹਨ ਤਾਂ ਸੱਤੇ ਵਿਧਾਇਕ ਤਾਂ ਹੱਥ-ਪੱਲੇ ਕੁੱਝ ਵੀ ਨਹੀਂ ਰਹੇਗਾ। ਜੇ ਮੁੜ ਚੋਣ ਹੁੰਦੀ ਹੈ ਤਾਂ ਪੰਜਾਬ ਦੇ ਖ਼ਜ਼ਾਨੇ ਸਿਰ ਮੁੜ ਚੋਣਾਂ ਦਾ ਖਰਚਾ। ਇਹ ਕੋਈ ਚੰਗੀ ਖੇਲ੍ਹ ਨਹੀਂ, ਜੋ ਪੰਜਾਬੀਆਂ ਨਾਲ ਧੋਖਾ ਹੈ, ਜਿਸ ਨੂੰ ਉਹ ਕਿਸੇ ਤਰ੍ਹਾਂ ਵੀ ਮੁਆਫ਼ ਨਹੀਂ ਕਰਨਗੇ। ਸੋਚਣਾ ਕੌਮੀ ਸੰਚਾਲਕ ਨੇ ਹੈ ਜਾਂ ਫੇਰ ਖਹਿਰਾ ਅਤੇ ਉਸ ਦੇ ਸਾਥੀਆਂ ਨੇ ਕਿ ਪੰਜਾਬ ਨੂੰ ਇਸੇ ਹਾਲਾਤ ਵਿੱਚ ਰਹਿਣ ਦੇਣਾ ਹੈ ਜਾਂ ਫੇਰ ਇਸ ਦੇ ਮੁਹਾਂਦਰੇ ਨੂੰ ਬਦਲਣ ਲਈ ਕੁਝ ਹਾਂ-ਵਾਚਕ ਕਰਨਗੇ। ਪੰਜਾਬ ਕਰਜ਼ੇ ਹੇਠ ਦੱਬਿਆ ਪਿਆ ਹੈ, ਜਿਸ ਬਾਰੇ ਕੋਈ ਸੰਜੀਦਗੀ ਨਾਲ ਸੋਚ ਹੀ ਨਹੀਂ ਰਿਹਾ।

ਚੰਗਾ ਹੋਵੇ ਜੇ ਸਾਰੀਆਂ ਸਿਆਸੀ ਧਿਰਾਂ ਪੰਜਾਬ ਅਤੇ ਪੰਜਾਬੀਆਂ ਦੀ ਫਿਕਰਮੰਦੀ ਕਰਨ ਅਤੇ ਇਸ ਨੂੰ ਤਰੱਕੀ ਦੇ ਰਾਹ ਉੱਤੇ ਪਾਉਣ ਵਾਸਤੇ ਆਪੋ-ਆਪਣਾ ਸਹੀ ਅਤੇ ਬਣਦਾ ਯੋਗਦਾਨ ਪਾਉਣ। ਅਜਿਹਾ ਹੋ ਜਾਵੇ ਤਾਂ ਪੰਜਾਬ ਤਰੱਕੀ ਕਰ ਸਕੇਗਾ, ਨਹੀਂ ਤਾਂ ਨਸ਼ੇ, ਬੇਰੁਜ਼ਗਾਰੀ ਅਤੇ ਗਰੀਬੀ ਇਸ ਨੂੰ ਹੋਰ ਨੀਵਾਣਾਂ ਵੱਲ ਲੈ ਜਾਣਗੇ।

### ਲਤੀਫ਼ੇ ਦਾ ਚਿਹਰਾ-ਮੋਹਰਾ

ਵਕੀਲ : ਤੂੰ ਪੰਜਵੀਂ ਵਾਰ ਕਚਹਿਰੀ ਵਿੱਚ ਆਇਆ ਹੈਂ, ਤੈਨੂੰ ਜ਼ਰਾ ਵੀ ਸ਼ਰਮ ਨਹੀਂ ਆਉਂਦੀ?

ਆਦਮੀ : ਜਨਾਬ ਵਕੀਲ ਸਾਹਿਬ, ਇਸ ਹਿਸਾਬ ਤੁਹਾਨੂੰ ਤਾਂ ਸ਼ਰਮ ਨਾਲ ਡੁੱਬ ਹੀ ਜਾਣਾ ਚਾਹੀਦਾ।

***

ਹਜਾਮਤੀ : ਚਾਚਾ ਵਾਲ ਛੋਟੇ ਕਰਨੇ ਹੈ ਕਿ...?

ਚਾਚਾ : ਮੈਂ ਤਾਂ ਛੋਟੇ ਕਰਾਉਣ ਲਈ ਹੀ ਆਇਆ ਹਾਂ, ਪਰ ਜੇ ਤੂੰ ਵੱਡੇ ਕਰ ਸਕਦਾ ਤਾਂ ਵੱਡੇ ਕਰ ਦੇ।

***

ਛੋਹਰਾ : ਤਾਇਆ ਆਪਣੀ ਇਸਤਰੀ ਦੇ ਦੇ

ਤਾਇਆ : ਉਹ ਸਾਹਮਣੇ ਬੈਠੀ ਹੈ ਲੈ ਜਾ

ਛੋਹਰਾ : ਇਹ ਨਹੀਂ, ਕੱਪੜਿਆਂ ਵਾਲੀ

ਤਾਇਆ : ਤੈਨੂੰ ਤਾਈ ਦੇ ਕੱਪੜੇ ਨਜ਼ਰ ਨਹੀਂ ਆ ਰਹੇ।

ਛੋਹਰਾ : ਤਾਇਆ ਨਹੀਂ, ਕਰੰਟ ਮਾਰਨ ਵਾਲੀ

ਤਾਇਆ : ਜ਼ਰਾ ਹੱਥ ਲਾ ਕੇ ਦੇਖ, ਕਰੰਟ ਨਾ ਮਾਰਿਆ ਤਾਂ ਮੇਰਾ ਨਾਂਅ ਬਦਲ ਦੇਈਂ।

# ਅੱਠਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ-ਪਰਵਾਸੀ ਸਰੋਕਾਰ (ਵਿਪਸਾ)









**ਪਟਿਆਲਾ:** ਪਟਿਆਲਾ ਯੂਨੀਵਰਸਿਟੀ ਦੇ ਅਧਿਆਪਨ ਵਿਭਾਗ ਵਲੋਂ ਆਯੋਜਿਤ ਤਿਨ ਦਿਵਸੀ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਵਿਚ ਪਰਵਾਸੀ ਸਾਹਿਤ ਅਧਿਐਨ-ਪ੍ਰਾਪਤੀਆਂ ਤੇ ਸੰਭਾਵਨਾਵਾਂ ਸਬੰਧੀ ਇਕ ਵਿਸਥਾਰ ਪੂਰਵਕ ਸਾਹਿਤਕ/ਆਲੋਚਨਾਤਮਕ ਕਾਨਫਰੰਸ ਸਿਰੇ ਚਾੜਨ ਵਿਚ ਸਫਲਤਾ ਦੀਆਂ ਚਰਮਸੀਮਾਵਾਂ ਨੂੰ ਪ੍ਰਾਪਤ ਕੀਤਾ ਹੈ। ਇਸ ਕਾਨਫਰੰਸ ਵਿਚ ਮੁੱਖ ਤੌਰ ਤੇ ਯੂ.ਐਸ.ਏ, ਕਨੇਡਾ, ਇੰਗਲੈਂਡ, ਜਾਪਾਨ, ਮਲੇਸ਼ੀਆ, ਇਟਲੀ ਦਿਆਂ ਸਾਹਿਤਕਤਰਾਂ ਨੇ ਸ਼ਮੂਲੀਅਤ ਕੀਤੀ। ਪਹਿਲੇ ਦਿਨ ਦੇ ਇੰਨਆਗਰਲ ਸੈਸ਼ਨ ਦੀ ਪ੍ਰਧਾਨਗੀ ਸੈਸ਼ਨ ਵਿਚ ਵਿਸ਼ੇਸ਼ ਤੌਰ ਤੇ ਮਹਾਰਾਨੀ ਪਰਨੀਤ ਕੌਰ, ਵਾਈਸ ਚਾਂਨਸਰਲ ਬੀ.ਐਸ.ਘੁੰਮਣ, ਸੁਰਜੀਤ ਪਾਤਰ, ਹਰਚੰਦ ਸਿੰਘ ਬੇਦੀ, ਐਚ ਐਸ ਹੰਸਪਾਲ, ਸੁਖ ਧਾਲੀਵਾਲ, ਜੀ ਐਸ ਬਤਰਾ, ਅਤੇ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ.ਹਰਜੋਧ ਸਿੰਘ ਨੇ ਸ਼ਮੂਲੀਅਤ ਕੀਤੀ। ਡਾ. ਭੁਮਇੰਦਰ ਸਿੰਘ ਨੇ ਇਸ ਸੈਸ਼ਨ ਦੇ ਭਾਵਪੂਰਵਕ ਮੇਜ਼ਮਾਨ ਵਜੋਂ ਭੂਮਿਕਾ ਨਿਭਾਈ। ਇਸ ਦੀਆਂ ਪ੍ਰਾਪਤੀਆਂ ਵਿਚ ਵਿਪਸਾ ਦੇ ਦੋ ਸਹਿਤਕਾਰਾਂ, ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੂੰ ਸਰਬਸ੍ਰੇਸ਼ਟ ਅਮਰੀਕੀ ਸਾਹਿਤਕਾਰਾਂ ਵਜੋਂ ਸਨਮਾਨਿਤ ਕੀਤਾ ਗਿਆ। ਇਸ ਦੀ ਸ਼ਾਮ ਨੂੰ ਇਕ ਉਚ ਪਾਏ ਦਾ ਗਾਇਕੀ ਸੈਸ਼ਨ ਇਸ ਕਾਂਨਫਰੰਸ ਦੀ ਰੌਚਕਤਾ ਨੂੰ ਚਾਰ ਚੰਨ ਲਾ ਗਿਆ ਜਦ ਯੂਨਵਿਰਸਿਟੀ ਦੇ ਸੰਗੀਤ ਵਿਭਾਗ ਦੀ ਮੁੱਖੀ ਬੀਬੀ ਨਿਵੇਦਿਤਾ ਕੌਰ ਅਤੇ ਉਹਨਾਂ ਦੇ ਭ੍ਰਾਤਾ ਡਾ.ਅਲੰਕਾਰ ਸਿੰਘ ਨੇ ਗੀਤ/ਗ਼ਜ਼ਲਾਂ ਦੇ ਗਾਇਨ ਵਿਚ ਅਮਰੀਕੀ ਗ਼ਜ਼ਲਕਾਰ ਕੁਲਵਿੰਦਰ ਦੀ ਗ਼ਜ਼ਲ ਨਾਲ ਇਸ ਦਾ ਆਰੰਭ ਕੀਤਾ। ਜਿਸ ਦੁਆਰਾ ਪਰਵਾਸੀ ਗ਼ਜ਼ਲ ਨੇ ਸਮਾਂ ਬੰਨ ਦਿੱਤਾ। ਦੂਜੇ ਦਿਨ ਦੀਆਂ ਮੁੱਖ ਬੈਠਕਾਂ ਵਿਚ, "ਮੈਂ ਤੇ ਮੇਰਾ ਅਨੁਭਵ" ਵਿਚ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਨੀਲਮ ਸੈਣੀ ਅਤੇ ਦਿਲ ਨਿੱਜਰ ਨੇ ਅਮਰੀਕੀ ਪਰਵਾਸੀ ਸਾਹਿਤਕਾਰਾਂ ਵਜੋਂ ਆਪੋ ਆਪਣੀਆਂ ਸਾਹਿਤਕ ਗਤੀ ਵਿਦੀਆਂ ਨਾਲ ਸਾਂਝ ਪ੍ਰਗਟਾਈ। ਇਸ ਬੈਠਕ ਦੇ ਪ੍ਰਧਾਨਗੀ ਮੰਚ ਤੇ ਵਾਇਸ ਚਾਂਸਲਰ, ਬੀ ਐਸ ਘੁੰਮਣ, ਦਲੀਪ ਕੌਰ ਟਿਵਾਣਾ, ਡਾ. ਬਲਕਾਰ ਸਿੰਘ, ਬਚਿੰਤ ਕੌਰ, ਅਤੇ ਇੰਗਲੈਂਡ ਦੇ ਸਾਹਿਤਕਾਰ ਮਨਮੋਹਨ ਭੇਡੂ ਸ਼ਸ਼ੋਬਤ ਹੋਏ ਅਤੇ ਪ੍ਰੋਫੈਸਰ ਲਹਿਰੀ ਨੇ ਇਸ ਦਾ ਮੰਚਨ ਕੀਤਾ। ਇਸ ਬੈਠਕ ਵਿਚ ਸੁਰੰਦਿਰ ਸੀਰਤ, ਦਿਲ ਨਿੱਜਰ ਅਤੇ ਚਰਨਜੀਤ ਪੰਨੂ ਦੀਆਂ ਨਵ ਪ੍ਰਕਾਸ਼ਤ ਪੁਸਤਕਾਂ, ਭਰਮ ਭੁਲਈਆਂ, ਦਿਲ ਦੀ ਇਬਾਰਤ ਅਤੇ ਮਿੱਟੀ ਦੀ ਮਹਿਕ" ਲੜੀਵਾਰ ਲੋਕ ਅਰਪਿਤ ਕੀਤੀਆਂ ਗਈਆਂ। ਇਸ ਦਿਨ ਦਾ ਸਭ ਤੋਂ ਜ਼ਿਆਦਾ ਆਕਰਸ਼ਿਤ ਹਾਸਿਲ ਇਸ ਦਾ ਪਰਵਾਸੀ ਕਵੀ ਦਰਬਾਰ ਸੀ. ਇਸ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਮੋਹਨਜੀਤ ਨੇ ਕੀਤੀ ਜਦ ਕਿ ਯੂਨੀਵਰਸਿਟੀ ਦੇ ਵੀ ਸੀ ਨੇ ਮੁਖ ਮਹਿਮਾਨ ਵਜੋਂ ਹਾਜ਼ਰੀ ਭਰੀ। ਪ੍ਰੋ. ਮੋਹਨ ਤਿਆਗੀ ਨੇ ਇਸ ਦਾ ਸੰਚਾਲਨ ਬਹੁਤ ਹੀ ਆਕਰਸ਼ਿਤ ਸੰਬੋਦਨਸ਼ੀਲਤਾ ਨਾਲ ਸਿਰੇ ਚਾੜਿਆ। ਇਸ ਵਿਚ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਕੁਲਵਿੰਦਰ, ਦਿਲ ਨਿੱਜਰ (ਅਮਰੀਕਾ ਤੋਂ), ਦਰਸ਼ਨ ਬੁਲੰਦਵੀ (ਇੰਗਲੈਂਡ), ਪਰਮਿੰਦਰ ਸੋਢੀ (ਜਾਪਾਨ), ਖੋਜੀ ਕਾਫਰ (ਕਨੇਡਾ) ਅਤੇ ਵਿਸ਼ਾਲ (ਇਟਲੀ) ਨੇ ਜਿਸ ਠਰੰਮੇ ਨਾਲ ਆਪੋ ਆਪਣੀਆਂ ਰਚਨਾਵਾਂ ਪ੍ਰਸਤੁਤ ਕੀਤੀਆਂ ਉਸ ਨੂੰ ਖਚੋ-ਖਚ ਭਰੇ ਸੈਨਿਟ ਹਾਲ ਵਿਚ ਹਾਜ਼ਰੀਨ ਅਤੇ ਪ੍ਰਧਾਨਗੀ ਮੰਚ ਵਲੋਂ ਭਰਪੂਰ ਦਾਦ ਅਤੇ ਮਾਨਤਾ ਪ੍ਰਾਪਤ ਹੋਈ। ਤੀਜੇ ਦਿਵਸ ਨੂੰ ਬਹੁਤ ਸਾਰੇ ਆਲੋਚਕਾਂ ਵਲੋਂ ਪਰਵਾਸੀ ਸਾਹਿਤ ਦੇ ਹਰ ਇਕ ਪੱਖ (ਨਾਵਲ. ਕਹਾਣੀ, ਕਵਿਤਾ, ਨਿਬੰਦ ਆਦਿ) ਓਤੇ ਵਿਸਥਾਰਪੂਰਵਕ ਸੰਵਾਦ ਰਚਾਇਆ ਗਿਆ। ਇਸ ਅਨੁਸਾਰ ਪਰਵਾਸ ਵਿਚ ਰਚਿਤ ਅਤੇ ਰਚੇ ਜਾ ਰਹੇ ਸਾਹਿਤ ਨੂੰ ਖਿੜੇ ਮੱਥੇ ਪਰਵਾਨ ਕਰਦਿਆ ਇਸ ਦੀ ਪੁਸ਼ਟੀ ਵੀ ਕੀਤੀ ਕਿ ਇਸ ਨਾਲ ਸਮੁੱਚੇ ਪੰਜਾਬੀ ਸਾਹਿਤ ਵਿਚ ਨਵੇਂ ਰੋਜਾਨ, ਸਥਾਨਕ ਪਰਵਿਰਤੀਆਂ, ਗਲੋਬਲ ਚਿੰਤਨ , ਡਿਆਸਪੋਰਕ ਪ੍ਰਭਾਵ, ਅੰਤਰ ਰਾਸ਼ਟਰੀ ਸਮਸਿਆਵਾਂ ਅਤੇ ਸੰਸਕਾਰਾਂ ਜਿਹੇ ਸੰਦਰਭ ਆ ਜੁੜੇ ਹਨ ਅਤੇ ਜੁੜਦੇ ਰਹਿਣਗੇ। ਯੂਨੀਵਰਸਿਟੀ ਦਾ ਅਧਿਐਨ ਵਿਭਾਗ ਇਸ ਗਲੋਂ ਵੀ ਮੁਬਾਰਕ ਦਾ ਪਾਤਰ ਹੈ ਕਿ ਇਸ ਨੇ ਖੋਜਿਆਰਥੀਆਂ ਤੋਂ ਤਕਰੀਬਨ ਇਕ ਸੋ ਤੋਂ ਵੱਧ ਖੋਜ ਪੱਤਰ ਪਰਵਾਸੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਸਮਰਪਿਤ ਕੀਤੇ। ਪ੍ਰੋਗਰਾਮ ਦੀ ਸਮਾਪਤੀ ਲੋਹੜੀ ਦੇ ਤਿਉਹਾਰ ਨੂੰ ਸਮਰਪਿਤ ਕੀਤੀ ਗਈ, ਜਿਸ ਵਿਚ ਵਾਇਸ ਚਾਂਸਲਰ ਬੀ.ਐਸ ਘੁੰਮਣ, ਉਹਨਾਂ ਦੀ ਧਰਮ ਪਤਨੀ ਅਤੇ ਸਾਰੇ ਸਟਾਫ ਨੇ ਲੋਹੜੀ ਦਾ ਜਸ਼ਨ ਮਨਾਇਆ।

ਇਸ ਸੈਸ਼ਨ ਵਿਚ ਸੁਰਿੰਦਰ ਸੀਰਤ ਨੂੰ ਅਦਾਰੇ ਵੱਲੋਂ ਸਨਮਾਨਿਤ ਕੀਤਾ ਗਿਆ। ਵਿਪਸਾ ਦੀਆਂ ਅਗਲੀਆਂ ਬੈਠਕਾਂ ਵਿਚ ਇਸ ਕਾਨਫਰੰਸ ਦੀਆਂ ਉਪਲਭਦੀਆਂ ਪ੍ਰਤੀ ਵਿਚਾਰ ਵਟਾਂਦਰਾ ਕੀਤਾ ਜਾਏ ਗਾ।ਇਸ ਦੇ ਨਾਲ ਹੀ ਵਿਪਸਾ ਦੀ ਅਗਲੇ ਦੋ ਵ੍ਰਰਿਆਂ ਲਈ ਜਿਸ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਗਈ ਹੈ ਉਹਨਾਂ ਵਿਚ ਸੁਰਿੰਦਰ ਸੀਰਤ (ਪ੍ਰਧਾਨ), ਭੁਪਿੰਦਰ ਦਲੇਰ (ਉਪ ਪ੍ਰਧਾਨ), ਨੀਲਮ ਸੈਣੀ (ਜਨਰਲ ਸਕੱਤਰ), ਗੁਲਸ਼ਨ ਦਿਆਲ (ਸਾਹਿਤ ਸਕੱਤਰ), ਤਾਰਾ ਸਾਗਰ (ਖਜ਼ਾਨਚੀ), ਹਰਭਜਨ ਢਿੱਲੋਂ (ਆਰਗਨਾਇਜ਼ਰ) ਵਜੋਂ ਨਾਮਜ਼ਦ ਕੀਤੇ ਗਏ ਹਨ।

# ਔਰਤਾਂ ਦੀ ਤਾਕਤ ਦਾ ਪ੍ਰਦਰਸ਼ਨ

**ਮੂਲ:- ਸੁਭਾਸਿਨੀ ਸਹਿਗਲ ਅਲੀ**
**ਅਨੁਵਾਦ: ਗੁਰਮੀਤ ਪਲਾਹੀ**


ਗੁਰਮੀਤ ਸਿੰਘ ਪਲਾਹੀ
91-98158-02070

ਨਵੇਂ ਸਾਲ ਦੀ ਸ਼ੁਰੂਆਤ, ਇੱਕ ਵਿਲੱਖਣ ਅਤੇ ਇਤਹਾਸਕ ਸ਼ੁਰੂਆਤ ਰਹੀ। ਠੀਕ ਚਾਰ ਵਜੇ ਸ਼ਾਮ ਨੂੰ ਕੇਰਲਾ ਦੇ ਇੱਕ ਕੰਢੇ ਤੋਂ ਦੂਜੇ ਕੰਢੇ ਤੱਕ 35 ਲੱਖ ਔਰਤਾਂ ਨੇ ਇੱਕ ਦੂਜੇ ਦਾ ਹੱਥ ਫੜਨ ਦੀ ਕੋਸ਼ਿਸ਼ ਕੀਤੀ। ਪਰ ਇਹ ਸੰਭਵ ਨਹੀਂ ਸੀ। ਜੇਕਰ ਉਹ ਇੱਕ ਦੂਜੇ ਦਾ ਹੱਥ ਫੜ ਲੈਂਦੀਆਂ ਤਾਂ ਇੱਕ ਪਾਸੇ ਉਹ ਅਰਬ ਸਾਗਰ ਦੇ ਅੰਦਰ ਚਲੀਆਂ ਜਾਂਦੀਆਂ ਅਤੇ ਦੂਜੇ ਪਾਸੇ ਉਹ ਤਾਮਿਲਨਾਡੂ ਦੀ ਸਰਹੱਦ ਪਾਰ ਕਰ ਲੈਂਦੀਆਂ। ਆਉਣਾ ਤਾਂ 30 ਲੱਖ ਔਰਤਾਂ ਨੇ ਸੀ। ਪਰੰਤੂ ਪਹੁੰਚ ਗਈਆਂ 35 ਲੱਖ ਔਰਤਾਂ ਤੋਂ ਵੀਂ ਜਿਆਦਾ। ਉਹਨਾ ਦੇ ਚਿਹਰੇ, ਉਹਨਾ ਦੇ ਹਾਵ-ਭਾਵ, ਉਹਨਾ ਦੀ ਮੁਸਕਰਾਹਟ ਉਹਨਾ ਦਾ ਉਤਸ਼ਾਹ, ਉਹਨਾ ਦਾ ਜੋਸ਼ ਸਾਰਾ ਕੁਝ ਇਹ ਕਹਿ ਰਿਹਾ ਸੀ। ਸਾਡੇ ਦਿਲ ਇੱਕ ਹਨ, ਸਾਡੇ ਵਿਚਾਰ ਇੱਕ ਹਨ, ਸਾਡਾ ਸੰਕਲਪ ਇੱਕ ਹੈ।

ਔਰਤਾਂ ਦਾ ਇਹ ਜਬਰਦਸਤ ਪ੍ਰਦਰਸ਼ਨ ਕੇਵਲ ਗਿਣਤੀ ਦੇ ਕਾਰਨ ਹੀ ਇਤਿਹਾਸਕ ਨਹੀਂ ਸੀ। ਇਹ ਇਸ ਲਈ ਵੀ ਸੀ ਕਿ ਸੂਬੇ ਦੇ ਕੋਨੇ-ਕੋਨੇ ਤੋਂ ਹਰ ਤਰ੍ਹਾਂ ਦੀਆਂ ਔਰਤਾਂ ਇਹ ਕਹਿਣ ਲਈ ਸੜਕਾਂ ਤੇ ਖੜੀਆਂ ਸਨ ਕਿ ਉਹ ਆਪਣੀ ਗੱਲ ਖੁਦ ਕਹਿਣ ਲਈ ਸਮਰੱਥ ਹਨ। ਪ੍ਰਦਰਸ਼ਨ ਦਾ ਸਮਰੱਥਨ ਕਰਨ ਵਾਲੇ ਲੱਖਾਂ ਪੁਰਸ਼ ਅਤੇ ਨੌਜਵਾਨ ਵੀ ਸਨ। ਵੱਖੋ ਵੱਖਰੇ ਸਮਾਜਿਕ ਅਤੇ ਸਿਆਸੀ ਸੰਗਠਨਾਂ ਦੇ ਨੇਤਾ ਵੀ ਸਨ। ਪਰੰਤੂ ਕਿਸੇ ਕੋਲ ਕੋਈ ਝੰਡਾ ਨਹੀਂ ਸੀ। ਪੂਰੇ ਸੂਬੇ ਵਿੱਚ ਲੱਗੇ ਪੋਸਟਰਾਂ ਉਤੇ ਕਿਸੇ ਨੇਤਾ ਦੀ ਫੋਟੋ ਨਹੀਂ ਸੀ । ਕੇਵਲ ਆਇਆਂਕਲੀ ਅਤੇ ਸ਼੍ਰੀ ਸ਼੍ਰੀ ਨਰਾਇਣ ਗੁਰੂ ਦੀਆਂ ਤਸਵੀਰਾਂ ਸਨ। ਸ਼੍ਰੀ ਆਇਆਂਕਲੀ ਦਲਿਤ ਪਰਿਵਾਰ ਵਿੱਚ 1863 ਵਿੱਚ ਪੈਦਾ ਹੋਏ ਸਨ। ਉਸ ਸਮੇਂ ਸੜਕਾਂ ਉਤੇ ਚਲਣਾ, ਸਕੂਲ ਜਾਣਾ, ਮੰਦਿਰ ਦੇ ਕੋਲੋਂ ਲੰਘਣਾ ਦਲਿਤਾਂ ਲਈ ਮਨ੍ਹਾਂ ਸੀ। ਆਇਆਂਕਲੀ ਨੇ ਇਸਦਾ ਵਿਰੋਧ ਕਰਦੇ ਹੋਏ ਸੜਕ ਉਤੇ ਬੈਲਗੱਡੀ 'ਚ ਬੈਠਕੇ ਯਾਤਰਾ ਕੀਤੀ। ਉੱਚ ਜਾਤੀ ਦੇ ਲੋਕਾਂ ਨੇ ਉਸ ਉਤੇ ਪੱਥਰਾਵ ਕੀਤਾ। ਪਾਗਲ ਹੋਈ ਭੀੜ ਨੇ ਉਸ ਉਤੇ ਹਮਲਾ ਕੀਤਾ। ਪਰੰਤੂ ਉਹ ਪਿੱਛੇ ਨਹੀਂ ਹਟੇ। ਫਿਰ ਉਹਨਾ ਨੇ ਦਲਿਤ ਬੱਚਿਆਂ ਲਈ ਸਕੂਲ ਸ਼ੁਰੂ ਕੀਤਾ, ਜਿਸਨੂੰ ਉਚੀ ਜਾਤੀ ਦੇ ਲੋਕਾਂ ਨੇ ਤਬਾਹ ਕਰ ਦਿੱਤਾ। 1907 ਵਿੱਚ ਤਰਾਵਨਕੋਰ ਰਾਜ ਨੇ ਸਕੂਲਾਂ ਵਿੱਚ ਐਸ.ਸੀ. ਜਾਤੀਆਂ ਅਤੇ ਜਨ ਜਾਤੀਆਂ ਦੇ ਬੱਚਿਆਂ ਦੇ ਲਈ ਸਕੂਲਾਂ 'ਚ ਦਾਖਲੇ ਦਾ ਕਾਨੂੰਨ ਪਾਸ ਕੀਤਾ, ਪਰੰਤੂ ਇਸਨੂੰ ਉੱਚ ਜਾਤੀ ਦੇ ਲੋਕਾਂ ਨੇ ਲਾਗੂ ਨਹੀਂ ਹੋਣ ਦਿੱਤਾ। ਇਸਦੇ ਵਿਰੁੱਧ ਆਇਆਂਕਲੀ ਨੇ ਖੇਤ ਮਜ਼ਦੂਰਾਂ ਦੀ ਹੜਤਾਲ ਕਰਵਾਈ। ਉਹਨਾ ਦੀ ਮੰਗ ਸੀ ਕਿ ਹੇਠਲੀ ਜਾਤ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲਾ ਮਿਲੇ। ਇਸਦੇ ਨਾਲ ਚਾਹ ਦੀਆਂ ਦੁਕਾਨਾਂ 'ਤੇ ਚਾਹ ਪੀਣ ਦਾ ਹੱਕ, ਮਜ਼ਦੂਰਾਂ ਨੂੰ ਕੋੜੇ ਮਾਰਨ ਦੀ ਸਜ਼ਾ ਦਾ ਅੰਤ ਆਦਿ ਮੰਗਾਂ ਵੀ ਜੋੜੀਆਂ ਗਈਆਂ।ਇੱਕ ਸਾਲ ਤੱਕ ਇਹ ਹੜਤਾਲ ਚੱਲੀ। ਆਖਰ ਜਿੰਮੀਦਾਰਾਂ ਨੂੰ ਸਮਝੋਤਾ ਕਰਨਾ ਪਿਆ। ਹੇਠਲੀ ਜਾਤ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲਾ ਮਿਲਿਆ। ਹੋਰ ਮੰਗਾਂ ਵੀ ਮੰਨੀਆਂ ਗਈਆਂ।

ਨਰਾਇਣ ਗੁਰੂ ਈਰਵਾ ਜਾਤ ਦੇ ਸਨ। ਇਸ ਜਾਤੀ ਨੂੰ ਪੱਛੜੀ ਜਾਤੀ ਮੰਨਿਆ ਜਾਂਦਾ ਸੀ। ਉਹਨਾ ਦਾ ਮੰਦਿਰਾਂ 'ਚ ਦਾਖਲਾ ਮਨ੍ਹਾਂ ਸੀ। ਸੜਕਾਂ ਉਤੇ ਵੀ ਉਹ ਚੱਲ ਨਹੀਂ ਸਨ ਸਕਦੇ। ਨਰਾਇਣ ਗੁਰੂ ਨੇ ਜਾਤੀ-ਪ੍ਰਥਾ ਖਤਮ ਕਰਨ ਦਾ ਨਾਹਰਾ ਦਿੱਤਾ। ਉਹਨਾ ਨੂੰ ਅਤੇ ਉਹਨਾ ਦੇ ਨਾਲ ਖੜੇ ਹੋਣ ਵਾਲੇ ਲੋਕਾਂ ਨੂੰ ਵੱਡੇ ਤਸੀਹੇ ਦਿੱਤੇ ਗਏ ਅਤੇ ਹਿੰਸਕ ਹਮਲਿਆਂ ਦਾ ਵੀ ਉਹਨਾ ਨੂੰ ਸਾਹਮਣਾ ਕਰਨਾ ਪਿਆ, ਪਰ ਜਿੱਤ ਆਖਿਰ ਉਹਨਾ ਦੀ ਹੀ ਹੋਈ।

ਪੁਰਾਣੇ ਇਤਿਹਾਸ ਅਤੇ ਪੁਰਾਣੇ ਸੰਘਰਸ਼ਾਂ ਦੀ ਕਲਪਨਾ ਵੀ ਨਵੀਂ ਪੀੜ੍ਹੀ ਨਹੀਂ ਕਰ ਸਕਦੀ। ਲੇਕਿਨ ਸਬਰੀਮਾਲਾ ਮੰਦਿਰ ਵਿੱਚ ਦਸ ਤੋਂ ਪੰਜਾਹ ਸਾਲਾਂ ਦੀਆਂ ਔਰਤਾਂ ਦੇ ਦਾਖਲੇ ਪੱਖ ਵਿੱਚ ਦੇਸ਼ ਦਾ ਸੁਪਰੀਮ ਕੋਰਟ ਵਲੋਂ ਜਾਰੀ ਹੁਕਮ ਦਾ ਕੁਝ ਪ੍ਰਤੀਕਿਰਿਆਵਾਦੀ ਤੱਤਾਂ ਨੇ ਵਿਰੋਧ ਕਰਕੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰ ਦਿੱਤਾ ਹੈ। ਇਸ ਲਈ ਇੱਕ ਜਨਵਰੀ ਨੂੰ ਇਹ ਲੱਖਾਂ ਦੀ ਗਿਣਤੀ 'ਚ ਔਰਤਾਂ ਸੜਕਾਂ 'ਤੇ ਉਤਰੀਆਂ।

ਹੈਰਾਨੀ ਦੀ ਗੱਲ ਹੈ ਕਿ ਇੱਕ ਜਨਵਰੀ ਦੀ ਰਾਤ ਨੂੰ ਹੀ ਜਦ ਦੋ ਔਰਤਾਂ ਨੇ ਚਾਰ ਕਿਲੋਮੀਟਰ ਲੰਬੀ ਯਾਤਰਾ ਪੂਰੀ ਕਰਕੇ, ਪੂਜਾ ਅਰਚਨਾ ਕੀਤੀ ਤਾਂ ਉਹਨਾ ਦਾ ਕਿਸੇ ਪ੍ਰਕਾਰ ਦਾ ਵਿਰੋਧ ਨਹੀਂ ਕੀਤਾ। ਪ੍ਰੇਸ਼ਾਨੀ ਉਹਨਾ ਲੋਕਾਂ ਨੂੰ ਹੋਈ ਜੋ ਘੜੀ ਦੀ ਸੂਈ ਨੂੰ ਪਿੱਛੇ ਵੱਲ ਚਲਾਉਣਾ ਚਾਹੁੰਦੇ ਹਨ। ਲੇਕਿਨ ਨਾ ਸੂਈ ਪਿੱਛੇ ਵੱਲ ਚਲੇਗੀ ਅਤੇ ਨਾ ਹੀ ਕੇਰਲ ਦੀਆਂ ਬਹਾਦਰ ਔਰਤਾਂ। ਉਹ ਬਰਾਬਰੀ ਵੱਲ ਅੱਗੇ ਵਧੇਗੀ, ਸਾਰਿਆਂ ਦੇ ਨਾਲ ਵਧੇਗੀ ਅਤੇ ਦੇਸ਼ ਭਰ ਦੀਆਂ ਔਰਤਾਂ ਨੂੰ ਅੱਗੇ ਵੱਧਣ ਦੀ ਪ੍ਰੇਰਨਾ ਦੇਵੇਗੀ।

## ਭਾਰਤੀ ਪ੍ਰਵਾਸੀ ਸੰਮੇਲਨ 'ਤੇ ਵਿਸ਼ੇਸ਼

# ਆਏ ਹੋ ਤਾਂ ਕੀ ਲੈਕੇ ਆਏ ਹੋ, ਚਲੇ ਹੋ ਤਾਂ ਕੀ ਦੇਕੇ ਚੱਲੇ ਹੋ

ਪ੍ਰਵਾਸੀ ਭਾਰਤੀ ਸੰਮੇਲਨ ਇਸ ਵਰ੍ਹੇ ਵਾਰਾਨਸੀ ਵਿਖੇ, ਜਿਥੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ 2014 ਦੀਆਂ ਚੋਣਾਂ 'ਚ ਮੈਂਬਰ ਪਾਰਲੀਮੈਂਟ ਚੁਣੇ ਗਏ ਸਨ, ਮਿਤੀ 21 ਜਨਵਰੀ ਤੋਂ 23 ਜਨਵਰੀ ਤੱਕ ਕਰਵਾਇਆ ਜਾ ਰਿਹਾ ਹੈ। ਪ੍ਰਵਾਸੀ ਭਾਰਤੀਆਂ ਲਈ ਇਹ ਸੰਮੇਲਨ 2003 ਤੋਂ ਆਰੰਭਿਆ ਗਿਆ ਸੀ ਅਤੇ ਸਾਲ 2015 'ਚ ਇਸਦਾ ਆਯੋਜਿਨ ਗਾਂਧੀਨਗਰ ਵਿਖੇ ਕੀਤਾ ਗਿਆ ਸੀ। ਵਾਰਾਨਸੀ ਵਿਖੇ ਕਰਵਾਇਆ ਜਾ ਰਿਹਾ ਇਹ ਸੰਮੇਲਨ 15ਵਾਂ ਸੰਮੇਲਨ ਹੈ ਅਤੇ ਮੋਦੀ ਸਰਕਾਰ ਦੇ 5 ਸਾਲਾਂ 'ਚ ਇਹ ਤੀਜਾ ਪ੍ਰਵਾਸੀ ਸੰਮੇਲਨ ਹੋਵੇਗਾ। ਸਾਲ 2016 ਵਿੱਚ ਇਹ ਸੰਮੇਲਨ ਰੱਦ ਕਰ ਦਿੱਤਾ ਗਿਆ ਸੀ ਅਤੇ ਸਾਲ 2018 ਵਿੱਚ ਇਹ ਸੰਮੇਲਨ ਕੀਤਾ ਹੀ ਨਹੀਂ ਗਿਆ। ਇਸ ਵਰ੍ਹੇ ਦਾ ਇਹ ਸੰਮੇਲਨ ਉੱਤਰਪ੍ਰਦੇਸ਼ ਸਰਕਾਰ ਦੀ ਸਹਾਇਤਾ ਅਤੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ, ਜਿਸ ਵਲੋਂ ਪ੍ਰਵਾਸੀਆਂ ਲਈ ਕੁੰਭ ਦੇ ਮੇਲੇ ਸਮੇਂ ਵਿਸ਼ੇਸ਼ ਇਸ਼ਨਾਨ ਦਾ ਪ੍ਰਬੰਧ ਹੋਵੇਗਾ ਅਤੇ ਭਾਰਤ ਸਰਕਾਰ ਵਲੋਂ 26 ਜਨਵਰੀ ਦੀ ਗਣਤਮਤਰ ਪਰੇਡ ਵਿੱਚ ਪ੍ਰਵਾਸੀਆਂ ਦੀ ਸ਼ਮੂਲੀਅਤ ਕਰਵਾਈ ਜਾਏਗੀ। ਕਿਹਾ ਜਾ ਰਿਹਾ ਹੈ ਕਿ ਵੱਖੋ-ਵੱਖਰੇ ਦੇਸ਼ਾਂ 'ਚ ਵੱਸਦੇ 8000 ਤੋਂ ਵੱਧ ਪ੍ਰਵਾਸੀ ਇਹਨਾ ਸੰਮੇਲਨਾਂ'ਚ ਹਿੱਸਾ ਲੈਣਗੇ। ਸਮਾਗਮ ਦੀ ਪ੍ਰਧਾਨਗੀ ਕਰਨ ਲਈ ਵਿਸ਼ੇਸ਼ ਤੌਰ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਮਾਰੀਸ਼ਸ ਦੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਨਾਥ ਪੁੱਜਣਗੇ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਸੰਮੇਲਨ ਦੇ ਸਮਾਪਤੀ ਸਮਾਰੋਹ ਸਮੇਂ ਭਾਸ਼ਨ ਦੇਣਗੇ ਅਤੇ ਭਾਰਤੀ ਸਨਮਾਨ ਪੁਰਸਕਾਰ ਪ੍ਰਦਾਨ ਕਰਨਗੇ। ਇਹ ਸਮਾਗਮ ਵਾਰਾਨਸੀ 'ਚ ਕਿਉਂ ਹੋ ਰਿਹਾ ਹੈ? ਕੀ ਇਹ ਕਿਸੇ ਸਿਆਸੀ ਮੰਤਵ ਲਈ ਤਾਂ ਨਹੀਂ ਕੀਤਾ ਜਾ ਰਿਹਾ?

ਕਹਿਣ ਨੂੰ ਤਾਂ ਲੰਮੇ ਸਮੇਂ ਤੋਂ ਪ੍ਰਵਾਸੀ ਭਾਰਤੀਆਂ ਨੂੰ ਵੱਖੋ-ਵੱਖਰੀਆਂ ਸਹੂਲਤਾਂ ਪ੍ਰਦਾਨ ਕਰਨ ਅਤੇ ਉਹਨਾ ਨੂੰ ਬਣਦਾ ਮਾਣ ਸਨਮਾਨ ਦੇਣ ਲਈ ਪ੍ਰਵਾਸੀ ਭਾਰਤੀਆਂ ਨਾਲ ਵੱਖੋ-ਵੱਖਰੇ ਦੇਸ਼ਾਂ 'ਚ ਰਾਵਤਾ ਕੀਤਾ ਜਾਂਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਉਹਨਾ ਨੂੰ ਭਾਰਤ ਵਿੱਚ ਆਪਣੇ ਕਾਰੋਬਾਰ ਖੋਲ੍ਹਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਪਰ ਭਾਰਤ ਵਿਚਲੀ ਇੰਸਪੈਕਟਰੀ ਜੁੰਡਲੀ ਦੀ ਮਾਰ ਹੇਠ ਪ੍ਰਵਾਸੀ ਭਾਰਤੀ ਉਹਨਾ ਤੋਂ ਬੁਰੀ ਤਰ੍ਹਾਂ ਨਿਰਾਸ਼ ਹੋਏ ਬੈਠੇ ਹਨ। ਇਹਨਾ ਕੇਂਦਰੀ ਜਾਂ ਸੂਬਾ ਸਰਕਾਰਾਂ ਵਲੋਂ ਕਰਵਾਏ ਜਾਂਦੇ ਸੰਮੇਲਨਾਂ ਵਿੱਚ ਤਾਂ ਉਹਨਾਂ ਸਰਦੇ-ਪੁੱਜਦੇ ਭਾਰਤੀਆਂ ਨੂੰ ਹੀ ਸੱਦਿਆ ਜਾਂਦਾ ਹੈ, ਜਿਹਨਾਂ ਦੀ ਸਰਕਾਰੇ-ਦਰਬਾਰੇ ਪਹੁੰਚ ਹੈ। ਆਮ ਪ੍ਰਵਾਸੀ ਤਾਂ ਇਹਨਾ ਸੰਮੇਲਨਾਂ 'ਚ ਕਿਧਰੇ ਦਿੱਸਦੇ ਨਹੀਂ ਅਤੇ ਲੱਖਾਂ ਕਰੋੜਾਂ ਰੁਪਏ ਸਰਕਾਰਾਂ ਵਲੋਂ ਇਹਨਾ ਪ੍ਰਵਾਸੀ ਸੰਮੇਲਨਾਂ ਉਤੇ ਖ਼ਰਚ ਕਰ ਦਿੱਤੇ ਜਾਂਦੇ ਹਨ।

ਭਾਰਤ ਦੇ ਵਿਦੇਸ਼ ਮੰਤਰਾਲੇ ਅਨੁਸਾਰ ਪ੍ਰਵਾਸੀ ਭਾਰਤੀਆਂ ਜਾਂ ਭਾਰਤੀ ਪਿਛੋਕੜ ਵਾਲੇ ਭਾਰਤੀਆਂ ਦੀ ਕੁੱਲ ਗਿਣਤੀ ਤਿੰਨ ਕਰੋੜ ਤੋਂ ਵਧੇਰੇ ਹੈ। ਇਹ ਪ੍ਰਵਾਸੀ ਦੁਨੀਆ ਦੇ ਇੱਕ ਸੌ ਤੋਂ ਵੀ ਵੱਧ ਦੇਸ਼ਾਂ ਵਿੱਚ ਵੱਸਦੇ ਹਨ। ਇਹ ਗੁਜਰਾਤੀ, ਬੰਗਾਲੀ, ਕਸ਼ਮੀਰੀ, ਮਰਾਠਾ, ਮਲਿਆਲੀ, ਪੰਜਾਬੀ, ਤਾਮਿਲ, ਤੇਲਗੂ, ਸਿੰਧੀ, ਉਰੀਆ ਲੋਕ ਸਨ, ਜਿਹਨਾ ਕੋਲ ਪੀ ਆਈ ਓ (ਪਰਸਨਲ ਆਫ ਇੰਡੀਆ ਉਰਿਜ਼ਨ) ਜਾਂ ਭਾਰਤੀ ਕਾਨੂੰਨ ਅਨੁਸਾਰ ਐਨ.ਆਰ.ਆਈ. ਦਾ ਦਰਜਾ ਹੈ। ਪਰ ਇਹਨਾ ਤੋਂ ਬਿਨ੍ਹਾਂ ਉਹ ਗਿਣਤੀ ਵੱਖਰੀ ਹਨ, ਜਿਹੜੇ ਗੈਰ-ਕਾਨੂੰਨੀ ਤੌਰ 'ਤੇ ਪ੍ਰਵਾਸ ਹੰਢਾ ਰਹੇ ਹਨ ਜਾਂ ਵੱਖੋ-ਵੱਖਰੇ ਦੇਸ਼ਾਂ 'ਚ ਭਾਰਤੀ ਵਿਦਿਆਰਥੀ ਹਨ ਜਿਹਨਾਂ ਦੀ ਕਿਧਰੇ ਵੀ ਗਿਣਤੀ ਨਹੀਂ ਹੁੰਦੀ ਅਤੇ ਜਿਹੜੇ ਕਰੋੜਾਂ ਰੁਪਏ ਦੇਸ਼ ਵਿਚੋਂ ਵਿਦੇਸ਼ਾਂ ਨੂੰ ਲੈ ਜਾਂਦੇ ਹਨ। ਪਰਵਾਸੀ ਭਾਰਤੀ ਭਾਰਤ ਸਰਕਾਰ ਤੋਂ ਆਪਣੀਆਂ ਮੁਸ਼ਕਲਾਂ ਹੱਲ ਕਰਨ ਲਈ ਬਹੁਤ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੇ ਹਨ ਕਿ ਉਹਨਾਂ ਨੂੰ ਦੂਹਰੀ ਨਾਗਰਿਕਤਾ ਮਿਲੇ। ਸਾਲ 2014 'ਚ ਜਦੋਂ ਨਰੇਂਦਰ ਮੋਦੀ ਅਮਰੀਕਾ ਗਏ ਸਨ ਤਾਂ ਇਹ ਮੰਗ ਵਿਸ਼ੇਸ਼ ਤੌਰ ਤੇ ਉਠੀ ਸੀ।

ਭਾਰਤ ਸਰਕਾਰ ਵਲੋਂ ਇਸ ਮਸਲੇ ਸਬੰਧੀ ਹਾਲੇ ਤੱਕ ਗੌਰ ਨਹੀਂ ਕੀਤਾ ਗਿਆ, ਪਰ ਲਗਭਗ ਹਰੇਕ ਸੰਮੇਲਨ 'ਚ ਇਹ ਮੰਗ ਜ਼ੋਰ ਸ਼ੋਰ ਪ੍ਰਵਾਸੀਆਂ ਵਲੋਂ ਨਾਲ ਚੁੱਕੀ ਜਾਂਦੀ ਹੈ ਅਤੇ ਪ੍ਰਵਾਸੀ ਭਾਰਤੀ ਇਹ ਸਮਝਦੇ ਹਨ ਕਿ ਇਸ ਮੰਗ ਦੀ ਪੂਰਤੀ ਹੀ ਉਹਨਾ ਦੀਆਂ ਸਮੱਸਿਆਵਾਂ ਦਾ ਹੱਲ ਹੈ ਕਿਉਂਕਿ ਪ੍ਰਵਾਸੀ ਭਾਰਤੀਆਂ ਨੂੰ ਦੇਸ਼ ਪਰਤਦਿਆਂ ਬਹੁਤ ਕਠਿਨਾਈਆਂ ਵਿਚੋਂ ਲੰਘਣਾ ਪੈਂਦਾ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਉਹਨਾ ਦਾ ਦੇਸ਼ ਪਰਤਣ 'ਤੇ ਹਵਾਈ ਅੱਡੇ ਉਤੇ ਜਿਸ ਢੰਗ ਨਾਲ ਤ੍ਰਿਸਕਾਰ ਕੀਤਾ ਜਾਂਦਾ ਹੈ, ਉਸਤੋਂ ਉਹ ਬਹੁਤ ਪ੍ਰੇਸ਼ਾਨ ਹੁੰਦੇ ਹਨ। ਉਹਨਾ ਨੂੰ ਆਪਣਾ ਦੇਸ਼ ਹੀ ਬੇਗਾਨਾ ਲੱਗਣ ਲੱਗ ਪੈਂਦਾ ਹੈ।

ਦੂਜਾ ਉਹਨਾ ਨੂੰ ਦੇਸ਼ ਵਿਚਲੀ ਜ਼ਮੀਨ, ਜਾਇਦਾਦ, ਘਰ, ਬੈਂਕਾਂ 'ਚ ਜਮ੍ਹਾਂ ਪੈਸਾ ਆਦਿ ਸੁਰੱਖਿਅਤ ਨਹੀਂ ਦਿਸਦਾ। ਭਾਰਤ 'ਚ ਬਣਦੇ ਆਧਾਰ ਕਾਰਡ ਨੇ ਉਹਨਾ ਦੀ ਪ੍ਰੇਸ਼ਾਨੀ 'ਚ ਵਾਧਾ ਕੀਤਾ ਜਦੋਂ ਬੈਂਕਾਂ ਨੇ ਬੈਂਕਾਂ 'ਚ ਰੱਖੀ ਜਮ੍ਹਾਂ ਪੂੰਜੀ ਅਤੇ ਫਿਕਸਡ ਡਿਪਾਜਿਟ ਲਈ ਆਧਾਰ ਕਾਰਡ ਲਾਜ਼ਮੀ ਕਰ ਦਿੱਤਾ। ਐਨ ਆਰ ਆਈ ਇਸ ਸਮੱਸਿਆ ਕਾਰਨ ਉਦੋਂ ਤੱਕ ਬਹੁਤ ਪ੍ਰੇਸ਼ਾਨ ਦਿੱਸੇ, ਜਦੋਂ ਤੱਕ ਭਾਰਤੀ ਉੱਚ ਅਦਾਲਤਾਂ ਨੇ ਇਸਦੇ ਬੈਂਕਾਂ 'ਚ ਲਾਜ਼ਮੀ ਨਾ ਹੋਣ ਦੀ ਸ਼ਰਤ ਖਤਮ ਨਹੀਂ ਕੀਤੀ। ਤੀਜਾ ਬਹੁਤ ਸਾਰੇ ਪ੍ਰਵਾਸੀ ਭਾਰਤੀਆਂ ਦੀ ਜ਼ਮੀਨ, ਜਾਇਦਾਦ, ਘਰ, ਦੁਕਾਨਾਂ ਉਹਨਾ ਦੇ ਨੇੜਲੇ ਰਿਸ਼ਤੇਦਾਰਾਂ ਨੇ ਹਜ਼ਮ ਕਰ ਲਈਆਂ, ਉਹਨਾ ਤੋਂ ਪਾਵਰ ਆਫ ਅਟਾਰਨੀ ਲੈਕੇ ਉਹਨਾ ਦੀਆਂ ਜਾਇਦਾਦਾਂ ਤੱਕ ਖੁਰਦ ਬੁਰਦ ਕਰ ਦਿੱਤੀਆਂ। ਪੰਜਾਬ ਵਿੱਚ ਤਾਂ ਇਸ ਕਿਸਮ ਦੀਆਂ ਘਟਨਾਵਾਂ ਵੀ ਵਾਪਰੀਆਂ ਕਿ ਜ਼ਮੀਨ ਮਾਫੀਏ ਨੇ ਐਨ ਆਰ ਆਈ ਵੀਰਾਂ ਦੀਆਂ ਜ਼ਮੀਨਾਂ ਪੁਲਿਸ ਅਫ਼ਸਰਾਂ ਤੇ ਨੇਤਾਵਾਂ ਨਾਲ ਰਲਕੇ ਖੁਰ-ਬੁਰਦ ਕਰ ਦਿੱਤੀਆਂ ਅਤੇ ਉਹਨਾ ਨੂੰ ਅਦਾਲਤਾਂ ਰਾਹੀਂ ਭਗੌੜੇ ਤੱਕ ਕਰਾਰ ਦੁਆ ਦਿੱਤਾ ਅਤੇ ਉਹ ਦੇਸ਼ ਪਰਤਣ ਜੋਗੇ ਵੀ ਨਹੀਂ ਰਹੇ। ਪੰਜਾਬ ਜਿਹੇ ਸੂਬੇ ਵਿੱਚ ਪ੍ਰਵਾਸੀ ਪੰਜਾਬੀਆਂ ਨੂੰ ਆਪਣੇ ਕਾਰੋਬਾਰ ਖੋਲ੍ਹਣ ਲਈ ਸੂਬਾ ਸਰਕਾਰ ਨੇ ਸੱਦੇ ਦਿੱਤੇ, ਹਰ ਵਰ੍ਹੇ ਪ੍ਰਵਾਸੀ ਪੰਜਾਬੀ ਸੰਮੇਲਨ ਵੀ ਕਰਵਾਏ।

ਐਨ ਆਰ ਆਈ ਸਭਾ ਦਾ ਗਠਨ ਕਰਕੇ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਗੱਲ ਵੀ ਹੋਈ, ਪ੍ਰਵਾਸੀ ਪੰਜਾਬੀਆਂ ਦੇ ਜਾਇਦਾਦਾਂ ਦੇ ਮਾਮਲੇ ਹੱਲ ਕਰਨ ਲਈ ਵਿਸ਼ੇਸ਼ ਅਦਾਲਤਾਂ ਵੀ ਬਣੀਆਂ, ਪਰ ਸਰਕਾਰੀ ਸੁਸਤੀ ਅਤੇ ਅਫ਼ਸਰਸ਼ਾਹੀ ਦੀ ਮਿਲੀ-ਭੁਗਤ ਕਰਕੇ ਪ੍ਰਵਾਸੀ ਪੰਜਾਬੀਆਂ ਨੂੰ ਕੋਈ ਰਾਹਤ ਨਹੀਂ ਮਿਲ ਸਕੀ। ਸੂਬਾ ਸਰਕਾਰ ਵਲੋਂ ਪ੍ਰਵਾਸੀ ਪੰਜਾਬੀਆਂ ਦੇ ਸੰਮੇਲਨ ਤਾਂ ਬੰਦ ਕਰ ਹੀ ਦਿੱਤੇ ਗਏ। ਉਹਨਾਂ ਦੀ ਐਨ ਆਰ ਆਈ ਸਭਾ ਜੋ ਸਰਕਾਰੀ ਸਰਪ੍ਰਸਤੀ ਹੇਠ ਚਲਵਾਈ ਗਈ ਸੀ, ਉਸਨੂੰ ਵੀ ਗੁੱਠੇ ਲਾ ਦਿੱਤਾ ਗਿਆ ਹਾਲਾਂਕਿ ਕਰੋੜਾਂ ਰੁਪਏ ਪ੍ਰਵਾਸੀਆਂ ਪੰਜਾਬੀਆਂ ਤੋਂ ਇਹ ਸਭਾ ਚਲਾਉਣ ਲਈ ਚੰਦੇ ਇੱਕਠੇ ਕੀਤੇ ਗਏ ਸਨ। ਐਨ ਆਰ ਆਈ ਸਭਾ ਦਾ ਵੱਡਾ ਦਫ਼ਤਰ ਵੀ ਜਲੰਧਰ ਵਿਖੇ ਬਣਾਇਆ ਹੋਇਆ ਹੈ। ਪਰ ਇਸਦੀ ਚੋਣ ਨਹੀਂ ਹੋ ਰਹੀ।

ਅੱਜ ਪ੍ਰਵਾਸੀ ਭਾਰਤੀ ਆਪਣੇ ਆਪ ਨੂੰ ਠਗਿਆ ਠਗਿਆ ਮਹਿਸੂਸ ਕਰਦੇ ਹਨ। ਸਾਫ ਸੁਥਰੇ ਭ੍ਰਿਸ਼ਟਾਚਾਰ ਮੁਕਤ ਦੇਸ਼ਾਂ ਵਿਚੋਂ ਜਦੋਂ ਉਹ ਦੇਸ਼ ਪਰਤਦੇ ਹਨ ਤਾਂ ਇਥੋਂ ਦੇ ਲੋਕਾਂ ਤੇ ਅਫ਼ਸਰਸ਼ਾਹੀ ਵੱਲੋਂ ਜਦੋਂ ਉਹਨਾ ਨਾਲ ਇਹ ਵਿਵਹਾਰ ਹੁੰਦਾ ਹੈ ਕਿ ਆਏ ਹੋ ਤਾਂ ਕੀ ਲੈ ਕੇ ਆਏ ਹੋ, ਅਤੇ ਦੇਸੋਂ ਚੱਲੇ ਹੋ ਤਾਂ ਕੀ ਦੇਕੇ ਚੱਲੇ ਹੋ ਜਾਂ ਤੁਹਾਡੇ ਦੇਸ਼ ਆਵਾਂਗੇ ਤਾਂ ਤੁਸੀਂ ਕੀ ਦਿਉਗੇ?ਤਾਂ ਉਹ ਬਹੁਤ ਨਿਰਾਸ਼ ਹੁੰਦੇ ਹਨ। ਉਹ ਪ੍ਰਵਾਸੀ ਜਿਹੜੇ ਬਰਾਮਦ, ਦਰਾਮਦ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ, ਉਹ ਭਾਰਤੀ ਭ੍ਰਿਸ਼ਟਾਚਾਰ ਦੀ ਜਦੋਂ ਗੱਲ ਕਰਦੇ ਹਨ ਤਾਂ ਇਹੋ ਆਖਦੇ ਹਨ ਕਿ ਸਾਡਾ ਦੇਸ਼ ਸਾਡੇ ਨਾਲ ਦੁਰ ਵਿਵਹਾਰ ਕਰਦਾ ਹੈ, ਜਿਥੇ ਇਮਾਨਦਾਰੀ ਦੀ ਕੋਈ ਥਾਂ ਹੀ ਨਹੀਂ।

ਭਾਰਤੀ ਪ੍ਰਵਾਸੀ ਸੰਮੇਲਨਾਂ ਜਾਂ ਪ੍ਰਵਾਸੀਆਂ ਨੂੰ ਦੇਸ਼ ਦੀਆਂ ਸਰਕਾਰਾਂ ਨੇ ਆਪਣੀਆਂ ਵੋਟਾਂ ਇੱਕਠੀਆਂ ਕਰਨ ਲਈ ਹੀ ਵਰਤਿਆ ਹੈ। ਉਹ ਪ੍ਰਵਾਸੀ ਜਿਹਨਾ ਨੇ ਦੇਸ਼ ਵਿਦੇਸ਼ 'ਚ ਨਾਮਨਾ ਖੱਟਿਆ ਹੈ। ਅਮਰੀਕਾ, ਕੈਨੇਡਾ, ਬਰਤਾਨੀਆ, ਨਿਊਜੀਲੈਂਡ ਜਿਹੇ ਵਿਕਸਤ ਦੇਸ਼ਾਂ 'ਚ ਆਪਣੀ ਪੈਂਠ ਬਣਾਈ ਹੈ। ਸਿਆਸੀ ਰੁਤਬੇ ਹਾਸਲ ਕੀਤੇ ਹਨ। ਹਜ਼ਾਰਾਂ ਏਕੜ ਜ਼ਮੀਨਾਂ ਦੇ ਉਹ ਮਾਲਕ ਹਨ। ਰੁਤਬੇ ਵਾਲੇ ਡਾਕਟਰ, ਇੰਜੀਨੀਅਰ, ਕੰਪਿਊਟਰ ਇੰਜੀਨੀਅਰ ਹਨ। ਉਹਨਾ ਨੂੰ ਦੇਸ਼ ਵਿੱਚ ਸੱਦਕੇ ਕਦੇ ਵੀ ਸਨਮਾਨਤ ਨਹੀਂ ਕੀਤਾ, ਉਹਨਾ ਦੀਆਂ ਪ੍ਰਾਪਤੀਆਂ ਦਾ ਲਾਹਾ ਕਦੇ ਨਹੀਂ ਲਿਆ।

ਸਿਰਫ ਚੁਣੰਦਾ ਸਿਆਸੀ ਪੈਂਠ ਵਾਲੇ ਪ੍ਰਵਾਸੀਆਂ ਨੂੰ ਸੱਦਕੇ ਸੰਮੇਲਨ ਕਰਾਉਣ ਦਾ ਖਾਨਾ ਪੂਰਾ ਕਰ ਲਿਆ ਜਾਂਦਾ ਹੈ। ਇਹੋ ਜਿਹੇ ਹਾਲਤਾਂ ਵਿੱਚ ਉਹ ਪ੍ਰਵਾਸੀ, ਜਿਹਨਾ ਦਾ ਮਨ, ਆਪਣੇ ਦੇਸ਼ 'ਚ ਧੜਕਦਾ ਹੈ। ਜਿਹੜੇ ਆਪਣੇ ਸੂਬੇ, ਸ਼ਹਿਰ, ਪਿੰਡ ਲਈ ਕੁਝ ਕਰਨਾ ਲੋਚਦੇ ਹਨ ਜਦ ਤੱਕ ਉਹਨਾ ਨੂੰ ਇਨਸਾਫ ਨਹੀਂ ਮਿਲਦਾ, ਬਣਦਾ ਮਾਣ ਨਹੀਂ ਮਿਲਦਾ, ਉਹ ਉਦੋਂ ਤੱਕ ਆਪਣੀ ਨੇਕ ਕਮਾਈ ਵਿੱਚੋਂ ਕਿਵੇਂ ਪੂਰੇ ਵਿਸ਼ਵਾਸ ਨਾਲ ਹਿੱਸਾ ਪਾ ਸਕਣਗੇ? ਕਿਵੇਂ ਆਪਣੀ ਮਾਤਰ ਭੂਮੀ ਦੇ ਵਿਕਾਸ ਲਈ ਬਣਦਾ ਯੋਗਦਾਨ ਪਾ ਸਕਣਗੇ?

ਠੀਕ ਹੈ ਕਿ ਭਾਰਤ ਸਰਕਾਰ ਵਲੋਂ ਪ੍ਰਵਾਸੀ ਭਾਰਤੀਆਂ ਨੂੰ ਭਾਵੇਂ ਵੋਟ ਦੇਣ ਦਾ ਅਧਿਕਾਰ ਦੇ ਦਿੱਤਾ ਗਿਆ ਹੈ, ਪਰ ਕੁਲ ਐਨ ਆਰ ਆਈ ਲੋਕਾਂ ਵਿਚੋਂ ਇੱਕ ਫੀਸਦੀ ਤੋਂ ਵੀ ਘੱਟ ਨੇ ਭਾਰਤ ਵਿੱਚ ਆ ਕੇ ਵੋਟ ਬਣਾਈ ਹੈ ਜਾਂ ਬਣਾਕੇ ਪਾਈ ਹੈ?ਆਖ਼ਰ ਕਿਉਂ? ਬਹੁਤ ਸਾਰੇ ਭਾਰਤੀ ਪੀ ਆਈ ਓ ਕਾਰਡ ਇਸ ਕਰਕੇ ਪ੍ਰਾਪਤ ਨਹੀਂ ਕਰ ਸਕੇ ਕਿਉਂਕਿ ਇਸਨੂੰ ਪ੍ਰਾਪਤ ਕਰਨਾ ਹੀ ਬਹੁਤ ਔਖਾ ਹੈ।

ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਵੱਡੀਆਂ ਹਨ, ਅਤੇ ਸਰਕਾਰਾਂ ਦੇ ਯਤਨ ਛੋਟੇ ਜਾਂ ਸਵਾਰਥੀ ਹਨ, ਤਦੇ ਆਮ ਪ੍ਰਵਾਸੀ ਆਪਣੇ ਦੇਸ਼ ਦੀ ਸਰਕਾਰ ਉਤੇ ਯਕੀਨ ਨਹੀਂ ਕਰ ਰਹੇ ਅਤੇ ਇਹੋ ਜਿਹੇ ਸੰਮੇਲਨਾਂ 'ਚ ਉਹਨਾ ਦੀ ਆਪ ਮੁਹਾਰੀ ਹਾਜ਼ਰੀ ਨਾ ਮਾਤਰ ਦਿਖਦੀ ਹੈ। ਲੋੜ ਇਸ ਗੱਲ ਦੀ ਹੈ ਕਿ ਜ਼ਮੀਨੀ ਪੱਧਰ ਉਤੇ ਪ੍ਰਵਾਸੀਆਂ ਦੀ ਜੋ ਸਮੱਸਿਆਵਾਂ ਹਨ, ਉਹ ਹੱਲ ਹੋਣ ਅਤੇ ਪ੍ਰਵਾਸੀ ਭਾਰਤੀਆਂ ਨੂੰ ਦੂਹਰੀ ਨਾਗਰਿਕਤਾ ਮਿਲੇ ਤਾਂ ਕਿ ਉਹ ਆਪਣੇ ਦੇਸ਼ ਦਾ ਹਿੱਸਾ ਬਨਣ ਦਾ ਮਾਣ ਮਹਿਸੂਸ ਕਰ ਸਕਣ। ਉਹਨਾ ਦੀਆਂ ਜੇਬਾਂ ਫਰੋਲਣ ਨਾਲ ਪ੍ਰਵਾਸੀਆਂ ਦਾ ਸਰਕਾਰ ਪ੍ਰਤੀ ਵਿਸ਼ਵਾਸ ਡਗਮਗਾਏਗਾ।

**- ਗੁਰਮੀਤ ਪਲਾਹੀ**


## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 18, 19, 20 ਜਨਵਰੀ ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਧੰਨ ਧੰਨ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਮਿਤੀ 18, 19, 20 ਜਨਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰਪ੍ਰਸਤੀ ਹੇਠ ਮਨਾਇਆ ਜਾ ਰਿਹਾ ਹੈ, ਜਿਸ ਵਿਚ 18 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ ਅਤੇ 19 ਜਨਵਰੀ ਨੂੰ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਬਸਤਰਾਂ ਦੀ ਸੇਵਾ ਸ਼ਾਮੀ 3.30 ਵਜੇ ਹੋਵੇਗੀ। 20 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ:

ਗੁਰੂ ਘਰ 530-674-2564, ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530-933-3938,
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823, ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370

SHRI GURU RAVIDASS TEMPLE 1480 HAYNE AVENUE, YUBA CITY, CA 95993

# 'ਮੁਕਤਸਰ ਦਾ ਯੁੱਧ'



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਕਲਗੀਧਰ ਦਸਮੇਸ਼ ਪਿਤਾ ਜੀ ਦੇ ਸਮੇਂ ਸਿੱਖ ਧਰਮ ਦੀ ਹਰਮਨ ਪਿਆਰਤਾ ਨਿਰੰਤਰ ਵਧਦੀ ਵੇਖ ਕੇ ਹਿੰਦੂ ਪਹਾੜੀ ਰਾਜੇ ਅਤੇ ਮੁਗਲ ਇਸਨੂੰ ਸਾਮਰਾਜ ਲਈ ਖਤਰਾ ਸਮਝਣ ਲੱਗ ਪਏ ਸਨ। ਗੁਰੂ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਇਹ ਅਹਿਸਾਸ ਦਿਵਾਇਆ ਕਿ ਉਹ ਬਲਹੀਨ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੇ ਅੰਦਰਲੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਗੁਰੂ ਜੀ ਤਲਵਾਰ ਨੂੰ ਸੰਘਰਸ਼ ਸ਼ਕਤੀ ਦਾ ਪ੍ਰਤੀਕ ਮੰਨਦੇ ਸਨ। ਉਹਨਾਂ ਨੇ ਬਹੁਤ ਸਾਰੇ ਯੁੱਧ ਲੜੇ ਅਤੇ ਜਿੱਤੇ ਵੀ। ਪਰ ਕਿਸੇ ਦੇ ਇਲਾਕੇ 'ਤੇ ਕਬਜ਼ਾ ਨਹੀਂ ਕੀਤਾ। ਕਿਸੇ ਦੇ ਧਨ-ਮਾਲ ਜਾਂ ਇੱਜ਼ਤ ਲੁੱਟੇ ਜਾਣ, ਭੱਜੇ ਜਾਂਦੇ ਜਾਂ ਸੁੱਤੇ ਪਏ ਵੈਰੀ 'ਤੇ ਵਾਰ ਨਾ ਕੀਤਾ। ਕਿਸੇ ਬੁੱਢੇ, ਬੱਚੇ ਜਾਂ ਔਰਤ ਤੇ ਵਾਰ ਨਹੀਂ ਕੀਤਾ। ਉਹਨਾਂ ਨੇ ਪਹਿਲਾਂ ਕਿਸੇ 'ਤੇ ਹਮਲਾ ਨਹੀਂ ਕੀਤਾ। ਜਿੱਤ ਲਈ ਜੂਝਣ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਕੋਈ ਵੀ ਯੁੱਧ ਜਰ, ਜੋਰੂ ਜਾਂ ਜ਼ਮੀਨ ਵਾਸਤੇ ਨਹੀਂ ਲੜਿਆ। ਉਹਨਾਂ ਹਮੇਸ਼ਾ ਨਿਮਾਣਿਆਂ, ਨਿਤਾਣਿਆਂ, ਨੀਵਿਆਂ ਅਤੇ ਲਿਤਾੜਿਆਂ ਦੇ ਹੱਕ-ਸੱਚ ਤੇ ਬਰਾਬਰੀ ਲਈ ਹੀ ਸੰਘਰਸ਼ ਕੀਤਾ ਅਤੇ ਸਰਬੰਸ ਦਾਨ ਕੀਤਾ।

ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਭਇਆ, ਏ ਜੀਵਤ ਕਈ ਹਜ਼ਾਰ।

ਉਹਨਾਂ ਪੰਜ ਪਿਆਰਿਆਂ, ਚਾਲੀ ਮੁਕਤਿਆਂ ਦੀ ਲਾਸਾਨੀ ਵਫਾਦਾਰੀ ਅਤੇ ਕੁਰਬਾਨੀ ਤੋਂ ਲੈ ਕੇ ਸਿੱਖਾਂ ਵਿਚ ਇੰਨੀ ਸ਼ਰਧਾ ਅਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ-ਖੁਸ਼ੀ ਅੱਗੇ ਆਉਣ ਲੱਗੇ, ਜਿਸ ਦੀ ਲਾਸਾਨੀ ਮਿਸਾਲ 29 ਦਸੰਬਰ 1705 ਦੇ ਮੁਕਤਸਰ ਦੇ ਯੁੱਧ ਵਿਚ ਮਿਲਦੀ ਹੈ। ਇਹ ਗੁਰੂ ਜੀ ਦੇ ਯੁੱਧ ਕਾਲ ਦਾ ਆਖਰੀ ਤੇ ਫੈਸਲਾਕੁੰਨ ਯੁੱਧ ਸੀ, ਜਿਸ ਵਿਚ ਔਰੰਗਜ਼ੇਬ ਰਾਜ ਦਾ ਅੰਤ ਹੋਇਆ।

ਗੁਰੂ ਜੀ ਜਦੋਂ ਆਨੰਦਪੁਰ ਦੇ ਧਰਮ ਯੁੱਧ ਮੋਰਚੇ ਵਿਚ ਲੰਮੇ ਸਮੇਂ ਤੋਂ ਡਟੇ ਹੋਏ ਸਨ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਚਾਹਿਆ ਕਿ ਗੁਰੂ ਜੀ ਆਨੰਦਪੁਰ ਛੱਡ ਜਾਣ। ਇਸ ਲਈ ਬਹਾਨੇ ਨਾਲ ਉਹਨਾਂ ਨੇ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਆਨੰਦਪੁਰ ਦਾ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਪਰ ਉਹਨਾਂ ਨੇ ਤਾਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਅਤੇ ਗੁਰੂ ਜੀ ਨੂੰ ਜਿੰਦਾ ਗ੍ਰਿਫਤਾਰ ਕਰਕੇ ਅਧੀਨ ਕਰਨ ਦਾ ਮਨ ਬਣਾਇਆ ਹੋਇਆ ਸੀ। ਗੁਰੂ ਜੀ ਚਮਕੌਰ ਸਾਹਿਬ ਦੀ ਲੜਾਈ ਅਤੇ ਬਿਖੜਿਆਂ ਪੈਂਡਿਆਂ, ਮਾਛੀਵਾੜਾ ਕਾਂਗੜ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਤੇ ਮੁਗਲ ਫੌਜਾਂ ਨੇ ਆਪਣੇ ਇਕਰਾਰ ਤੋੜ ਕੇ ਗੁਰੂ ਜੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਕੋਲ ਸਮਰਪਿਤ ਸਿੰਘ ਸਨ ਜੋ ਜਾਨ ਦੀ ਪਰਵਾਹ ਕੀਤੇ ਬਿਨਾਂ ਕੁਰਬਾਨੀ ਲਈ ਤਿਆਰ ਸਨ। ਗੁਰੂ ਜੀ ਰਾਮੇਆਣੇ ਤੇ ਖਿਦਰਾਣੇ ਵੱਲ ਵਧਣ ਲੱਗੇ। ਤਦ ਤੱਕ ਮਾਈ ਭਾਗੋ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰੂ ਜੀ ਦੀ ਮਦਦ ਲਈ ਖਿਦਰਾਣੇ ਦੀ ਢਾਬ 'ਤੇ ਪੁੱਜਿਆ। ਇਹ ਉਹ ਸਿੰਘ ਸਨ ਜੋ ਆਨੰਦਪੁਰ ਛੱਡਣ ਦੇ ਅਖੀਰਲੇ ਦਿਨਾਂ ਵਿਚ ਗੁਰੂ ਜੀ ਤੋਂ ਵਿੱਛੜ ਗਏ ਸਨ।

ਦੁਸ਼ਮਣ ਅਤੇ ਸ਼ਾਹੀ ਫੌਜ ਨੇੜੇ ਪਹੁੰਚ ਚੁੱਕੀ ਸੀ। ਗੁਰੂ ਜੀ ਉਸ ਸਮੇਂ ਅਜਿਹੀ ਜਗ੍ਹਾ ਦੀ ਤਲਾਸ਼ ਵਿਚ ਸਨ, ਜਿੱਥੇ ਦੁਸ਼ਮਣਾਂ ਨੂੰ ਘੇਰਿਆ ਜਾ ਸਕੇ ਅਤੇ ਦੁਸ਼ਮਣ ਦਾ ਮੁਕਾਬਲਾ ਵਿਉਂਤਬੰਦੀ ਨਾਲ ਕੀਤਾ ਜਾ ਸਕੇ। ਤਦ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਮੋਰਚਾ ਲਾਉਣਾ ਮੁਨਾਸਿਬ ਸਮਝਿਆ। ਜੋ ਕਿ ਢਾਬ ਝਾੜੀਆਂ ਨਾਲ ਘਿਰੀ ਹੋਈ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਥੇ ਪਾਣੀ ਦਾ ਭੰਡਾਰ ਸੀ। ਜਦਕਿ ਦੂਰ-ਦੂਰ ਤੱਕ ਪਾਣੀ ਨਹੀਂ ਸੀ ਮਿਲਦਾ। ਗੁਰੂ ਜੀ ਨੇ ਤੰਬੂ ਲਗਾ ਕੇ ਢਾਬ ਨੂੰ ਇਕ ਵਿਸ਼ਾਲ ਫੌਜੀ ਛਾਉਣੀ ਵਿਚ ਬਦਲ ਦਿੱਤਾ। ਮੁਗਲ ਫੌਜਾਂ ਨੇ ਅੰਮ੍ਰਿਤ ਵੇਲੇ ਹਮਲਾ ਕਰ ਦਿੱਤਾ। ਸਿੰਘਾਂ ਨੇ ਰਣਨੀਤੀ ਬਣਾਈ ਕਿ ਵਾਰੀ-ਵਾਰੀ ਸਿੰਘ ਟਾਕਰੇ ਲਈ ਜਾਣਗੇ। ਉਹਨਾਂ ਦੀ ਹਿਫਾਜ਼ਤ ਲਈ ਪੰਜ ਸਿੰਘਾਂ ਨੂੰ ਨਾਲ ਨਾਲ ਭੇਜਿਆ ਜਾਣ ਲੱਗਾ। ਗੁਰੂ ਜੀ ਟਿੱਬੇ ਤੇ ਸਮੇਂ ਸਮੇਂ ਤੀਰਾਂ ਦੀ ਬੁਛਾੜ ਹੇਠਾਂ ਵੱਲ ਕਰਦੇ ਰਹੇ। ਉਹਨਾਂ ਨੇ ਇਸੇ ਤਰ੍ਹਾਂ ਹੀ ਦੁਸ਼ਮਣ ਨੂੰ ਉਲਝਾਈ ਰੱਖਿਆ। ਸਭ ਤੋਂ ਅਹਿਮ ਗੱਲ ਇਹ ਹੋ ਨਿੱਬੜੀ ਕਿ ਸਿੰਘਾਂ ਦਾ ਪਾਣੀ 'ਤੇ ਕਬਜ਼ਾ ਸੀ। ਦੁਸ਼ਮਣਾਂ ਨੂੰ ਨੇੜੇ ਤੇੜੇ ਪਾਣੀ ਲੱਭਣਾ ਮੁਸ਼ਕਿਲ ਹੋ ਗਿਆ। ਲੜਾਈ ਗਹਿਗੱਚ ਹੋ ਚੁੱਕੀ ਸੀ। ਇਸ ਘਮਾਸਾਨ ਯੁੱਧ ਵਿਚ ਮੁਗਲ ਫੌਜ ਦੇ ਕਮਾਂਡਰ ਅਜਿਹੇ ਉਲਝੇ ਕਿ ਇਕ ਤਾਂ ਪਾਣੀ ਨਾ ਮਿਲਿਆ, ਉਪਰੋਂ ਗੁਰੂ ਜੀ ਸਾਹਮਣੇ ਢਾਬ ਦੀ ਉਚਾਈ ਤੋਂ ਤੀਰ ਛੱਡ ਰਹੇ ਸਨ। ਇਸ ਆਹਮੋ-ਸਾਹਮਣੇ ਦੀ ਟੱਕਰ ਵਿਚ ਮੁਗਲ ਫੌਜ ਨਾ ਟਿਕ ਸਕੀ। ਮੁਗਲ ਫੌਜ ਭੁਲੇਖੇ ਵਿਚ ਰਹੀ ਕਿ ਇੱਥੇ ਭਾਰੀ ਗਿਣਤੀ ਵਿਚ ਫੌਜ ਹੋਵੇਗੀ ਜੋ ਇਕ ਫੌਜੀ ਛਾਉਣੀ ਬਣਾਈ ਬੈਠੇ ਹਨ। ਪਰ ਸਿਰਫ 250 ਸਿੰਘਾਂ ਦੀ ਫੌਜ ਨੇ ਲੱਗਭੱਗ 20 ਹਜ਼ਾਰ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ। ਇਸ ਤਰ੍ਹਾਂ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ ਪਰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਮੁਗਲ ਫੌਜ ਦਾ 4000 ਦਾ ਜਾਨੀ ਨੁਕਸਾਨ ਹੋਇਆ। ਗੁਰੂ ਜੀ ਦੀ ਫੌਜ ਵਿਚ ਜਿਹਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਹਨਾਂ ਵਿਚ ਲਾਗਲੇ ਪਿੰਡਾਂ ਦੇ ਕਿਸਾਨ ਅਤੇ ਕਾਰੀਗਰ ਵੀ ਸਨ।

ਮੁਗਲ ਫੌਜ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਅਗਵਾਈ ਹੇਠ ਜੋ ਫੌਜ ਹੈ ਉਸਦਾ ਟਾਕਰਾ ਕਰਨਾ ਸੰਭਵ ਨਹੀਂ ਹੈ। ਉਸਨੇ ਸਬਕ ਸਿੱਖ ਲਿਆ ਕਿ ਸਿੰਘਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਖਾਲਸੇ ਦੀ ਜਿੱਤ ਹੋਈ। ਗੁਰੂ ਜੀ ਰਣਭੂਮੀ ਵਿਚ ਉਤਰੇ। ਉਹਨਾਂ ਨੂੰ ਪਤਾ ਲੱਗਾ ਕਿ ਜਿਹੜੇ ਸਿੰਘ ਆਨੰਦਪੁਰ ਤੋਂ ਵਿੱਛੜ ਗਏ ਸਨ, ਉਹ ਜਾਂ ਤਾਂ ਜ਼ਖਮੀ ਹਨ ਜਾਂ ਸ਼ਹੀਦੀਆਂ ਪਾ ਚੁੱਕੇ ਹਨ। ਗੁਰੂ ਜੀ ਨੇ ਸੂਰਮਿਆਂ ਦੇ ਮੁਖੜੇ ਪਿਆਰ ਨਾਲ ਪੂੰਝੇ ਅਤੇ ਸ਼ਹੀਦੀਆਂ ਦਾ ਮੁੱਲ ਪਾਉਂਦੇ ਵਰ ਦਿੰਦੇ ਗਏ। ਉਸ ਸਮੇਂ ਰਾਏ ਸਿੰਘ ਦੇ ਪੁੱਤਰ ਭਾਈ ਮਹਾਂ ਸਿੰਘ ਨੂੰ ਜਾ ਡਿੱਠਾ। ਮਹਾਂ ਸਿੰਘ ਦਾ ਮੁਖੜਾ ਸਾਫ ਕਰਕੇ ਉਸਦਾ ਸੀਸ ਗੋਦ ਵਿਚ ਰੱਖ ਕੇ ਪਾਣੀ ਮੂੰਹ ਵਿਚ ਪਾਇਆ, ਸੀਨੇ ਨਾਲ ਲਾਇਆ। ਗੁਰੂ ਜੀ ਆਖਣ ਲੱਗੇ। ਭਾਈ ਮਹਾਂ ਸਿੰਘ ਤੂੰ ਸਿੱਖੀ ਸੰਗਤ ਦੀ ਲਾਜ ਰੱਖ ਲਈ ਹੈ। ਜੰਗ ਵਿਚ ਹਿੱਸਾ ਲੈ ਕੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ। ਤੂੰ ਵਰ ਮੰਗ ਲੈ ਜੋ ਮੰਗਣਾ ਹੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਤੁਹਾਡੇ ਦਰਸ਼ਨ ਹੋ ਗਏ, ਹੋਰ ਕੀ ਮੰਗਾਂ, ਮੈਨੂੰ ਇਸ ਵਿਚ ਹੀ ਸਭ ਕੁਝ ਮਿਲ ਗਿਆ ਹੈ। ਗੁਰੂ ਜੀ ਨੇ ਫਿਰ ਕਿਹਾ, ਹੋਰ ਕੁਝ ਮੰਗ ਲੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਜੀ ਜੇ ਤੁਠੇ ਹੋ ਤਾਂ ਮੈਨੂੰ ਅਤੇ ਮੇਰੇ ਨਾਲ ਦੇ ਜਥੇ ਦੇ ਸਾਥੀਆਂ ਨੂੰ ਮਾਫ ਕਰ ਦਿਓ।

ਜੋ ਆਨੰਦਪੁਰ ਆਪ ਜੀ ਦੀ ਸੇਵਾ ਵਿਚ ਨਹੀਂ ਰਹਿ ਸਕੇ ਅਤੇ ਵਿੱਛੜ ਗਏ ਸਾਂ। ਗੁਰੂ ਜੀ ਨੇ ਕਿਹਾ, ਭਾਈ ਮਹਾਂ ਸਿੰਘ ਤੂੰ ਸਭ ਦੀ ਲਾਜ ਰੱਖ ਲਈ ਹੈ ਅਤੇ ਬਖਸ਼ਾ ਲਿਆ ਹੈ। ਭਾਈ ਮਹਾਂ ਸਿੰਘ ਦੀ ਆਤਮਾ ਸ਼ਾਂਤ ਹੋ ਗਈ, ਹਿਰਸ ਵਿਚ ਅੱਥਰੂ ਨਿਕਲ ਆਏ ਤੇ ਸ਼ਹੀਦੀ ਪਾ ਗਏ। ਫਿਰ ਗੁਰੂ ਜੀ ਮਾਈ ਭਾਗੋ ਪਾਸ ਪਹੁੰਚੇ, ਜਿਹਨਾਂ ਨੇ ਭਾਈ ਮਹਾਂ ਸਿੰਘ ਨਾਲ ਜਥੇ ਦੀ ਅਗਵਾਈ ਕੀਤੀ ਸੀ। ਉਹਨਾਂ ਨੂੰ ਗੁਰੂ ਜੀ ਨੇ ਭਾਈ ਮਹਾਂ ਸਿੰਘ ਦਾ ਅੰਤਿਮ ਸਮਾਂ ਦੱਸਿਆ ਕਿ ਉਹਨਾਂ ਨੇ ਟੁੱਟੀ ਗੰਢ ਲਈ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਸੇਵਾ ਵਿਚ ਰਹਿਣ ਦਾ ਬਲ ਬਖਸ਼ਿਆ।

ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ 'ਸ਼ਹੀਦ ਗੰਜ' ਹੈ। ਇੱਥੇ ਆਪ ਨੇ ਬਚਨ ਕੀਤਾ ਕਿ ਇਹ ਚਾਲੀ ਸਿੰਘ ਹੁਣ ਚਾਲੀ ਮੁਕਤੇ ਹਨ। ਯੁੱਧ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ। ਇੱਥੇ ਇਤਿਹਾਸਕ ਗੁਰਦੁਆਰਾ ਟੁੱਟੀ ਗੰਢ ਹੈ। ਮੁਕਤਸਰ ਦੇ ਸ਼ਹੀਦਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਹੱਕ-ਸੱਚ ਅਤੇ ਧਰਮ ਲਈ ਜ਼ੁਲਮ ਦੇ ਖਿਲਾਫ ਸੰਘਰਸ਼ਸ਼ੀਲ ਰਹਿਣਾ। ਇਸ ਯੁੱਧ ਦਾ ਸੁਨੇਹਾ ਹੈ ਕਿ ਇਹ ਸਾਡਾ ਗੌਰਵਮਈ ਬਹਾਦਰੀ ਦਾ ਵਿਰਸਾ ਹੈ, ਜਿਸ ਤੋਂ ਸਾਨੂੰ ਹਮੇਸ਼ਾ ਅਗਵਾਈ ਮਿਲਦੀ ਰਹੇਗੀ।

# ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ

**ਟੋਰਾਂਟੋ–** ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਇਸ ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ 12 ਜਨਵਰੀ , 2019 ਨੂੰ ਪ੍ਰਸਿੱਧ ਕਹਾਣੀਕਾਰ ਕੁਲਜੀਤ ਮਾਨ ਜੀ ਦੇ ਘਰ ਬੜੇ ਹੀ ਖੁਸ਼ਗਵਾਰ ਮਹੌਲ ਵਿੱਚ ਹੋਈ ਜਿੱਥੇ ਨਵੇਂ ਵਰ੍ਹੇ ਦੀਆਂ ਵਧਾਈਆਂ ਦਾ ਸਿਲਸਿਲਾ ਚਲਿਆ ਉੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਵਸ ਮੌਕੇ ਤੇ ਉਨ੍ਹਾਂ ਨੂੰ ਯਾਦ ਕਰਦਿਆਂ ਸਭ ਨੇ ਦੁਆ ਮੰਗੀ ਕਿ ਸਭ ਦਾ ਪਰਸਪਰ ਪਿਆਰ ਅਤੇ ਮਿਲਵਰਤਣ ਇੰਜ ਹੀ ਬਣਿਆ ਰਹੇ ਲ ਪਿਛਲੇ ਸਾਲ ਦਾ ਲੇਖਾ ਜੋਖਾ ਸਾਂਝਾ ਕਰਦਿਆਂ ਇਸ ਸਾਲ ਵੀ ਕੁੱਛ ਉਸਾਰੂ ਉਪਰਾਲੇ ਕਰਨ ਦੇ ਪ੍ਰੋਗਰਾਮ ਉਲੀਕੇ ਗਏ।

ਬਲਬੀਰ ਜੀ ਵਲੋਂ ਕਹਾਣੀ ਖੇਤਰ ਦੇ ਕਿਸੇ ਵਿਦਵਾਨ ਨੂੰ ਬੁਲਾ ਕੇ ਇੱਕ ਸੈਮੀਨਾਰ ਕਰਵਾਉਣ ਦੀ ਗੱਲ ਆਰੰਭੀ ਗਈ, ਤਾਂ ਜੋ ਪੱਛਮੀ ਮੁੱਖ-ਧਾਰਾ ਦੇ ਕਹਾਣੀਕਾਰਾਂ ਨਾਲ ਆਧੁਨਿਕ ਕਹਾਣੀ ਕਲਾ ਅਤੇ ਕਹਾਣੀ ਸਰੰਚਨਾ ਉਪਰ ਗਲਬਾਤ ਕੀਤੀ ਜਾਵੇ ਅਤੇ ਇਸ ਦੇ ਨਾਲ ਨਾਲ ਕਨੇਡਾ ਵਿੱਚ ਰਚੀ ਜਾਣ ਵਾਲੀ ਕਹਾਣੀ ਉਪਰ ਇੱਕ ਸੈਮੀਨਾਰ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਕਹਾਣੀ ਵਿਚਾਰ ਮੰਚ ਦੇ ਲੇਖਕਾਂ ਵੱਲੋਂ ਰਚੀਆਂ ਜਾ ਰਹੀਆਂ ਕਹਾਣੀਆਂ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਨ ਦੀ ਗੱਲ ਹੋਈ ਜਿਸ ਨੂੰ ਮੈਂਬਰਾਂ ਨੇ ਭਰਵਾਂ ਹੁੰਗਾਰਾ ਦਿੱਤਾ।

ਇਸ ਮੀਟਿੰਗ ਵਿੱਚ ਕੁਲ ਚਾਰ ਕਹਾਣੀਆਂ ਪੜੀਆਂ ਗਈਆਂ । ਜਿਹਨਾਂ ਤੇ ਭਰਪੂਰ ਵਿਚਾਰ ਚਰਚਾ ਅਤੇ ਉਸਾਰੂ ਟੀਕਾ ਟਿੱਪਣੀ ਹੋਈ ਅਤੇ ਸੁਝਾਅ ਪੇਸ਼ ਕੀਤੇ ਗਏ।

ਪਹਿਲੀ ਕਹਾਣੀ "ਗੁਰਦਵਾਰੇ ਤੇ ਚੜਿਆ ਆਦਮੀ " ਬਲਦੇਵ ਦੂੜੇ ਜੀ ਵਲੋਂ ਪੜੀ ਗਈ । ਜਿਸ ਦੀ ਸਲਾਹੁਤਾ ਸਾਰੇ ਮੈਂਬਰਾਂ ਵਲੋਂ ਕੀਤੀ ਗਈ ਅਤੇ ਸਾਰੇ ਮੈਂਬਰਾਂ ਨੇ ਬਲਦੇਵ ਦੂੜੇ ਦੀ ਇਸ ਪਲੇਠੀ ਕਹਾਣੀ ਨੂੰ ਜੀ ਆਇਆਂ ਆਖਿਆ। ਇਹ ਕਹਾਣੀ ਧਾਰਮਿਕ ਅਸਹਿਣਸ਼ੀਲਤਾ, ਕੱਟੜਤਾ ਅਤੇ ਸਮਾਜਕ ਨਾ ਬਰਾਬਰੀ ਦੀ ਬਾਤ ਪਾਉਂਦੀ ਕਹਾਣੀ ਸੀ ਜੋ ਸਰੋਤਿਆਂ ਉੱਪਰ ਡੂੰਘਾ ਪ੍ਰਭਾਵ ਸਿਰਜਦੀ ਨਜ਼ਰ ਆਈ।

ਦੂਸਰੀ ਕਹਾਣੀ ਗੁਰਮੀਤ ਪਨਾਗ ਦੀ "ਐਤਕੀਂ ਸ਼ਾਇਦ" ਇੱਕ ਲੰਬੀ ਕਹਾਣੀ ਸੀ ਜੋ ਸਭ ਨੂੰ ਬਹੁਤ ਪਸੰਦ ਆਈ । ਇਹ ਕਹਾਣੀ ਇਕ ਬਾਂਝ ਔਰਤ ਦੀ ਸੀ ਜੋ ਬੱਚਾ ਨਾ ਹੋਣ ਕਾਰਣ ਡੂੰਘੀ ਉਦਾਸੀ ਅਤੇ ਡਿੱਪਰੈਸ਼ਨ ਵਿਚ ਜਾ ਡਿਗਦੀ ਹੈ ਅਤੇ ਇਹ ਪਰਿਵਾਰਕ ਦਬਾਵ ਅਤੇ ਈਰਖਾ ਵਰਗੇ ਪ੍ਰਭਾਵਾਂ ਹੇਠ ਜਿਉਂਦੀ ਅਤੇ ਤ੍ਰਾਸਦੀ ਸਹਿੰਦੀ ਇਸਤਰੀ ਦੀ ਵਿਥਿਆ ਨੂੰ ਬਿਆਨ ਕਰਦੀ ਖੂਬਸੂਰਤ ਕਹਾਣੀ ਸੀ। ਜਿਸ ਤੇ ਕਾਫੀ ਵਿਚਾਰ ਚਰਚਾ ਹੋਈ। ਜਿਥੇ ਇਹ ਕਹਾਣੀ ਸੰਤਾਪ ਹੰਢਾਉਂਦੀ ਇਸਤਰੀ ਦੇ ਦਰਦ ਦੀ ਸੋਹਣੀ ਪੇਸ਼ਕਾਰੀ ਕਰਦੀ ਨਜ਼ਰ ਆਈ ਓਥੇ ਅਜੋਕੇ ਸਮੇ ਵਿੱਚ ਡਾਕਟਰੀ ਪੇਸ਼ੇ, ਦਵਾਈ ਕੰਪਨੀਆਂ ਅਤੇ ਇਹਨਾਂ ਨਾਲ ਸੰਬੰਧਿਤ ਹੋਰ ਜੁੜੇ ਪੇਸ਼ੇ ਦੀਆਂ ਸਵਾਰਥੀ ਚਾਲਾਂ ਅਤੇ ਨਿਜ਼ੀ ਮੁਨਾਫਾ ਕਮਾਉਣ ਦੇ ਕੋਝੇ ਤਰੀਕਿਆਂ ਦਾ ਵੀ ਪਰਦਾਫਾਸ਼ ਕਰਦੀ ਨਜ਼ਰ ਆਈ ਲ ਲੇਖਿਕਾ ਨੂੰ ਚੰਗੇ ਸੁਝਾਅ ਵੀ ਪੇਸ਼ ਕੀਤੇ ਗਏ। ਤੀਸਰੀ ਕਹਾਣੀ ਰਛਪਾਲ ਕੌਰ ਜੀ ਵਲੋਂ ਪੜੀ ਗਈ । ਜਿਸ ਦੀ ਸਲਾਹੁਤਾ ਸਾਰੇ ਮੈਂਬਰਾਂ ਵਲੋਂ ਕੀਤੀ ਗਈ ਅਤੇ ਸਾਰੇ ਮੈਂਬਰਾਂ ਨੇ ਰਛਪਾਲ ਕੌਰ ਦੀ ਇਸ ਕਹਾਣੀ ਜਿਸ ਦਾ ਨਾਮ "ਢਲਦੇ ਦੀ ਲਾਲੀ" ਸੀ ਨੂੰ ਇਕ ਵਧੀਆ ਕਹਾਣੀ ਆਖ ਨਿਵਾਜ਼ਿਆ। ਇਸ ਕਹਾਣੀ ਦਾ ਵਿਸ਼ਾ ਸਾਡੇ ਆਮ ਸਮਾਜਕ ਲੋਕਾਂ ਦੀ ਮਾਨਸਿਕਤਾ ਦੀ ਪੇਸ਼ਕਾਰੀ ਕਰਦਾ ਸੀ ਕੇ ਕਈ ਵਾਰ ਅਸੀ ਬਜ਼ੁਰਗ ਵਿਅਕਤੀ ਦੀ ਸੋਚ ਤੇ ਅਨੁਭਵ ਨੂੰ ਅਣਗੌਲਿਆਂ ਕਰ ਜਾਂਦੇ ਹਾਂ ਜਦ ਕੇ ਬਜ਼ੁਰਗ ਵਿਅਕਤੀ ਵਿੱਚ ਆਪਣੀ ਯੋਗਤਾ ਤੇ ਕਾਬਲੀਅਤ ਸਦਕਾ ਮਦਦ ਕਰਨ ਦੀ ਇੱਛਾ ਹਮੇਸ਼ਾ ਪ੍ਰਬਲ ਰਹਿੰਦੀ ਹੈ। ਭਾਵੇਂ ਉਹ ਸ਼ਰੀਰਕ ਰੂਪ ਤੋਂ ਕਮਜ਼ੋਰ ਜਾਂ ਚੱਲਣ ਫਿਰਣ ਵਿੱਚ ਅਸਮਰੱਥ ਹੀ ਹੋਣ। ਰਛਪਾਲ ਕੌਰ ਨੇ ਇਕ ਇਹੋ ਜਿਹੇ ਹੀ ਬਜ਼ੁਰਗ ਦੀ ਮਾਨਸਿਕ ਸਥਿਤੀ ਦਾ ਬਹੁਤ ਵਧੀਆ ਚਿਤਰਣ ਕੀਤਾ। ਚੌਥੀ ਕਹਾਣੀ ਡਾਕਟਰ ਜਤਿੰਦਰ ਕੌਰ ਰੰਧਾਵਾ ਵਲੋਂ ਪੜੀ ਗਈ। ਜਿਸ ਦਾ ਸਿਰਲੇਖ "ਪ੍ਰਾਈਵੇਸੀ" ਸੀ। ਇਹ ਕਹਾਣੀ ਇਸਤਰੀ ਮਨ ਦੀਆਂ ਡੂੰਘੀਆਂ ਪਰਤਾਂ ਨੂੰ ਫੋਲਦੀ ਇਕ ਭਾਵਪੂਰਤ ਕਹਾਣੀ ਸੀ ਲ ਇਸ ਕਹਾਣੀ ਵਿੱਚ ਪਰਿਵਾਰਕ ਰਿਸ਼ਤਿਆਂ ਅਤੇ ਸਾਡੇ ਸਮਾਜਕ ਰਿਸ਼ਤਿਆਂ ਵਿੱਚ ਆਉਂਦਾ ਬੇਗਾਨਾਪਨ ਅਤੇ ਖੋਖਲਾਪਨ ਬਹੁਤ ਭਾਵੁਕਤਾ ਨਾਲ ਪੇਸ਼ ਕੀਤਾ ਗਿਆ। ਸਾਡੇ ਬਹੁਤ ਕਰੀਬੀ ਰਿਸ਼ਤੇ ਵੀ ਕਿਵੇਂ ਪ੍ਰਾਈਵੇਸੀ ਨਾਮ ਦੀ ਬਿਮਾਰੀ ਦੀ ਭੇਂਟ ਚੜ੍ਹ ਦਮ ਤੋੜ ਰਹੇ ਹਨ ਤੇ ਕਿਵੇਂ ਇਹ ਪ੍ਰਾਈਵੇਸੀ ਸਾਨੂੰ ਘੁਣ ਵਾਂਗਰ ਖਾ ਰਹੀ ਹੈ ਤੇ ਅਸੀ ਆਪਣੀਆਂ ਵਿੱਚ ਹੀ ਬੇਗਾਨਿਆਂ ਵਰਗੇ ਹੋ ਗਏ ਹਾਂ। ਇਹ ਬਹੁਤ ਜ਼ਹੀਨ ਵਿਸ਼ੇ ਦੀ ਸੋਹਣੀ ਪੇਸ਼ਕਾਰੀ ਸੀ ਲ ਇਸ ਕਹਾਣੀ ਨੇ ਵੀ ਹਾਜ਼ਿਰ ਸਰੋਤਿਆਂ ਪਾਸੋਂ ਚੰਗੀ ਵਾਹ ਵਾਹ ਖੱਟੀ। ਕਹਾਣੀ ਆਕਾਰ ਵਿੱਚ ਭਾਵੇਂ ਛੋਟੀ ਸੀ ਪਰ ਨਿੱਕੀ ਕਹਾਣੀ ਦੀ ਕਸੌਟੀ ਤੇ ਖ਼ਰੀ ਉਤਰਦੀ ਸੰਪੂਰਨ ਕਹਾਣੀ ਸੀ ਜੋ ਅਰਥ ਬੜੇ ਡੂੰਘੇ ਸਿਰਜ ਗਈ। ਨਵੇਂ ਸਾਲ ਦੀ ਇਸ ਪਹਿਲੀ ਮੀਟਿੰਗ ਵਿੱਚ ਖੂਬ ਰੌਣਕ ਤੇ ਗਹਿਮਾ ਗਹਿਮੀ ਰਹੀ। ਇਸ ਕਹਾਣੀ ਮੀਟਿੰਗ ਵਿੱਚ ਬਲਬੀਰ ਕੌਰ ਸੰਘੇੜਾ ਅਤੇ ਉਹਨਾਂ ਦੇ ਪਤੀ ਸਤਿਕਾਰਯੋਗ ਸ਼੍ਰੀ ਮਾਨ ਸੰਘੇੜਾ, ਮੇਜਰ ਮਾਂਗਟ, ਗੁਰਮੀਤ ਪਨਾਗ ਅਤੇ ਉਹਨਾਂ ਦੇ ਪਤੀ ਜੰਗ ਪਨਾਗ, ਬਲਰਾਜ ਚੀਮਾ, ਕੁਲਜੀਤ ਮਾਨ, ਸਰਬਜੀਤ ਮਾਨ, ਕਮਲਜੀਤ ਕੌਰ, ਮਿੰਨੀ ਗਰੇਵਾਲ, ਸੁਰਜਨ ਜ਼ੀਰਵੀ, ਬਰਜਿੰਦਰ ਗੁਲਾਟੀ, ਮਨਮੋਹਨ ਗੁਲਾਟੀ, ਬਲਦੇਵ ਸਿੰਘ ਦੂੜੇ, ਕਮਲਜੀਤ ਨੱਤ, ਪਰਮਜੀਤ ਦਿਉਲ, ਸੁੰਦਰ ਪਾਲ ਕੌਰ, ਡਾ. ਜਤਿੰਦਰ ਕੌਰ ਰੰਧਾਵਾ, ਰਛਪਾਲ ਕੌਰ ਗਿਲ, ਬਲਜੀਤ ਧਾਲੀਵਾਲ, ਗੁਰਦਿਆਲ ਬੱਲ, ਹਰਮਨ ਪਿਆਰਾ ਜਸਜੀਤ ਜੈਸੀ , ਸ੍ਰੀਮਤੀ ਸੰਧੂ ਸੁਪਤਨੀ (ਕਹਾਣੀਕਾਰ ਵਰਿਆਮ ਸੰਧੂ ) ਉਚੇਚੇ ਰੂਪ ਵਿੱਚ ਸ਼ਾਮਿਲ ਹੋਏ।



ਕੁਲਜੀਤ ਮਾਨ ਅਤੇ ਸਰਬਜੀਤ ਮਾਨ ਦੀ ਮਹਿਮਾਨ ਨਿਵਾਜ਼ੀ ਬੇਮਿਸਾਲ ਰਹੀ । ਖਾਣ- ਪੀਣ ਦੇ ਅਣਗਿਣਤ ਪਕਵਾਨਾਂ ਦੇ ਨਾਲ ਨਾਲ ਲੋਹੜੀ ਮਨਾਉਣ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਅਸੀਂ ਕਹਾਣੀ ਵਿਚਾਰ ਮੰਚ ਦੇ ਸਮੂਹ ਮੈਂਬਰਾਂ ਵਲੋਂ ਮਾਨ ਪਰਿਵਾਰ ਵਲੋਂ ਕੀਤੀ ਗਈ ਮਹਿਮਾਨ ਨਿਵਾਜ਼ੀ ਲਈ ਉਹਨਾਂ ਦਾ ਸ਼ੁਕਰੀਆ ਅਦਾ ਕਰਦੇ ਹਾਂ। ਕੁੱਲ ਮਿਲਾ ਕਹਾਣੀ ਵਿਚਾਰ ਮੰਚ ਦੀ ਇਹ ਮੀਟਿੰਗ ਬਹੁਤ ਸਾਰਥਕ ਅਤੇ ਅਰਥਭਰਪੂਰ ਪ੍ਰਭਾਵ ਸਿਰਜਦੀ ਇਕ ਕਾਮਯਾਬ ਮੀਟਿੰਗ ਰਹੀ।

**ਡਾ. ਜਤਿੰਦਰ ਕੌਰ ਰੰਧਾਵਾ**

# ਪੰਜਾਬੀ ਭਾਸ਼ਾ ਵਿੱਚ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ

**ਪਟਿਆਲਾ–** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਮੌਕੇ ਸਥਾਨਕ ਕਲੋਨੀ ਮਹਾਰਾਜਾ ਯਾਦਵਿੰਦਰਾ ਇਨਕਲੇਵ ਦੇ ਬੱਚਿਆਂ ਵਿੱਚ ਪੰਜਾਬੀ ਭਾਸ਼ਾ ਦੇ ਸੁੰਦਰ ਲਿਖਾਈ ਮੁਕਾਬਲਿਆਂ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਮੌਕੇ ਤੇ ਬੱਚਿਆਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਬੰਧੀ ਸੁੰਦਰ ਲੇਖ ਲਿਖੇ ਗਏ। ਪ੍ਰੋਗਰਾਮ ਦੇ ਅੰਤ ਵਿੱਚ ਪਹਿਲੇ, ਦੂਸਰੇ, ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਸ ਸ਼ਮਸ਼ੇਰਵੀਰ ਸੰਘ, ਰਾਜਕੁਮਾਰ ਮੋਦੀ, ਰਜ਼ਨੀਸ਼ ਵਰਮਾ, ਰਾਜ ਸਿੰਘ,ਵਿਨੋਦ ਕੁਮਾਰ ਆਦਿ ਪੰਜ ਮੈਂਬਰੀ



ਕਮੇਟੀ ਵੱਲੋਂ ਸਰਟੀਫਿਕੇਟ, ਮੈਡਲ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਕਮੇਟੀ ਦੇ ਮੈਂਬਰਾਨ ਵੱਲੋਂ ਦੱਸਿਆ ਗਿਆ ਕਿ ਇਹਨਾਂ ਮੁਕਾਬਲਿਆਂ ਨਾਲ ਜਿੱਥੇ ਬੱਚਿਆਂ ਅੰਦਰ ਆਤਮ ਵਿਸ਼ਵਾਸ ਦਾ ਇਜ਼ਾਫਾ ਹੁੰਦਾ ਹੈ ਉੱਥੇ ਹੀ ਉਹ ਧਰਮ, ਵਿਰਸੇ ਤੋਂ ਜਾਣੂ ਹੁੰਦੇ ਹਨ।ਜਿਕਰਯੋਗ ਹੈ ਕਿ ਕਮੇਟੀ ਲਗਾਤਾਰ ਬੱਚਿਆਂ ਦੀ ਸ਼ਖ਼ਸੀਅਤ ਦੇ ਵਿਕਾਸ ਨੂੰ ਲੈ ਕੇ ਪਿਛਲੇ ਦਸ ਸਾਲਾਂ ਤੋਂ ਵੱਖ ਵੱਖ ਪ੍ਰੋਗਰਾਮ ਕਰਵਾ ਰਹੀ ਹੈ।ਇਸ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਵਿੱਚ ਸੇਵਾ ਮੁਕਤ ਲੈਕਚਰਾਰ ਸ੍ਰੀ ਰਾਜੇਸ਼ ਠੁਕਰਾਲ ਮੀਤ ਪ੍ਰਧਾਨ ਯਾਦਵਿੰਦਰਾ ਇਨਕਲੇਵ, ਸੁਦਰਸ਼ਨਪਾਲ ਗਰਗ, ਸੁਮੀਤ , ਅਸਿਸਟੈਂਟ ਪ੍ਰੋਫੈਸਰ ਮੁਨੀਸ਼ ਸ਼ਰਮਾ, ਰਵੀ ਕੁਮਾਰ, ਹਰਦਿਆਲ ਸਿੰਘ ਆਦਿ ਵੱਲੋਂ ਖਾਸ ਯੋਗਦਾਨ ਪਾਇਆ ਗਿਆ।ਸਥਾਨਕ ਵਸਨੀਕਾਂ ਵੱਲੋਂ ਇਸ ਉਪਰਾਲੇ ਦੀ ਸਰਾਹਨਾ ਕੀਤੀ ਜਾ ਰਹੀ ਹੈ।

**– ਚਮਨਦੀਪ ਸ਼ਰਮਾ**

ਦੋਸਤੋ ਕ੍ਰਿਕਟਰ ਸਚਿਨ ਤੇਂਦੁਲਕਰ ਤੋਂ ਬਾਅਦ ਭਾਰਤ ਸਰਕਾਰ ਨੇ ਮਹਿੰਦਰ ਸਿੰਘ ਧੋਨੀ ਨੂੰ ਭਾਰਤ ਰਤਨ ਦੇਣ ਦਾ ਪ੍ਰਸਤਾਵ ਰੱਖਿਆ ਹੈ, ਪਰ ਆਉ ਇਸ ਗੱਲ ਤੋਂ ਭਾਰਤ ਸਰਕਾਰ ਨੂੰ ਜਾਣੂ ਕਰਵਾਈਏ ਕਿ ਖੇਡਾਂ ਵਿਚ ਉਸ ਸਮੇਂ ਭਾਰਤ ਦੀ ਹਾਕੀ ਖੇਡ ਦਾ ਲੋਹਾ ਮਨਵਾਉਣ ਵਾਲੇ ਮੇਜਰ ਧਿਆਨ ਚੰਦ ਨੇ ਦੁਨੀਆਂ ਦੇ ਮਹਾਨ ਤਾਨਾਸ਼ਾਹ ਹਿਟਲਰ ਨੂੰ ਵੀ ਆਪਣੀ ਖੇਡ ਦਾ ਮੁਰੀਦ ਬਣਾ ਲਿਆ ਸੀ ਜਦੋਂ ਭਾਰਤ ਵਿਚ ਕ੍ਰਿਕਟ ਦਾ ਨਾਮ ਵੀ ਕਿਧਰੇ ਨਹੀਂ ਸੁਣਿਆ ਸੀ ਜਾਂਦਾ ! ਪਰ ਕਿਉਂ ਸਾਡੇ ਦੇਸ਼ ਦੇ ਇਹ ਲੀਡਰ ਅਜੇ ਤੱਕ ਮਹਾਨ ਮੇਜਰ ਧਿਆਨ ਚੰਦ ਦੀਆਂ ਪ੍ਰਾਪਤੀਆਂ ਨੂੰ ਭਾਰਤ ਰਤਨ ਦੇ ਯੋਗ ਨਹੀਂ ਸਮਝ ਪਾਈ? ਆਉ ਇਸ ਆਵਾਜ਼ ਨੂੰ ਇਕ ਲਹਿਰ ਬਣਾਈਏ। **– ਮਨਦੀਪ ਸੁਨਾਮ**

# ਅਨਮੋਲ ਰਤਨ ਨੂੰ ਕਦੋਂ ਮਿਲੇਗਾ ਭਾਰਤ ਰਤਨ?



ਮਨਦੀਪ ਸਿੰਘ ਸੁਨਾਮ
94174-79449



ਜਿਸ ਖਿਡਾਰੀ ਨੂੰ ਭਾਰਤੀ ਓਲੰਪਿਕ ਐਸੋਸੀਏਸ਼ਨ ਵੱਲੋਂ ਸਦੀ ਦਾ ਮਹਾਨ ਖਿਡਾਰੀ ਐਲਾਨਿਆ ਗਿਆ ਹੋਵੇ। ਜਿਸ ਨੇ ਦੁਨੀਆ 'ਚ ਦੇਸ਼ ਦਾ ਨਾਂ ਉੱਚਾ ਕੀਤਾ ਹੋਵੇ। ਜਿਸ ਦੇ ਨਾਂ 'ਤੇ ਕੌਮੀ ਖੇਡ ਦਿਵਸ ਮਨਾਇਆ ਜਾਂਦਾ ਹੋਵੇ, ਜਦੋਂ ਦੇਸ਼ ਦੇ ਸਭ ਤੋਂ ਵੱਡੇ ਸਨਮਾਨ 'ਭਾਰਤ ਰਤਨ' ਲਈ ਉਸ ਦਾ ਕਦੇ ਜ਼ਿਕਰ ਨਾ ਹੋਵੇ ਤਾਂ ਹਰ ਖੇਡ ਪ੍ਰੇਮੀ ਦੀਆਂ ਭਾਵਨਾਵਾਂ ਨੂੰ ਸੱਟ ਲੱਗਣੀ ਲਾਜ਼ਮੀ ਹੈ। 'ਹਾਕੀ ਦੇ ਜਾਦੂਗਰ' ਦੇ ਨਾਂ ਨਾਲ ਜਾਣੇ ਜਾਂਦੇ ਇਸ ਮਹਾਨ ਖਿਡਾਰੀ ਨੇ ਆਪਣੇ ਖੇਡ ਹੁਨਰ ਨਾਲ ਵਿਰੋਧੀਆਂ ਨੂੰ ਮੂੰਹ 'ਚ ਉਂਗਲਾਂ ਪਾਉਣ ਲਈ ਮਜਬੂਰ ਕਰੀ ਰੱਖਿਆ। ਇਹ ਕਹਿਣ 'ਚ ਕੋਈ ਸੰਕੋਚ ਨਹੀਂ ਹੈ ਕਿ ਦੇਸ਼ ਦੇ ਮਾੜੇ ਰਾਜਨੀਤਕ ਸਿਸਟਮ ਦਾ ਸ਼ਿਕਾਰ ਹਾਕੀ ਦਾ ਇਹ ਜਾਦੂਗਰ ਵੀ ਹੋਇਆ ਹੈ। ਆਓ, ਝਾਤ ਮਾਰੀਏ ਇਸ ਮਹਾਨ ਦੇਸ਼ ਭਗਤ ਖਿਡਾਰੀ ਦੀਆਂ ਪ੍ਰਾਪਤੀਆਂ 'ਤੇ ਅਤੇ ਫ਼ੈਸਲਾ ਕਰੀਏ ਕਿ ਮੇਜਰ ਧਿਆਨ ਚੰਦ 'ਭਾਰਤ ਰਤਨ' ਦਾ ਹੱਕਦਾਰ ਹੈ ਜਾਂ ਨਹੀਂ!

## ਦੇਸ਼ ਭਗਤ ਖਿਡਾਰੀ

ਕੋਈ ਸਮਾਂ ਸੀ ਜਦੋਂ ਵਿਰੋਧੀ ਟੀਮ ਦੇ ਖਿਡਾਰੀ ਵੀ ਖੜ੍ਹੇ ਹੋ-ਹੋ ਕੇ ਧਿਆਨ ਚੰਦ ਦੀ ਖੇਡ ਦੀ ਜਾਦੂਗਰੀ ਦੇਖਦੇ ਸਨ। ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਫ਼ੌਜ 'ਚ ਭਰਤੀ ਹੋਣ ਤੋਂ ਬਾਅਦ ਜਾਗਿਆ। ਆਪਣੇ ਖੇਡ ਕਰੀਅਰ ਦੌਰਾਨ 400 ਤੋਂ ਵੱਧ ਕੌਮਾਂਤਰੀ ਗੋਲ ਕਰਨ ਵਾਲੇ 'ਦਿ ਵਿਜ਼ਾਰਡ' ਨੇ ਭਾਰਤ ਨੂੰ ਲਗਾਤਾਰ ਤਿੰਨ ਓਲੰਪਿਕ ਖੇਡਾਂ 'ਚ ਗੋਲਡ ਮੈਡਲ ਦਿਵਾਇਆ। ਮੇਜਰ ਧਿਆਨ ਚੰਦ ਦੀ ਖੇਡ ਦਾ ਦੀਵਾਨਾ ਦੁਨੀਆਂ ਦਾ ਸਭ ਤੋਂ ਵੱਡਾ ਤਾਨਾਸ਼ਾਹ ਹਿਟਲਰ ਵੀ ਸੀ। ਬਰਲਿਨ ਓਲੰਪਿਕ 'ਚ ਧਿਆਨ ਚੰਦ ਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਹਿਟਲਰ ਨੇ ਉਨ੍ਹਾਂ ਨੂੰ ਜਰਮਨੀ ਆ ਕੇ ਰਹਿਣ ਤੇ ਉਸ ਦੇ ਦੇਸ਼ ਵੱਲੋਂ ਖੇਡਣ ਦੀ ਪੇਸ਼ਕਸ਼ ਕੀਤੀ ਪਰ ਇਸ ਮਹਾਨ ਦੇਸ਼ ਭਗਤ ਨੇ ਇਹ ਕਹਿ ਕੇ ਹਿਟਲਰ ਦਾ ਪ੍ਰਸਤਾਵ ਠੁਕਰਾ ਦਿੱਤਾ ਕਿ ਉਹ ਹਮੇਸ਼ਾ ਭਾਰਤ ਵੱਲੋਂ ਹੀ ਖੇਡੇਗਾ। ਖੇਡ ਪ੍ਰਾਪਤੀਆਂ ਦੇ ਜਿੰਨੇ ਕਿੱਸੇ ਧਿਆਨ ਚੰਦ ਦੇ ਹਨ, ਸ਼ਾਇਦ ਇੰਨੇ ਕਿਸੇ ਹੋਰ ਖਿਡਾਰੀ ਦੇ ਨਹੀਂ ਹਨ।

## ਸਦੀ ਦਾ ਮਹਾਨ ਖਿਡਾਰੀ

ਅਸੀਂ ਗੱਲ ਕਰ ਰਹੇ ਸਾਂ ਦੇਸ਼ ਦੇ ਸਰਵਉੱਚ ਸਨਮਾਨ 'ਭਾਰਤ ਰਤਨ' ਦੀ। ਇਹ ਸਨਮਾਨ ਅਜੇ ਤਕ ਖਿਡਾਰੀਆਂ ਵਿੱਚੋਂ ਸਿਰਫ਼ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਹੀ ਮਿਲਿਆ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਸਚਿਨ ਤੇਂਦੁਲਕਰ ਵਰਗਾ ਮਹਾਨ ਤੇ ਹਲੀਮੀ ਭਰਿਆ ਖਿਡਾਰੀ ਸੰਸਾਰ ਵਿਚ ਦੂਸਰਾ ਨਹੀਂ ਹੈ ਪਰ ਖੇਡ ਵਿਦਵਾਨ ਮੇਜਰ ਧਿਆਨ ਚੰਦ ਦੀ ਤੁਲਨਾ ਸਦੀ ਦੇ ਮਹਾਨ ਖਿਡਾਰੀਆਂ ਪੇਲੇ (ਫੁੱਟਬਾਲ) ਅਤੇ ਡਾਨ ਬ੍ਰੈਡਮੈਨ (ਕ੍ਰਿਕਟ) ਨਾਲ ਕਰਦੇ ਹਨ। ਉਨ੍ਹਾਂ ਨੂੰ ਸਦੀ ਦਾ ਮਹਾਨ ਖਿਡਾਰੀ ਵੀ ਐਲਾਨਿਆ ਜਾ ਚੁੱਕਾ ਹੈ। ਫਿਰ ਸਰਕਾਰ ਵੱਲੋਂ ਉਨ੍ਹਾਂ ਨੂੰ ਇਸ ਸਰਵਉੱਚ ਸਨਮਾਨ ਲਈ ਨਜ਼ਰਅੰਦਾਜ ਕਿਉਂ ਕੀਤਾ ਜਾ ਰਿਹਾ ਹੈ? ਮੇਜਰ ਧਿਆਨ ਚੰਦ ਉਹ ਮਹਾਨ ਖਿਡਾਰੀ ਹੈ, ਜਿਸ ਦੀ ਸਟਿੱਕ ਨਾਲ ਬਾਲ ਇਸ ਕਦਰ ਚਿਪਕੀ ਰਹਿੰਦੀ ਸੀ ਕਿ ਇਕ ਵਾਰ ਹਾਲੈਂਡ ਵਿਖੇ ਉਨ੍ਹਾਂ ਦੀ ਸਟਿੱਕ ਨੂੰ ਖੋਲ੍ਹ ਕੇ ਵੇਖਣ ਤਕ ਦੀ ਨੌਬਤ ਆ ਗਈ ਸੀ। ਦੇਸ਼ ਦੇ ਇਸ ਮਹਾਨਾਇਕ ਨੂੰ ਸਰਕਾਰਾਂ ਦੀ ਇਸ ਬੇਰੁਖ਼ੀ ਦਾ ਸ਼ਿਕਾਰ ਹੋਇਆ ਵੇਖ ਕੇ ਹਰ ਖੇਡ ਪ੍ਰੇਮੀ ਦਾ ਦਿਲ ਉਦਾਸ ਹੋ ਜਾਂਦਾ ਹੈ ਤੇ ਸਰਕਾਰ ਦੀ ਇਸ ਉਦਾਸੀਨਤਾ ਪ੍ਰਤੀ ਉਸ ਦੇ ਮਨ ਵਿਚ ਰੋਸ ਵੀ ਹੈ। ਹਾਕੀ ਖੇਡ ਨਾਲ ਮੁਹੱਬਤ ਕਰਨ ਵਾਲਿਆਂ ਵੱਲੋਂ ਮੇਜਰ ਧਿਆਨ ਚੰਦ ਨੂੰ ਇਹ ਐਵਾਰਡ ਦਿੱਤੇ ਜਾਣ ਦੀ ਮੰਗ ਕਈ ਵਾਰ ਉਠਾਈ ਗਈ ਪਰ ਕਿਸੇ ਵੀ ਸਰਕਾਰ ਅਤੇ ਉਸ ਵੱਲੋਂ ਬਣਾਈਆਂ ਗਈਆਂ ਕਮੇਟੀਆਂ ਨੇ ਇਸ ਸਬੰਧੀ ਕਦੇ ਕੋਈ ਠੋਸ ਫ਼ੈਸਲਾ ਨਹੀਂ ਲਿਆ।

## ਉਦਾਸੀਨ ਸਰਕਾਰੀ ਤੰਤਰ

ਫਲਾਇੰਗ ਸਿੱਖ ਮਿਲਖਾ ਸਿੰਘ ਨੇ ਇਕ ਟੀਵੀ ਇੰਟਰਵਿਊ 'ਚ ਕਿਹਾ ਸੀ ਕਿ ਜੇ ਕਿਸੇ ਖਿਡਾਰੀ ਨੂੰ ਸਭ ਤੋਂ ਪਹਿਲਾਂ 'ਭਾਰਤ ਰਤਨ' ਮਿਲਣਾ ਚਾਹੀਦਾ ਸੀ ਤਾਂ ਉਹ ਮੇਜਰ ਧਿਆਨ ਚੰਦ ਹੈ। ਮੇਜਰ ਧਿਆਨ ਚੰਦ ਨੂੰ ਇਸ ਤਰ੍ਹਾਂ ਨਜ਼ਰਅੰਦਾਜ਼ ਕੀਤੇ ਜਾਣ ਨਾਲ ਖੇਡ ਰਣਨੀਤੀਕਾਰਾਂ, ਸਰਕਾਰੀ ਯੋਜਨਾਕਾਰਾਂ ਤੇ ਸਰਕਾਰ ਦੇ ਖੇਡਾਂ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਦਾਅਵੇ ਥੋਥੇ ਸਿੱਧ ਹੁੰਦੇ ਹਨ। ਇਹ 'ਰਾਸ਼ਟਰੀ ਖੇਡ' ਮੰਨੀ ਜਾਣ ਵਾਲੀ ਹਾਕੀ ਅਤੇ ਦੇਸ਼ ਦੀ ਖ਼ਾਤਿਰ ਜਾਨ ਹੂਲ ਕੇ ਖੇਡਣ ਵਾਲੇ ਖਿਡਾਰੀਆਂ ਦਾ ਨਿਰਾਦਰ ਹੀ ਆਖਿਆ ਜਾ ਸਕਦਾ ਹੈ ਕਿ ਜਿਸ ਧਿਆਨ ਚੰਦ ਨੂੰ ਦੁਨੀਆ ਖੇਡਾਂ ਦਾ 'ਅਨਮੋਲ ਰਤਨ' ਮੰਨਦੀ ਹੈ ਸਾਡੇ ਦੇਸ਼ ਦੇ ਸਿਸਟਮ ਨੇ ਅਜੇ ਤਕ ਉਸ ਨੂੰ 'ਭਾਰਤ ਦਾ ਰਤਨ' ਨਹੀਂ ਮੰਨਿਆ।

ਖੇਡਾਂ ਅਜਿਹਾ ਖੇਤਰ ਹਨ ਜਿਸ 'ਚ ਜਦ ਵੀ ਕੌਮਾਂਤਰੀ ਪੱਧਰ 'ਤੇ ਜਿੱਤ ਪ੍ਰਾਪਤ ਕਰਦਾ ਹੈ ਤਾਂ ਉਸ ਦੇਸ਼ ਦਾ ਝੰਡਾ ਬੁਲੰਦ ਹੁੰਦਾ ਹੈ। ਇਹ ਨਜ਼ਾਰਾ ਵੇਖ ਕੇ ਉਸ ਦੇਸ਼ ਦੇ ਲੋਕ ਮਾਣਮੱਤਾ ਮਹਿਸੂਸ ਕਰਦੇ ਹਨ। ਅਜੇ ਤਕ ਚੋਣਵੇਂ ਖਿਡਾਰੀਆਂ ਨੇ ਹੀ ਵਿਸ਼ਵ ਤੇ ਓਲੰਪਿਕ ਪੱਧਰ 'ਤੇ ਭਾਰਤ ਦਾ ਝੰਡਾ ਬੁਲੰਦ ਕੀਤਾ ਹੈ। ਲੋੜ ਹੈ ਇਨ੍ਹਾਂ ਵਡਮੁੱਲੇ ਰਤਨਾਂ ਨੂੰ ਪਛਾਣ ਕੇ ਬਣਦਾ ਮਾਣ ਦੇਣ ਦੀ।

# ਦੇਸ਼ ਦਾ ਗੌਰਵ ਮੇਜਰ ਧਿਆਨ ਚੰਦ



ਗੁਰਦੇਵ ਸਿੰਘ ਨਾਰਲੀ
98146-58915



ਜਰਮਨੀ ਦੇ ਤਾਨਾਸ਼ਾਹ ਹਿਟਲਰ ਵਰਗਿਆਂ ਦੁਆਰਾ ਵੱਡੇ ਅਹੁਦਿਆਂ ਦੀ ਪੇਸ਼ਕਸ਼ ਨੂੰ ਸਹਿਜੇ ਹੀ ਠੁਕਰਾਉਣ ਵਾਲਾ, ਦੇਸ਼ ਦੇ ਗੌਰਵ ਤੇ ਹਾਕੀ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਧਿਆਨ ਚੰਦ ਦਾ ਜਨਮ 29 ਅਗਸਤ 1905 ਨੂੰ ਅਲਾਹਾਬਾਦ ਵਿਖੇ ਪਿਤਾ ਸਾਮੇਸ਼ਵਰ ਦੱਤ ਸਿੰਘ ਤੇ ਮਾਤਾ ਸ਼ਰਧਾ ਸਿੰਘ ਦੇ ਘਰ ਹੋਇਆ। ਇਸ ਦਿਨ ਨੂੰ ਅੱਜ ਦੇਸ਼ ਵਿਚ 'ਖੇਡ ਦਿਵਸ' ਵਜੋਂ ਮਨਾਇਆ ਜਾਂਦਾ ਹੈ।

## ਵਤਨ ਦਾ ਸੱਚਾ ਸਿਪਾਹੀ

ਅੰਗਰੇਜ਼ ਭਾਰਤੀ ਫ਼ੌਜ 'ਚ ਸਿਪਾਹੀ ਦੇ ਅਹੁਦੇ ਤੋਂ ਵਿਸ਼ਵ ਪੱਧਰੀ ਹਾਕੀ ਖਿਡਾਰੀ ਦੇ ਰੁਤਬੇ ਤਕ ਦਾ ਸ਼ਾਨਮੱਤਾ ਸਫ਼ਰ ਤੈਅ ਕੀਤਾ ਸੀ ਇਸ ਜਾਦੂਗਰ ਖਿਡਾਰੀ ਨੇ। ਉਸ ਦੀ ਖੇਡ ਦਾ ਜਾਦੂ ਭਾਰਤ ਸਮੇਤ ਸਮੁੱਚੀ ਦੁਨੀਆ ਦੇ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲਿਆ। 'ਗੋਲ੍ਹਾਂ ਦੇ ਬਾਦਸ਼ਾਹ' ਵਜੋਂ ਜਾਣੇ ਜਾਂਦੇ ਇਸ ਖਿਡਾਰੀ ਨੇ 1932 ਦੀਆਂ ਲਾਸ ਏਂਜਲਸ ਓਲੰਪਿਕ ਖੇਡਾਂ 'ਚ ਯੂਐੱਸਏ ਦੇ ਵਿਰੁੱਧ ਇਕੱਲਿਆਂ ਹੀ 8 ਗੋਲ ਕਰ ਕੇ ਸਮੁੱਚੀ ਭਾਰਤੀ ਟੀਮ ਦੀ ਤਰਫ਼ੋਂ 24-1 ਦੇ ਬਹੁਤ ਵੱਡੇ ਫ਼ਰਕ ਨਾਲ ਸ਼ਾਨਦਾਰ ਜਿੱਤ ਦਰਜ ਕੀਤੀ। 1936 ਦੀਆਂ ਓਲੰਪਿਕ ਖੇਡਾਂ ਵਿਚ ਮੇਜ਼ਬਾਨ ਜਰਮਨੀ ਦੀ ਟੀਮ ਨਾਲ ਹੋਏ ਗਹਿਗੱਚ ਮੁਕਾਬਲੇ ਵਿਚ ਭਾਰਤੀ ਟੀਮ ਦੁਆਰਾ ਕੀਤੇ ਗਏ ਕੁੱਲ 14 ਗੋਲਾਂ ਵਿੱਚੋਂ 6 ਗੋਲ ਇਕੱਲਿਆਂ ਹੀ ਕੀਤੇ।

ਜਰਮਨੀ ਦਾ ਤਾਨਾਸ਼ਾਹ ਹਿਟਲਰ ਗੈਲਰੀ 'ਚ ਬੈਠਾ ਮੈਚ ਦੇਖਦਾ ਹੋਇਆ ਆਪਣੀ ਟੀਮ ਦੀ ਹਾਰ 'ਤੇ ਦੰਦ ਕਰੀਚ ਰਿਹਾ ਸੀ ਤੇ ਧਿਆਨ ਚੰਦ ਦੀ ਖੇਡ ਤੋਂ ਪ੍ਰਭਾਵਿਤ ਹੋ ਰਿਹਾ ਸੀ। ਮੈਚ ਦੀ ਜਿੱਤ ਉਪਰੰਤ ਹਿਟਲਰ ਨੇ ਧਿਆਨ ਚੰਦ ਨੂੰ ਜਰਮਨੀ ਫ਼ੌਜ ਵਿਚ 'ਕਰਨਲ' ਦਾ ਅਹੁਦਾ ਦਿੱਤੇ ਜਾਣ ਦੀ ਪੇਸ਼ਕਸ਼ ਕੀਤੀ ਸੀ। ਧਿਆਨ ਚੰਦ ਨੇ ਇਸ ਪੇਸ਼ਕਸ਼ ਨੂੰ ਬੜੇ ਅਦਬ ਨਾਲ ਠੁਕਰਾ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਉਹ ਆਪਣੇ ਵਤਨ ਦੀ ਮਿੱਟੀ ਦਾ ਛੋਟਾ ਜਿਹਾ ਸਿਪਾਹੀ ਬਣ ਕੇ ਰਹਿਣਾ ਚਾਹੁੰਦਾ ਹੈ।

## ਖਿਡਾਰੀਆਂ ਦਾ ਆਦਰਸ਼

ਇਕ ਵਾਰ ਕ੍ਰਿਕਟ ਦੇ ਮਹਾਨ ਖਿਡਾਰੀ 'ਸਰ ਡਾਨ ਬ੍ਰੈਡਮੈਨ' ਨੇ ਸਹਿ-ਸੁਭਾਅ ਧਿਆਨ ਚੰਦ ਨੂੰ ਪੁੱਛਿਆ ਕਿ, 'ਧਿਆਨ, ਤੂੰ ਸਟਿੱਕ ਨਾਲ ਏਨੇਂ ਗੋਲ ਕਿਵੇਂ ਕਰ ਲੈਂਦਾ ਹੈਂ?' ਧਿਆਨ ਚੰਦ ਨੇ ਕਿਹਾ ਸੀ, 'ਜਿਵੇਂ ਬੱਲੇ ਨਾਲ ਦੌੜਾਂ ਬਣਾਈਆਂ ਜਾਂਦੀਆ ਨੇ ਠੀਕ ਇਵੇਂ ਹੀ।' ਧਿਆਨ ਚੰਦ ਪੂਰੀ ਦੁਨੀਆ 'ਚ ਪ੍ਰਸਿੱਧ ਹੋਇਆ। ਹਾਕੀ ਤੋਂ ਇਲਾਵਾ ਬਹੁਤ ਸਾਰੀਆਂ ਦੂਸਰੀਆਂ ਖੇਡਾਂ ਦੇ ਖਿਡਾਰੀਆਂ ਦੀ ਜ਼ੁਬਾਨ 'ਤੇ ਅੱਜ ਵੀ ਉਸ ਦਾ ਨਾਂ ਬੋਲਦਾ ਹੈ ਤੇ ਬੋਲਦਾ ਰਹੇਗਾ। ਗੁਆਂਢੀ ਮੁਲਕ ਪਾਕਿਸਤਾਨ ਦਾ ਮਸ਼ਹੂਰ ਹਾਕੀ ਖਿਡਾਰੀ ਜਹਾਂਗੀਰ ਬੱਟ ਵੀ ਆਪਣੇ ਦੌਰ 'ਚ ਧਿਆਨ ਚੰਦ ਨੂੰ ਆਦਰਸ਼ ਮੰਨ ਕੇ ਖੇਡਦਾ ਸੀ।

## ਪਾਸ ਦੇਣਾ ਹੀ ਸਭ ਤੋਂ ਵੱਡੀ ਝਕਾਨੀ ਹੈ

ਇਕ ਵਾਰ ਕਿਸੇ ਦਰਸ਼ਕ ਨੇ ਹਾਕੀ ਦੀ ਬਜਾਏ ਸੈਰ ਕਰਨ ਵਾਲੀ 'ਛੜੀ' ਨਾਲ ਧਿਆਨ ਚੰਦ ਨੂੰ ਗੋਲ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਝੱਟ-ਪੱਟ ਗੋਲ ਕਰ ਦਿੱਤਾ। ਇਹ ਵੇਖ ਕੇ ਉਹ ਸ਼ੱਕੀ ਵਿਅਕਤੀ ਬੜਾ ਸ਼ਰਮਸਾਰ ਹੋਇਆ। ਧਿਆਨ ਚੰਦ ਹੋਸ਼ ਤੇ ਠਰ੍ਹੰਮੇ ਵਾਲਾ ਖਿਡਾਰੀ ਸੀ। ਉਨ੍ਹਾਂ ਨੇ ਆਪਣੇ ਸ਼ਬਦਾਂ 'ਚ ਇਕ ਵਾਰ ਕਿਹਾ ਸੀ, 'ਪਾਸ ਦੇਣਾ ਹੀ ਸਭ ਤੋਂ ਵਧੀਆ ਝਕਾਨੀ ਹੈ।' ਧਿਆਨ ਚੰਦ ਵਰਗੇ ਖਿਡਾਰੀ ਵਾਰ-ਵਾਰ ਨਹੀਂ ਜੰਮਦੇ। ਭਾਰਤ ਸਰਕਾਰ ਨੇ ਸੰਨ 1956 ਵਿਚ ਇਸ 'ਨਾਯਾਬ ਹੀਰੇ' ਨੂੰ 'ਪਦਮ ਭੂਸ਼ਣ' ਨਾਲ ਸਨਮਾਨਿਤ ਕੀਤਾ ਸੀ।

## ਅਲਵਿਦਾ

ਦਿੱਲੀ ਦੇ 'ਏਮਜ਼' ਵਿਖੇ 3 ਦਸੰਬਰ 1979 ਨੂੰ 74 ਸਾਲ ਦੀ ਵਿਚ ਇਹ ਮਹਾਨ ਖਿਡਾਰੀ ਸਮੁੱਚੇ ਦੇਸ਼ ਨੂੰ ਰੋਂਦਿਆਂ ਛੱਡ ਕੇ ਸਦਾ ਦੀ ਨੀਂਦ 'ਚ ਗੁਆਚ ਗਿਆ। ਮੇਜਰ ਧਿਆਨ ਚੰਦ ਦੇ ਚਲਾਣੇ ਤੋਂ ਇਕ ਸਾਲ ਬਾਅਦ ਉਨ੍ਹਾਂ ਦੀ ਯਾਦ ਵਿਚ ਭਾਰਤ ਸਰਕਾਰ ਦੁਆਰਾ ਇਕ ਡਾਕ ਟਿਕਟ ਜਾਰੀ ਕੀਤੀ ਗਈ। ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਵਿਸ਼ਵ ਪ੍ਰਸਿੱਧ ਸਟੇਡੀਅਮ ਵੀ ਮੇਜਰ ਧਿਆਨ ਚੰਦ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਸਾਲ 28-29 ਅਗਸਤ ਨੂੰ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਪੰਜਾਬ ਵੱਲੋਂ 'ਸਕੂਲੀ ਖੇਡਾਂ' ਵੀ ਮੇਜਰ ਧਿਆਨ ਚੰਦ ਨੂੰ ਹੀ ਸਮਰਪਿਤ ਹਨ। ਇਸ ਪਹਿਲਕਦਮੀ ਲਈ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ।

## ਬੁਝੇਗੀ ਚਿੰਗਾਰੀ

ਰੋਜ਼ ਹੀ ਤੋਪਾਂ ਦੇ ਮੂੰਹ ਰਹਿੰਦੇ ਨੇ ਖੁੱਲ੍ਹੇ ,
ਰੋਜ਼ ਆਰੋਂ ਪਾਰੋਂ ਨਸ਼ੇ ਜਾਂਦੇ ਵੱਡਮੁਲੇ ।

ਰੋਜ਼ ਪੁੱਤ ਵੈਗਾਨੀ ਮਾਂ ਦੇ ਆਉਂਦੇ ਕਫ਼ਨ ਬੰਨਕੇ,
ਰੋਜ਼ ਪੁੱਤ ਧਰਤ ਮਾਂ ਦੇ ਮਿਟਦੇ ਸ਼ਹੀਦੀ ਮੰਨਕੇ ।

ਰੋਜ਼ ਧੌਂਸ ਜਮਾਈ ਜਾਂਦੀ ਹਥਿਆਰਾਂ ਦੇ ਸਿਰ ਤੇ,
ਰੋਜ਼ ਰੋਸ ਮਨਾਈ ਜਾਂਦੀ ਯੂ ਐਨ ਓ ਦੇ ਪਿੜ ਤੇ।

ਰੋਜ਼ ਦਾ ਮਸਲਾ ਹੱਲ ਨਹੀਂ ਹੁੰਦਾ ਮਿਲ ਬਹਿ ਕੇ,
ਰੋਜ਼ ਲੋਕੀ ਅੱਕ ਗਏ ਨੇ ਅਵੱਲੜੇ ਦੁੱਖ ਸਹਿ ਕੇ।

ਰੋਜ਼ ਲਾਂਘਾ ਹੋ ਜਾਵੇ ਜੇ ਕਰਤਾਰਪੁਰ ਗੁਰਦੁਆਰੇ
ਰੋਜ਼ ਮਿਲਣਗੇ ਲੋਕੀਂ ਤੇ ਜੁੜ ਜਾਣਗੇ ਦਿਲ ਖਾਰੇ।

ਰੋਜ਼ ਜਾਣ ਜੇ ਲੋਕਾਂ ਲਈ ਦਰ ਬਾਰਡਰ ਦੇ ਖੋਲ੍ਹੇ ,
ਰੋਜ਼ ਆਣ-ਜਾਣ ਘਟਾਊ ਨਫ਼ਰਤ ਹੋਲੇ-ਹੋਲੇ ।

ਰੋਜ਼ ਨਾਨਕ ਦੀ ਬਾਣੀ ਇਕੱਠਿਆਂ ਨੂੰ ਬਿਠਾਊ ,
ਰੋਜ਼ ਦਾਮਿਲ ਬਹਿਣਾ ਦਿਲਾਂ ਦੇ ਭੇਦ ਮਿਟਾਊ ।

ਰੋਜ਼ ਹੀ ਗੱਲ ਤੁਰੇਗੀ ਪਿਆਰ ਮੁਹੱਬਤ ਵਾਲੀ ,
ਰੋਜ਼ ਬੁਝੇਗੀ ਚਿੰਗਾਰੀ ਚਿਰਾਂ ਦੀ ਨਫ਼ਰਤ ਵਾਲੀ।

## ਰਬਿੰਦਰ ਸ਼ਰਮਾ ਦੀਆਂ ਕੁਝ ਰਚਨਾਵਾਂ



### ਗਣਤੰਤਰ

ਜਦ ਵੀ ਕਲਮ ਫੜਦਾ ਹਾਂ ਹੱਥ ਵਿਚ
ਸੱਚਾਈ ਮੋਹਰੇ ਆ ਜਾਂਦੀ ।
ਦਰਦ ਕਹਾਣੀ ਇਸ ਗਣਤੰਤਰ ਦੀ
ਅੱਖੀਆਂ ਵਿਚ ਹੈ ਛਾ ਜਾਂਦੀ ।

ਦੇਸ਼ ਮੇਰੇ ਦਾ ਬਚਪਨ ਤੇ ਹੁਸਨ ਜਵਾਨੀ
ਖਾ ਗਏ ਵਿਦੇਸ਼ੀ ਗੋਰੇ ਵੇ ।
ਖਣਿਜ, ਖ਼ਜ਼ਾਨੇ ਸਾਹਮਣੇ ਲੁੱਟ-2 ਲੈ ਗਏ
ਲੈਂਦੇ ਰਹੇ ਅਸੀ ਝੋਰੇ ਵੇ ।

ਵਿਆਹ ਕੇ ਲਿਆਂਦੀ ਸੀ ਅਜ਼ਾਦੀ
ਦੇਸ਼ ਭਗਤ ਸੂਰਬੀਰਾਂ ਨੇ ।
ਜਾ ਕੇ ਵੰਗਿਰਆ ਸੀ ਗੋਰੇ ਨੂੰ
ਉਧਮ ਸਿੰਘ ਵਰਗੇ ਦਿਲਗੀਰਾਂ ਨੇ ।

ਜਲਿਆਂ ਵਾਲੇ ਬਾਗ ਨੂੰ ਸਿੰਜਿਆ
ਨਿਰਦੋਸ਼ਾਂ ਦੇ ਗੂੜ੍ਹੇ ਰੱਤ ਨੇ ਸੀ ।
ਸੈਂਕੜੇ ਤਾਂ ਸੁਹਾਗ ਉਜਾੜੇ
ਅੰਨੇਵਾਹ ਕਤਲੇਆਮ ਦੀ ਮਤ ਨੇ ਸੀ ।

ਜਬਰ ਤਸ਼ਦੱਦ ਰੋਕ ਨਾ ਸਕਿਆ
ਅਜ਼ਾਦੀ ਦੇ ਪ੍ਰਵਾਨਿਆਂ ਨੂੰ।
ਸੱਤ ਸਮੁੰਦਰ ਰੋਕ ਨਾ ਸਕਿਆ
ਸੱਚੇ ਇਸ਼ਕ ਦੇ ਦੀਵਿਨਆਂ ਨੂੰ।

ਕੁਰਬਾਨੀਆਂ ਦੇ ਅਜ਼ਾਦੀ ਲਈ
ਤੇ ਇਹ ਗਣਰਾਜ ਬਣਿਆ ਹੈ।
ਕਈ ਸਾਲ ਦੇਖਦਿਆਂ ਗੁਜ਼ਰੇ
ਫਿਰ ਦਿਨ ਗਣਤੰਤਰ ਆਇਆ ਹੈ ।

ਦੇਸ਼ ਆਪਣੇ ਲਈ ਅੱਜ ਫਿਰ
ਸਿਰ ਝੁਕਾ ਕਸਮ ਭਰਦੇ ਹਾਂ ।
ਤਿਰੰਗਾ ਫਹਿਰਾ ਤੇਰੇ ਉਤੋਂ
ਦੇਸ਼ ਆਪਣੇ ਦਾ ਮਾਣ ਕਰਦੇ ਹਾਂ ।

ਸ਼ਿਕਵਾ ਏ ਕੁਝ ਸਾਨੂੰ ਤੇਰੇ ਤੇ
ਕਿਉਂ ਅਜੇ ਅਰਮਾਨ ਵੇਚੇ ਜਾਂਦੇ ਨੇ ।
ਲਿਖਿਆ ਜਦ ਸੰਵਿਧਾਨ ਤੇਰੇ ਲਈ
ਤਾਂ ਕਿਉਂ ਈਮਾਨ ਵੇਚੇ ਜਾਂਦੇ ਨੇ।

ਬਾਪੂ ਦੀ ਅਹਿੰਸਾ ਅਲੋਪ ਹੈ ਫਿਰਦੀ
ਕਿਉਂ ਹਿੰਸਾ ਖੁਲੀ ਚਰਦੀ ਏ।
ਭੁੱਖ, ਲਾਚਾਰੀ ਤੇ ਬੇਰੁਜ਼ਗਾਰੀ ਨਾਲ
ਕਿਉਂ ਬੇਵਸ ਜੰਨਤਾ ਮਰਦੀ ਏ।

ਜਾਤ-ਪਾਤ ਤੇ ਧਰਮਾਂ ਦੀ ਵੰਡ
ਕਿਉਂ ਅਜੇ ਵੀ ਲਾਂਬੂ ਲਾਉਂਦੀ ਏ ।
ਰਿਸ਼ਵਤਖੋਰੀ, ਹੇਰਾ-ਫੇਰੀ, ਚਾਪਲੂਸੀ
ਕਿਉਂ ਅਜੇ ਵੀ ਜਸ਼ਨ ਮਨਾਉਂਦੀ ਏ ।

ਜਾਅ ਆਖ ਦੇ ਪੈਰੋਕਾਰਾਂ ਨੂੰ
ਮੈਥੋਂ ਇਹ ਬਿਣਸਾਫ਼ੀ ਜ਼ਰੀ ਨਹੀਂ ਜਾਂਦੀ ।
ਜਾਂ ਉਚੀ-2 ਬੋਲ ਤੂੰ ਕਹਿ ਦੇ
ਮੈਥੋਂ ਸ਼ਹੀਦਾਂ ਦੀ ਦਾਸਤਾਨ ਪੜ੍ਹੀ ਨਹੀਂ ਜਾਂਦੀ।

## ਰੁੱਤ ਬਦਲ ਤਾਂ ਛੇਤੀ ਜਾਣੀ ਆਂ

ਨਾ ਪੱਤਿਓ ਝੜ-2 ਜਾਇਓ ਉਏ,
ਰੁੱਤ ਬਦਲ ਤਾਂ ਛੇਤੀ ਜਾਣੀ ਆਂ ।
ਪਤਝੜ ਤੋਂ ਨਾ ਘਬਰਾਇਓ ਉਏ,
ਰੁੱਤ ਬਦਲ ਤਾਂ ਛੇਤੀ ਜਾਣੀ ਆਂ ।

ਤੁਸੀਂ ਸਿਖਰਾਂ ਤੇ ਜਾ ਖੜਦੇ ਹੋ,
ਨਾ ਤੁਫ਼ਾਨ ਹਨੇਰੀ ਤੋਂ ਡਰਦੇ ਹੋ ।
ਰੰਗ ਹਰਾ ਕਚੂਰ ਖੁਆਬਾਂ ਦਾ,
ਦਮ ਹਰ ਦਿਲ ਅੰਦਰ ਭਰਦੇ ਹੋ ।
ਤੁਸੀਂ ਸ਼ਾਨ ਹੋ ਪਿਆਰੀ ਕੁਦਰਤ ਦੀ,
ਕਿਹੜੀ ਉਮਰ ਤੁਸੀਂ ਅਜੇ ਮਾਣੀ ਆਂ ।
ਨਾ ਪੱਤਿਓ ਝੜ-2 ਜਾਇਓ ਉਏ,
ਰੁੱਤ ਬਦਲ ਤਾਂ ਛੇਤੀ ਜਾਣੀ ਆਂ ।

ਮੁਹੱਬਤ ਵਿਚ ਹੋਈਆਂ ਦਰਦਾਂ ਨੇ,
ਰੰਗ ਜ਼ਰਦ ਸਨਿਹਰੀ ਕੀਤਾ ਹੈ ।
ਇਹ ਰੰਗ ਵੀ ਬਣਿਆ ਸ਼ਾਨ ਤੇਰੀ,
ਇਹਨੇ ਟੁੱਟੇ ਦਿਲਾਂ ਨੂੰ ਸੀਅਤਾ ਹੈ ।
ਨਾ ਪਤਝੜ ਦੇ ਮੋਹ ਫ਼ਸ ਜਾਇਓ,
ਇਹਨੇ ਆਫ਼ਤ ਨਵੀਂ ਲਿਆਉਣੀ ਆਂ ।
ਨਾ ਪੱਤਿਓ ਝੜ-2 ਜਾਇਓ ਉਏ,
ਰੁੱਤ ਬਦਲ ਤਾਂ ਛੇਤੀ ਜਾਣੀ ਆਂ ।

ਨਾ ਕਰਿਓ ਭਰੋਸਾ ਪਤਝੜ ਤੇ,
ਇਹਨੇ ਰੰਗ ਹੋਰ ਵਿਖਾਉਣੇ ਆਂ ।
ਇਹਨੇ ਝੂਟਾ ਦੇਣਾ ਮੁਹੱਬਤ ਦਾ,
ਫਿਰ ਗਿਣ-2 ਥੱਲੇ ਲਾਹਉਣੇ ਆਂ ।
ਚੱਕਰਾਂ 'ਚ' ਨਾ ਫ਼ਸ ਜਾਇਓ ਉਏ,
ਮੁੱਕਾ ਦੇਣੀ ਇਹਨੇ ਕਹਾਣੀ ਆਂ ।
ਨਾ ਪੱਤਿਓ ਝੜ-2 ਜਾਇਓ ਉਏ,
ਰੁੱਤ ਬਦਲ ਤਾਂ ਛੇਤੀ ਜਾਣੀ ਆਂ ।

ਦਿਲ ਸਾਡੇ ਅੰਦਰ ਟਹਿਕਣ ਦੀ,
ਵੇਖ ਟਹਿਕ ਤੇਰੀ ਤਸਵੀਰ ਬਣੀ।
ਜੋਬਨ ਦਿੱਤਾ ਜਿਸ ਵੀ ਬੂਟੇ ਨੇ ,
ਕੋਈ ਉਹਦੀ ਨਾਂ ਜਾਗੀਰ ਬਣੀ ।
ਝੜ ਉਸ ਨੂੰ ਦੁੱਖ ਦੇ ਜਿਇਓ ਨਾਂ,
ਹੋਸ਼ ਉਹਨੇ ਤਨੋ ਗੁਆਉਣੀ ਆਂ ।
ਨਾ ਪੱਤਿਓ ਝੜ-2 ਜਾਇਓ ਉਏ ,
ਰੁੱਤ ਬਦਲ ਤਾਂ ਛੇਤੀ ਜਾਣੀ ਆਂ ।

ਝੜ ਜਾਏ ਸੇਹਤ ਤਾਂ ਬੰਦਾ ਵੀ
ਆਪਣਾ ਆਪ ਗੁਆਂਉਂਦਾ ਹੈ ।
ਪੁੱਛਦਾ ਨਹੀ ਕੋਈ ਝੜਿਓ ਨੂੰ
ਨਾ ਕੋਡੀ ਮੁੱਲ ਕੋਈ ਪਾਉਂਦਾ ਹੈ ।
ਜੀਵਨ ਤਾਂ ਨਾਂ ਹੈ ਟਹਿਕਣ ਦਾ
ਸਿਰ ਸੁੱਟਿਆਂ ਮੋਤ ਮੰਡਰਾਉਣੀ ਆਂ
ਨਾ ਪਤਿਓ ਝੜ-2 ਜਾਇਓ ਉਏ,
ਰੁੱਤ ਬਦਲ ਤਾਂ ਛੇਤੀ ਜਾਣੀ ਆਂ ।

*****

## ਸ਼ੇਖੂਪੁਰੀਏ ਭਰਾਵਾਂ ਦੇ ਸਿੰਗਲ ਟਰੈਕ 'ਟੌਹਰਾਂ' ਦਾ ਵੀਡੀਓ ਸ਼ੂਟਿੰਗ ਮੁਕੰਮਲ

**ਚੰਡੀਗੜ-** ਪੰਜਾਬੀ ਗਾਇਕ ਜੋੜੀ ਸੁੱਚਾ-ਜੈਲਾ ਸ਼ੇਖੂਪੁਰੀਆ ਦੇ ਨਵੇ ਸਿੰਗਲ ਟਰੈਕ 'ਟੌਹਰਾਂ' ਦੀ ਸ਼ੂਟਿੰਗ, ਪਿੰਡ ਮਾਧੋ ਝੰਡਾ ਤੇ ਭੰਡਾਲ ਦੋਨਾ ਵਿੱਚ ਮੁਕੰਮਲ ਹੋਈ। ਪੰਜਾਬੀ ਨੌਜਵਾਨਾਂ ਦੀ ਟੌਹਰ ਦੀ ਗੱਲ ਕਰਦੇ ਇਸ ਗੀਤ ਦੇ ਗੀਤਕਾਰ ਹਨ, ਰਾਣਾ ਮਾਧੋ ਝੰਡੀਆਂ। ਇਸ ਨੂੰ ਸੰਗੀਤਬੱਧ ਕੀਤਾ ਹੈ, ਨਾਮਵਰ ਸੰਗੀਤਕਾਰ ਐਮ ਡੀ ਬਮਨ ਨੇ ਅਤੇ ਇਸਦੇ ਵੀਡੀਓ ਡਾਇਰੈਕਟਰ ਹਨ, ਸੋਨੂੰ ਲਾਲਕਾ ਜੀ।



ਕੈਮਰਾਮੈਨ ਰੋਹਿਤ ਦੀ ਰੇਖ-ਦੇਖ ਵਿੱਚ ਮਾਡਲ ਅਰਸ਼ਦੀਪ, ਨਵਪ੍ਰੀਤ, ਫੀਮੇਲ ਮਾਡਲ ਮਾਧੁਰੀ, ਮਨਜੀਤ ਸਿੰਘ ਬਾਂਸੀ, ਮੱਖਣ ਸਿੰਘ ਬਾਂਸੀ ਅਤੇ ਹੋਰ ਕੱਬਡੀ ਦੇ ਖਿਡਾਰੀਆ ਨੇ ਇਸ ਵਿੱਚ ਬਾਖੂਬੀ ਅਦਾਕਾਰੀ ਨਿਭਾਈ। ਮੇਕਅੱਪ-ਮੈਨ ਸੋਮਲ ਅਤੇ ਉਮੇਸ਼ ਨੇ ਪੂਰੀ ਟੀਮ ਨੂੰ ਖੂਬ ਸ਼ਿੰਗਾਰਿਆ।

ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਗਾਇਕ ਜੈਲੇ ਸ਼ੇਖੂਪੁਰੀਏ ਨੇ ਦੱਸਿਆ ਕਿ ਇਹ ਗੀਤ ਬਹੁਤ ਜਲਦੀ ਹੀ ਪੰਜਾਬੀ ਸੰਗੀਤ ਪ੍ਰੇਮੀਆ ਨੂੰ ਸੁਣਨ-ਦੇਖਣ ਨੂੰ ਮਿਲੇਗਾ। ਉਨਾ ਨੇ ਅੱਗੇ ਕਿਹਾ, 'ਸਾਨੂੰ ਪੂਰਨ ਆਸ ਹੈ ਕਿ ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੇ ਸਰੋਤੇ ਇਸ ਨੂੰ ਵੀ ਰੱਜਵਾਂ ਪਿਆਰ ਦੇਣਗੇ।'

**- ਪ੍ਰੀਤਮ ਲੁਧਿਆਣਵੀ**

## ਗੁਰਮੀਤ-ਰਾ-ਰਾਹੀਮ

ਜੀਹਦੀਆਂ ਗੱਲਾਂ ਕਰਦਾ ਸੀ ਨਿੱਤ ਪੜ੍ਹਕੇ ਤੂੰ ਅਖਬਾਰਾਂ
ਉਹਦੀ ਵੋਟ ਬੈਂਕ ਸੀ ਐਨੀ ਤੇ ਉਹ ਬਦਲ ਦਿੰਦਾ ਸਰਕਾਰਾਂ
ਉਹ ਪੱਤਰਕਾਰ ਦਾ ਕਤਲ ਕਰਾ ਕੇ ਤਾਹੀਉਂ ਧੋਖਾ ਖਾ ਗਿਆ
ਗੱਲ ਸੁਣੀ ਸਰਦਾਰਾ ਉਹੀ ਸਾਧ ਅੜਿੱਕੇ ਆ ਗਿਆ।

ਦਫਾ ਚਤਾਲੀ ਤੋਂ ਲੱਗੀ ਤੋਂ ਉਹਨੇ ਪੇਸ਼ੀ ਸੀ ਫਿਰ ਪਾਈ
ਪੰਦਰਾਂ ਸਾਲ ਪੁਰਾਣੇ ਕੇਸ ਵਿਚ ਜੱਜ ਨੇ ਸਜ਼ਾ ਸੁਣਾਈ
ਦਾਦੇ ਦੀਆਂ ਕਦੇ ਪੋਤੇ ਦੀਆਂ ਜੱਜ ਸਭ ਨੂੰ ਖੂੰਜੇ ਲਾ ਗਿਆ
ਗੱਲ ਸੁਣੀ ਸਰਦਾਰਾ, ਉਹ ਸਾਧ .....

ਸਾਧੂ, ਸੰਤ, ਫਕੀਰ ਕਾਹਦੇ ਜਿਹੜੇ ਪੈਸੇ ਉਤੇ ਮਰਦੇ
ਕਿਵੇਂ ਬਾਡੀਗਾਰਡ ਰੱਖੇ ਸਭ ਨੇ ਰਾਖੀ ਆਪਣੀ ਕਰਦੇ
ਸਾਧਾਂ ਪਿੱਛੇ ਲੱਗ ਕੇ ਤੇ ਸਾਰੇ ਦੇਸ਼ ਦਾ ਭੱਠਾ ਬਿਠਾ ਲਿਆ
ਗੱਲ ਸੁਣੀ ਸਰਦਾਰਾ, ਉਹ ਸਾਧ .....

ਦੁਨੀਆਂ ਚੰਦ ਤੇ ਚੜ੍ਹ ਗਈ ਤੇ ਇੱਥੇ ਸਾਧ ਸੂਤ ਨਾ ਆਏ
ਸੂਤ ਕਿਸੇ ਨੇ ਕੀ ਕਰਨੇ ਇਹਨਾਂ ਲੀਡਰਾਂ ਪਿੱਛੇ ਲਾਏ
ਦੋ-ਚਾਰ ਮਿੰਨਤ ਕਰਕੇ ਸਭ ਨੇ ਆਪਣਾ ਕੰਮ ਕਰਾ ਲਿਆ
ਗੱਲ ਸੁਣੀ ਸਰਦਾਰਾ, ਉਹ ਸਾਧ .....

ਨਿੱਤ ਐਸ਼ਪ੍ਰਸਤੀ ਪੈਸੇ ਸਿਰ ਤੇ ਘਰ ਨੂੰ ਲਾਂਬੂ ਲਾਉਂਦੇ
ਇੱਥੇ ਲਿਖਣ ਵਾਲੇ ਜਦ ਪੋਲ ਖੋਲ੍ਹਦੇ ਸ਼ਰੇਆਮ ਮਰਵਾਉਂਦੇ
'ਦੇਵ ਘੋਲੀਏ' ਵਾਲੇ ਨੇ ਸੱਚ ਲਿਖ ਕੇ ਪੰਗਾ ਪਾ ਲਿਆ
ਗੱਲ ਸੁਣੀ ਸਰਦਾਰਾ ਉਹੀ ਸਾਧ ਅੜਿੱਕੇ ਆ ਗਿਆ।

**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**



# ਪੰਜਾਬ ਦਾ ਅਦਬੀ ਦੂਤ ਅਤੇ ਧਿਆਨ ਦੀ ਪੂਰਨਮਾਸ਼ੀ ਦਾ ਚੰਨ: ਪਰਮਿੰਦਰ ਸੋਢੀ

ਉਹ ਪਰਮ ਇੰਦਰ ਹੈ ਤੇ ਇੰਦਰ ਦੇਵ ਦੀਆਂ ਪਰਮ ਬਰਕਤਾਂ ਦਾ ਵਾਰਸ। ਮਿਲਾਪੜਾ ਏਨਾ ਕਿ ਮਿਲ ਕੇ ਨਿਹਾਲ ਕਰ ਦਿੰਦਾ ਹੈ। ਉਹ ਕੁਦਰਤਨ ਕਵਿਤਾ ਪ੍ਰੇਮੀ ਹੈ ਤੇ ਬਹੁਤ ਸਾਰੇ ਕਵੀਆਂ ਤੇ ਕਵਿੱਤਰੀਆਂ ਦਾ ਪ੍ਰੇਰਣਾਸ੍ਰੋਤ ਅਤੇ ਮੱਦਦਗਾਰ ਹੈ।

ਉਹ ਪ੍ਰਦੇਸ ਵਿੱਚ ਰਹਿਕੇ ਵੀ ਦੇਸ ਦੀ ਸਾਰ, ਸਾਹਿਤਕ ਸਮਾਂਚਾਰ ਤੇ ਮਿੱਤਰਾਂ ਦੀ ਖ਼ਬਰ-ਸਾਰ ਰੱਖਦਾ ਹੈ। ਉਸਨੇ ਵਾਧੂ ਤੇ ਬੇਲੋੜੀਆਂ ਚੀਜ਼ਾਂ ਨੂੰ ਖ਼ਾਰਜ ਕੀਤਾ ਹੋਇਆ ਹੈ। ਉਹ ਅਦਬ ਨੂੰ ਮੁਹੱਬਤ ਤੇ ਮੁਹੱਬਤ ਨੂੰ ਅਦਬ ਸਮਝਦਾ ਹੈ। ਉਸਦੀ ਸ਼ਖ਼ਸੀਅਤ ਵਿੱਚ ਅਦਬੀ ਮੁਹੱਬਤ ਦੇ ਸਿਵਾ ਕੁਝ ਵੀ ਨਹੀਂ ਰਿਹਾ; ਉਹ ਪਾਰਦਰਸ਼ ਹੋ ਗਿਆ ਹੈ। ਉਸਦਾ ਹਰ ਸੰਦੇਸ਼ ਮੁਹੱਬਤ ਦਾ ਮੇਘਦੂਤ ਹੁੰਦਾ ਹੈ। ਉਹ ਖ਼ਾਲਸ ਮੁਹੱਬਤ ਦਾ ਖ਼ਾਲਸਾ ਹੈ। ਉਸਦੀ ਹਸਤੀ ਸੰਜਮ ਅਤੇ ਸਾਦਗੀ ਦਾ ਸਬੂਤ ਹੈ; ਇਹ ਸਬੂਤ ਉਸਦੇ ਚਿਹਰੇ ਦੀ ਰੌਣਕ ਹੈ; ਜ਼ੀਨਤ ਹੈ। ਉਸਦੀਆਂ ਨਿੱਜੀ ਦੁੱਖ ਤਕਲੀਫ਼ਾਂ ਜਾਂ ਮੁਸ਼ਕਲਾਂ ਵੀ ਹੋਣਗੀਆਂ; ਪਰ ਕੋਈ ਨਹੀਂ ਜਾਣਦਾ; ਕਿਉਂਕਿ ਉਹ ਕਿਸੇ ਨੂੰ ਦੱਸਦਾ ਹੀ ਨਹੀਂ। ਉਸਦੇ ਹਿੱਸੇ ਤਾਂ ਸਿਰਫ ਮੁਹੱਬਤ ਆਈ ਹੈ; ਇਹੀ ਉਸਦੀ ਜ਼ਿੰਦਗੀ ਦਾ ਅਧਾਰ ਹੈ। ਉਸਦੇ ਇਸ ਅਧਾਰ ਵਿੱਚ ਕਈਆਂ ਦਾ ਉਧਾਰ ਛਿਪਿਆ ਹੋਇਆ ਹੈ, ਜਿਸ ਲਈ ਉਹ ਬੇਹੱਦ ਉਦਾਰ ਹੈ।

ਉਸਨੇ ਆਪਣੇ ਦਿਲ ਦੇ ਖੀਸੇ ਵਿੱਚ ਕਈਆਂ ਦੇ ਦਿਲ ਸੰਭਾਲ਼ੇ ਹੋਏ ਹਨ। ਉਸਦਾ ਦਿਲ, ਦਿਲਾਂ ਦਾ ਬੈਂਕ ਹੈ, ਜਿਥੇ ਦਿਲਾਂ ਨੂੰ ਮੁਹੱਬਤ ਦਾ ਵਿਆਜ ਲੱਗਦਾ ਹੈ ਅਤੇ ਜਿੱਥੋਂ ਮੁਹੱਬਤ ਦੂਣੀ ਚੌਣੀ ਹੋ ਕੇ ਵਾਪਸ ਮਿਲ਼ਦੀ ਹੈ।

ਉਸਦੀ ਖੁਸ਼ ਮਿਜ਼ਾਜੀ ਦਾ ਰਾਜ ਉਸਦੀ ਖੁਸ਼ਖ਼ਤੀ ਵਿੱਚ ਵੀ ਹੈ; ਜਾਂ ਇਸਦੇ ਉਲਟ ਵੀ ਹੋ ਸਕਦਾ ਹੈ। ਹਰ ਅੱਖਰ ਨੂੰ ਉਹ ਅਦਬ ਨਾਲ ਲਿਖਦਾ ਹੈ। ਉਸਦੇ ਅੰਦਰਲਾ ਅਦੀਬ, ਅਦਬ ਦਾ ਹੀ ਪਰਿਆਇ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਉਸਨੇ ਡਾ



ਅਤਰ ਸਿੰਘ ਜਹੇ ਵਿਵੇਕਸ਼ੀਲ ਅਧਿਆਪਕ ਦੇ ਦਿਲ ਵਿੱਚ ਖ਼ਾਸਮ ਖ਼ਾਸ ਥਾਂ ਬਣਾ ਲਈ ਹੋਈ ਸੀ ਅਤੇ ਹਰ ਅਧਿਆਪਕ ਉਸਦੀ ਤੀਖਣ ਬੁੱਧ ਦੀ ਤਾਰੀਫ ਕਰਦਾ ਸੀ।

ਉਹ ਸਿਆਣਾ ਹੈ ਤੇ ਪ੍ਰੇਮ ਦਾ ਪੁਜਾਰੀ ਵੀ ਹੈ। ਪ੍ਰੇਮ ਉਸਨੂੰ ਜਪਾਨ ਲੈ ਤੁਰਿਆ ਤਾਂ ਉਸਨੇ ਸੱਤਬਚਨ ਆਖ ਦਿੱਤਾ। ਅਜਿਹਾ ਨਾ ਕਰਦਾ ਤਾਂ ਉਸਨੇ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦਾ ਸਭ ਤੋਂ ਸਿਆਣਾ ਅਧਿਆਪਕ ਹੋਣਾ ਸੀ; ਪੰਜਾਬੀ ਵਿਭਾਗ ਦੀ ਸ਼ਾਨ ਉਸੇ ਤਰਾਂ ਕਾਇਮ ਰਹਿਣੀ ਸੀ ਅਤੇ ਉੱਥੇ ਪੰਜਾਬੀ ਦੀ ਐਮ. ਏ. ਐਮ. ਫਿਲ. ਕਰਨ ਦਾ ਗੌਰਵ ਬਰਕਰਾਰ ਰਹਿਣਾ ਸੀ।

ਪ੍ਰੇਮ-ਖੇਡ ਦੇ ਅਵੱਲੜੇ ਸ਼ੌਕ ਨਾਲ਼ ਉਹ ਦਾਣੇ



ਪਾਣੀ ਦੀ ਖੇਡ ਤੋਂ ਵੀ ਇਨਕਾਰੀ ਨਹੀਂ। ਅੱਖਾਂ ਬੰਦ ਕਰਕੇ, ਧਿਆਨ ਨਾਲ ਉਸਦੇ ਨੈਣ ਨਕਸ਼ ਚਿਤਵੀਏ ਤਾਂ ਉਸਦੇ ਅੰਦਰ ਪੰਜਾਬੀ ਪ੍ਰੇਮ ਦੇ ਵਗਦੇ ਦਰਿਆ ਦੇਖੇ ਜਾ ਸਕਦੇ ਹਨ। ਉਹ ਪ੍ਰੇਮ ਦਾ ਤਾਜ਼ਾ-ਤਰੀਨ ਸਬਕ ਹੈ।

ਉਸਨੇ ਮੁਢਲੀ ਸਿਖਿਆ ਨੰਗਲ ਟਾਊਨਸ਼ਿਪ ਤੋਂ ਹਾਸਲ ਕੀਤੀ, ਬੀ.ਏ. ਅਤੇ ਪੱਤਰਕਾਰੀ ਤੇ ਜਨ-ਸੰਚਾਰ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲ਼ੇ ਤੋਂ ਅਤੇ ਐਮ.ਏ. ਪੰਜਾਬੀ ਲਈ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਮਾਣ ਬਖ਼ਸ਼ਿਆ ਅਤੇ ਉਥੇ ਹੀ 'ਸ਼ੇਖ ਬਾਬਾ ਫਰੀਦ ਚੇਅਰ' ਵਿਖੇ, ਦੋ ਸਾਲ 'ਭਾਰਤੀ ਮੱਧਕਾਲੀ ਕਵਿਤਾ' 'ਤੇ ਖੋਜ ਕਾਰਜ ਕੀਤਾ। NCERT ਨੇ 'ਰਾਸ਼ਟਰੀ ਬਾਲ ਸਾਹਿਤ ਪੁਰਸਕਾਰ' ਨਾਲ਼ ਅਤੇ ਪੰਜਾਬ ਸਰਕਾਰ ਨੇ 'ਸ਼੍ਰੋਮਣੀ ਸਾਹਿਤਕਾਰ ਪੁਰਸਕਾਰ' ਨਾਲ਼ ਨਿਵਾਜਿਆ। ਉਹ ਕਵਿਤਾ ਦੀਆਂ ਦਸ, ਕਹਾਣੀ, ਵਾਰਤਕ ਤੇ ਫਲਸਫੇ ਦੀ ਇੱਕ ਇੱਕ, ਕੋਸ਼, ਕਥਨ ਤੇ 'ਮੇਰਾ ਸ਼ਬਦਕੋਸ਼' ਲਿਖ ਚੁੱਕਿਆ ਹੈ। ਉਸਨੇ ਸੱਤ ਚੋਣਵੀਆਂ ਜਗਤ ਪ੍ਰਸਿੱਧ ਕਿਤਾਬਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ।



**ਅਵਤਾਰ ਸਿੰਘ (ਪ੍ਰੋ)**
**91-94175-18384**

ਉਸਦੀਆਂ ਪ੍ਰਾਪਤੀਆਂ ਦਾ ਬਸਤਾ ਬੌਧਿਕ, ਵਿਵੇਕਸ਼ੀਲ, ਸੰਵੇਦਨਸ਼ੀਲ ਅਤੇ ਲਿਹਾਜ਼ੀ ਬਰਕਤਾਂ ਨਾਲ਼ ਮਾਲੋਮਾਲ ਹੈ। ਉਹ ਕਿਸੇ ਚੰਨ ਦੀ ਨਿਆਈਂ ਜਪਾਨੀ 'ਧਿਆਨ' ਦਾ ਪਰਕਾਸ਼ ਪੰਜਾਬ ਵੱਲ੍ਹ ਪਰਤਾ ਰਿਹਾ ਹੈ। ਜਪਾਨ ਦੀ ਧਰਤੀ 'ਤੇ ਪ੍ਰੋ ਪੂਰਨ ਸਿੰਘ ਦੇ ਨਕਸ਼ੇ ਕਦਮ ਦਾ ਹਮਰਕਾਬ ਹੋਣਾ ਉਸਦੀ ਸੱਚੀ, ਸੁੱਚੀ ਅਤੇ ਦਿੱਲੀ ਖ਼ਾਹਿਸ਼ ਹੈ। ਆਉ ਉਸਨੂੰ ਆਮੀਨ ਆਖੀਏ!

# THINKING OF BUYING OR SELLING COMMERCIAL PROPERTIES IN CALIFORNIA? CAL US NOW !





**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND










CALL US FOR FREE CONSULTATION ABOUT SELLING YOUR GAS STATION OR HOTEL.
WE CAN ALSO GIVE YOU OUR EXPERT ADVISE
ON VALUE OF YOUR GAS STATION OR ANY COMMERCIAL PROPERTY.

SPEAK WITH A PROFESSIONAL REALTOR TODAY!

WE HAVE QUALIFIED BUYERS FOR GAS STATIONS AND LIQUOR STORES.

BH HS BERKSHIRE HATHAWAY HOMESERVICES
BERKSHIRE HATHAWAY
Home Services
Elite Real Estate

THE RIGHT AGENT HELPS GUIDE YOU TO YOUR DREAM PROPERTY.
WWW.BHHCOMMERCIAL.COM

Chevron · SHELL · ARCO ampm · Mobil · Holiday Inn · Best Western

# 7412 ELSIE AVE, SACRAMENTO CA 95828



Late Commissioner Lahori Ram Ji

# May 10, 1944 – January 11, 2009

**"I have only slipped away into the next room, I am I and you are you. Whatever we were to each other, that we still are. Call me by my old familiar name. Speak to me in the easy way which you always used. Play, smile, think of me. All is well."** *~ Henry Scott Holland*

It is with great pride and honor that the Ram Family invites all members of the community to commemorate the life and legacy of a paragon of the ideal human being. Commissioner Lahori Ram was the best at his worst and humble at his best. He served as the ultimate role model as a devoted husband, father, grandfather, and as a member of society. He was a friend and confidant to all but an enemy to none. He left his footprints in the sand and we shall follow in those footprints. It is our duty to move forward in the path that he set and carry on the message that he firmly believed in: "United we stand and divided we fall."

It is said that even God needs good people in His Company but we shall always miss your presence. Nevertheless, your soul will remain with us forever. We will always love you dearly. May God bless your soul and give us the strength to move on.

Please join the Ram Family in an annual religious service honoring the Tenth Memorial Ceremony of this great-departed soul.

## Program:

**Commence Prayer Ceremony (Arambh Akhand Path Sahib):**
**Friday January 25, 2019 at 11:00 am.**

**Conclusion of Prayer -- Main Service (Bhog):**
**Sunday January 27, 2019 -- 10:00 am to 3:00 pm**

## Venue:

**Shri Guru Ravidass Temple**
**2120-2150 Crestview Drive**
**Pittsburg, CA 94565**
**(925) 439-2355**

## For additional information, please call:

**Jack Ram (650) 455-9026**
**Paul Ram (650) 296-4208**

# ਬਾਬੂ ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਜਨਮ ਦਿਨ 'ਤੇ

# 'ਅਣਗੌਲੇ ਗ਼ਦਰੀ ਬਾਬਿਆਂ ਦਾ ਇਤਿਹਾਸ'



ਐਚ. ਐਲ. ਕਪੂਰ
01- 916- 587-4002

ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 'ਗਦਰ' ਦਾ ਕਾਫਲਾ ਚੱਲਦਾ ਰਿਹਾ ਤੇ ਉਹ ਕਿਤੇ ਵੀ ਨਾ ਰੁਕਿਆ। ਜਿਹਨਾਂ-ਜਿਹਨਾਂ ਦੇਸ਼ਾਂ ਵਿਚ ਵੀ ਭਾਰਤੀ ਰਹਿੰਦੇ ਸਨ, ਉਥੇ-ਉਥੇ ਹੀ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮੰਗ ਸੀ। ਕੁਝ ਹੀ ਸਮੇਂ ਵਿਚ 'ਗਦਰ ਲਹਿਰ' ਇਤਨੀ ਲੋਕਪ੍ਰਿਆ ਹੋ ਗਈ ਕਿ ਲੋਕ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਦੇ ਨਾਮ ਨੂੰ ਬਿਲਕੁਲ ਭੁੱਲ ਗਏ ਅਤੇ 'ਗਦਰ ਪਾਰਟੀ' ਦੇ ਨਾਮ ਨਾਲ ਯਾਦ ਕਰਨ ਲੱਗ ਪਏ। ਇਸੇ ਹੀ ਤਰ੍ਹਾਂ ਅਮਰੀਕਾ ਵਿਚ ਸਥਾਪਤ ਪਾਰਟੀ ਦਾ ਕੇਂ-ਦਰੀ ਦਫ਼ਤਰ ਦਾ ਨਾਮ 'ਯੁਗਾਂਤਰ ਆਸ਼ਰਮ' ਤੋਂ 'ਗਦਰ ਆਸ਼ਰਮ' ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਗਦਰ ਪਾਰਟੀ ਦੇ ਨੇਤਾਵਾਂ ਨੇ ਜਿਸ ਆਜ਼ਾਦ ਭਾਰਤ ਦੀ ਕਲਪਨਾ ਕੀਤੀ ਸੀ, ਉਹੀ ਭਾਰਤ ਇਕ 'ਲਘੂ ਰੂਪ' ਭਾਵ 'ਛੋਟਾ ਰੂਪ 'ਚ 'ਯੁਗਾਂਤਰ' ਜਾਂ 'ਗਦਰ ਆਸ਼ਰਮ' 'ਚ ਜਿਊਣ ਦਾ ਯਤਨ ਵੀ ਕੀਤਾ, ਬਲਕਿ ਪੂਰੇ ਮਨ ਨਾਲ ਕੀਤਾ। ਧਾਰਮਿਕ ਭਾਵਨਾਵਾਂ ਦੇ ਸਥਾਨ ਨੇ 'ਬੰਦੇ ਮਾਤਰਮ' ਦਾ ਰੂਪ ਧਾਰ ਲਿਆ। ਆਪਣੇ ਜੋੜੇ ਦਰਵਾਜੇ ਦੇ ਬਾਹਰ ਰੱਖ ਕੇ ਉਹ ਇਕ ਸ਼ੁੱਧ ਭਾਰਤੀਯ ਦੀ ਤਰ੍ਹਾਂ ਆਪਣਾ ਜੀਵਨ ਜਿਉਂਦੇ, ਇਕੱਠੇ ਬੈਠ ਕੇ ਖਾਣਾ ਤਿਆਰ ਕਰਕੇ ਖਾਂਦੇ, ਆਪਣੇ ਘਰਾਂ ਦੀ ਦੇਖ-ਭਾਲ ਕਰਦੇ ਤੇ ਇਕੱਠੇ ਮਿਲ ਕੇ 'ਗਦਰ' ਅਖ਼ਬਾਰ ਕੱਢਦੇ। ਸਭ ਨੂੰ ਪਾਰਟੀ ਦੋ ਡਾਲਰ ਮਹੀਨਾ ਖਰਚ ਦਿੰਦੀ। ਇੱਥੇ ਨਾ ਕੋਈ ਵੱਡਾ ਤੇ ਨਾ ਕੋਈ ਛੋਟਾ ਹੁੰਦਾ। ਇਸ ਸਹਿਯੋਗਤਾ ਵਿਚ ਲਾਲਾ ਹਰਦਿਆਲ, ਸਰਦਾਰ ਭਗਵਾਨ ਸਿੰਘ, ਬਰਕਤ ਉੱਲਾ ਵਰਗੇ ਵਿਦਵਾਨ ਤੇ ਦਾਰਸ਼ਨਿਕ ਸ਼ਾਮਲ ਸਨ ਤੇ ਇਸ ਦੇ ਨਾਲ ਹੀ ਸਰਦਾਰ ਹਰੀ ਸਿੰਘ ਉਸਮਾਨ ਵਰਗੇ ਨੇਕ ਤੇ ਤਿਆਗੀ ਇਨਸਾਨ ਵੀ ਰਹਿੰਦੇ ਸਨ, ਜਿਹਨਾਂ ਨੇ ਆਪਣੀ ਸਾਰੀ ਜਾਇਦਾਦ ਇਸ ਆਸ਼ਰਮ ਨੂੰ ਦਾਨ ਦੇ ਕੇ ਇਕ ਕਰਮਯੋਗੀ ਇਨਸਾਨ ਹੋਣ ਦਾ ਸਬੂਤ ਵੀ ਦਿੱਤਾ ਤੇ ਹਰ ਪ੍ਰਕਾਰ ਦੀ ਗਦਰ ਪਾਰਟੀ ਦੀ ਸਰਗਰਮੀ ਵਿਚ ਵੱਧ-ਚੜ੍ਹ ਕੇ ਯੋਗਦਾਨ ਪਾਇਆ। ਨੌਜਵਾਨ ਸਰਦਾਰ ਕਰਤਾਰ ਸਿੰਘ ਸਰਾਭਾ ਜਿਹਨਾਂ ਦੀ ਉਮਰ ਉਸ ਸਮੇਂ ਸਿਰਫ 19 ਸਾਲ ਹੀ ਸੀ, ਦੇਸ਼ ਨੂੰ ਆਜ਼ਾਦ ਕਰਵਾਉਣ ਬਦਲੇ ਸ਼ਹੀਦੀ ਪਾਈ ਸਮੇਤ ਅਮਰੀਕਾ ਵਿਚ ਵੱਸੇ ਸਿਰਫ ਦੋ ਦਲਿਤ ਪਰਵਾਸੀਆਂ ਵਿਚੋਂ ਇਕ ਬਾਬੂ ਮੰਗੂਰਾਮ ਮੁੱਗੋਵਾਲੀਆ, ਨੇੜੇ ਟੂਟੋ ਮਜ਼ਾਰਾ, ਜ਼ਿਲ੍ਹਾ ਹੁਸ਼ਿਆਰਪੁਰ ਵੀ ਸਨ।

14 ਜਨਵਰੀ, 1886 ਨੂੰ ਪਿੰਡ ਮੂੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨਮੇ ਸ੍ਰੀ ਮੰਗੂ ਰਾਮ ਜਿਹਨਾਂ ਦੇ ਪਿਤਾ ਸ੍ਰੀ ਹਰਨਾਮ ਦਾਸ ਜੀ ਚਮੜੇ ਦਾ ਕੰਮ ਕਰਦੇ ਸਨ। ਅਜੇ ਉਹ ਤਿੰਨ ਸਾਲ ਦੇ ਸਨ, ਜਦੋਂ ਉਹਨਾਂ ਦੀ ਮਾਤਾ ਜੀ ਦਾ ਦੇਹਾਂਤ ਹੋ ਗਿਆ। ਪੜ੍ਹਾਈ ਕਰਦੇ ਸਮੇਂ ਉਨ੍ਹਾਂ ਨੂੰ ਜਮਾਤ ਦੇ ਸਭ ਤੋਂ ਪਿੱਛੇ ਜਾਂ ਕਲਾਸ ਰੂਮ ਦੇ ਬਾਹਰ ਖਿੜਕੀ ਦੇ ਪਾਸ ਇਕੱਲਿਆਂ ਬਿਠਾਇਆ ਜਾਂਦਾ ਤਾਂ ਜੋ ਬਾਰੀ ਵਿਚ ਦੀ ਅਧਿਆਪਕ ਦੀ ਆਵਾਜ਼ ਸੁਣ ਸਕਣ। ਇਕ ਵਾਰ ਮੀਂਹ ਪੈ ਰਿਹਾ ਸੀ ਤਾਂ ਉਹ ਜਮਾਤ ਦੇ ਕਮਰੇ ਵਿਚ ਆ ਗਏ ਤਾਂ ਅਧਿਆਪਕ ਨੇ ਉਹਨਾਂ ਦੀ ਖੂਬ ਪਿਟਾਈ ਕੀਤੀ ਤੇ ਜਿਸ ਬੈਂਚ ਤੇ ਬੈਠੇ ਸਨ, ਉਸ ਨੂੰ ਪਾਣੀ ਨਾਲ ਧੋਇਆ ਕਿ ਬੈਂਚ ਭ੍ਰਿਸ਼ਟ ਹੋ ਗਿਆ ਹੈ। ਅਧਿਆਪਕ ਨੇ ਉਹਨਾਂ ਨੂੰ ਪੜ੍ਹਾਈ ਕਰਨ ਲਈ ਬਿਲਕੁਲ ਉਤਸ਼ਾਹਿਤ ਨਹੀਂ ਕੀਤਾ ਤੇ ਜੋ ਉਹ ਆਪਣੀ ਹਿੰਮਤ ਨਾਲ ਪੜ੍ਹਾਈ ਕਰ ਸਕਦੇ ਸਨ, ਉਤਨੀ ਹੀ ਪੜ੍ਹਾਈ ਪ੍ਰਾਪਤ ਕੀਤੀ। ਇਸ ਤਰ੍ਹਾਂ ਦੇ ਵਿਵਹਾਰ ਸਦਕਾ ਉਹਨਾਂ ਨੇ ਆਪਣੀ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ ਤੇ ਆਪਣੇ ਪਿਤਾ ਜੀ ਦੇ ਕਾਰੋਬਾਰ ਵਿਚ ਸ਼ਾਮਲ ਹੋ ਗਏ। 1909 ਦੇ ਸਾਲ ਵਿਚ ਉਹਨਾਂ ਦੇ ਇਲਾਕੇ ਦੇ ਕਾਫੀ ਲੋਕ ਅਮਰੀਕਾ ਆਏ। ਇਕ ਜ਼ਿੰਮੀਦਾਰ ਦੇ ਰਿਸ਼ਤੇਦਾਰ ਵੱਲੋਂ ਅਮਰੀਕਾ ਵਿਚ ਕੰਮ ਦਿੱਤੇ ਜਾਣ ਦੇ ਵਾਅਦੇ ਬਾਅਦ ਉਹ ਅਮਰੀਕਾ ਚਲੇ ਗਏ। ਚਾਰ ਸਾਲ ਤੱਕ ਖੇਤਾਂ 'ਚ, ਮਿੱਲਾਂ 'ਚ ਕੰਮ ਕਰਨ ਉਪਰੰਤ 'ਗਦਰ ਪਾਰਟੀ' ਦੀ ਸਥਾਪਨਾ ਉਪਰੰਤ ਅਮਰੀਕਾ ਵਿਖੇ ਸ਼ਾਮਲ ਹੋ ਗਏ ਤੇ ਉਸ ਦੇ ਪੱਕੇ ਮੈਂਬਰ ਬਣ ਗਏ। 'ਗਦਰ ਆਸ਼ਰਮ' ਵਿਚ ਰਹਿੰਦਿਆਂ ਉਹਨਾਂ ਨੇ ਇਹ ਮਹਿਸੂਸ ਕੀਤਾ ਕਿ ਉਹ ਇਕ ਨਵੇਂ ਸਮਾਜ ਦੇ ਮੈਂਬਰ ਹਨ, ਜਿੱਥੇ ਸਭ ਵਿਅਕਤੀਆਂ ਨਾਲ ਇਕੋ ਜਿਹਾ ਵਿਵਹਾਰ ਹੁੰਦਾ ਸੀ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਕਸਰ ਆਪ ਕਹਿੰਦੇ ਸਨ, ''ਮੇਰੇ ਲਈ ਤਾਂ ਇਹ ਇਕ ਕ੍ਰਾਂਤੀ ਸਮਾਨ ਗੱਲ ਸੀ ਕਿ ਇੱਥੇ ਕਿਸੇ ਨੂੰ ਅਛੂਤ ਨਹੀਂ ਸਮਝਿਆ ਜਾਂਦਾ ਸੀ। ਇੱਥੇ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੈਂ ਅਛੂਤ ਨਹੀਂ ਹਾਂ ਸਗੋਂ ਇਕ ਇਨਸਾਨ ਹਾਂ।'' ਗਦਰ ਪਾਰਟੀ ਦੇ ਜਿੰਨੇ ਵੀ ਮੈਂਬਰ ਸਨ, ਉਹ ਸਭ ਮਾਨਵਵਾਦ ਵਿਚ ਵਿਸ਼ਵਾਸ ਰੱਖਦੇ ਸਨ, ਬਹੁਤ ਨੇਕ ਤੇ ਚਰਿੱਤਰਵਾਨ ਵਿਅਕਤੀ ਸਨ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਹ ਜਾਨ ਦੀ ਬਾਜ਼ੀ ਲਾਉਣ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ।

ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਬਾਅਦ ਵਿਚ 1915 ਨੂੰ ਉਹਨਾਂ ਪੰਜ ਕ੍ਰਾਂਤੀਕਾਰੀਆਂ ਲਈ ਚੁਣਿਆ ਗਿਆ,ਜਿਹਨਾਂ ਨੇ 'ਮੈਬਰਿਕ' ਨਾਮਕ ਜਹਾਜ਼ ਵਿਚ ਹਥਿਆਰ ਲਿਜਾਅ ਕੇ ਭਾਰਤ ਵਿਚ ਕ੍ਰਾਂਤੀਕਾਰੀਆਂ ਨੂੰ ਦੇਣੇ ਸਨ ਤੇ ਆਪ ਇਸ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਕ੍ਰਾਂਤੀਕਾਰੀਆਂ ਦੇ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੰਮ ਕਰਨਾ ਸੀ। ਇਨ੍ਹਾਂ ਹਥਿਆਰਾਂ ਸਮੇਤ ਉਹ ਜਾਵਾ ਵਿਖੇ ਪਕੜੇ ਗਏ ਤੇ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇੱਥੇ ਉਹ ਇਕ ਸਾਲ ਜੇਲ੍ਹ ਵਿਚ ਰਹੇ। ਬਰਤਾਨਵੀ ਸਰਕਾਰ ਉਨ੍ਹਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਕੇ ਫਾਂਸੀ ਤੇ ਲਟਕਾਉਣਾ ਚਾਹੁੰਦੇ ਸਨ ਪਰ ਇੱਥੇ ਉਹਨਾਂ ਨੂੰ ਜਰਮਨੀ ਦੇ ਅਧਿਕਾਰੀਆਂ ਨੇ ਬਚਾਇਆ। ਉਸ ਤੋਂ ਬਾਅਦ ਉਹ ਮਨੀਲਾ ਗਏ। ਉਥੋਂ ਬਰਤਾਨੀਆ ਦੀ ਚੁੰਗਲ 'ਚੋਂ, ਜਰਮਨੀ ਦੇ ਕੁਝ ਏਜੰਟਾਂ ਨੇ ਬਚਾਇਆ।'' ਇਕ ਦਿਨ 'ਮਨੀਲਾ ਟਾਈਮਜ਼'' ਵਿਚ ਇਹ ਖਬਰ ਆਈ ਕਿ ਸ੍ਰੀ ਮੰਗੂ ਰਾਮ ਜੀ ਨੂੰ ਫਾਂਸੀ ਦੇ ਦਿੱਤੀ ਗਈ ਹੈ।'' ਗਦਰ ਪਾਰਟੀ ਦੀ ਸਹਾਇਤਾ ਨਾਲ ਉਹ 1925 ਵਿਚ ਭਾਰਤ ਪਹੁੰਚੇ ਅਤੇ 16 ਸਾਲ ਬਾਅਦ 'ਇਨਸਾਨ' ਦੇ ਰੂਪ ਵਿਚ ਆਦਰ ਤੇ ਸਤਿਕਾਰ ਸਹਿਤ ਭਾਰਤ ਆਉਣ 'ਤੇ ਉਹਨਾਂ ਨੂੰ ਫਿਰ ਅਛੂਤ ਕਿਹਾ ਗਿਆ।

ਇਸ ਤੋਂ ਬਾਅਦ ਉਨ੍ਹਾਂ ਦੇ ਮਨ ਵਿਚ ਇਕ ਗੁੱਸੇ ਦੀ ਭਾਵਨਾ ਪੈਦਾ ਹੋ ਗਈ ਕਿ ਭਾਰਤੀ ਸਮਾਜ ਵਿਚ ਉਨ੍ਹਾਂ ਨੂੰ ਇਨਸਾਨ ਹੀ ਨਹੀਂ ਸਮਝਿਆ ਜਾਂਦਾ ਕਿਉਂਕਿ ਉਹ ਅਮਰੀਕਾ ਵਿਚ ਰਹਿੰਦਿਆਂ ਤੇ ਗਦਰ ਪਾਰਟੀ ਵਿਚ ਕੰਮ ਕਰਦਿਆਂ, ਇੱਥੋਂ ਦੇ ਵਿਦੇਸ਼ੀ ਸਭਿਆਚਾਰ ਤੇ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਇੱਥੋਂ ਦਾ ਸਮਾਜ ਜਾਤ-ਪਾਤ ਆਧਾਰਿਤ ਨਹੀਂ ਹੈ ਸਗੋਂ ਮਾਨਵਵਾਦੀ ਸਮਾਜ ਹੈ। ਇਸ ਰੋਹ ਵਿਚੋਂ ਹੀ 'ਆਦਿ ਧਰਮ' ਦਾ ਜਨਮ ਹੁੰਦਾ ਹੈ ਤੇ ਉਹ ਇਸ ਦੇ ਸੰਸਥਾਪਕ ਬਣੇ। ਉਹਨਾਂ ਨੇ ਕਿਹਾ ਕਿ ਅਸੀਂ ਜਿਹਨਾਂ ਨੂੰ ਅਛੂਤ ਕਿਹਾ ਜਾਂਦਾ ਹੈ, ਹਿੰਦੂ ਨਹੀਂ ਹਾਂ ਅਤੇ ਨਾ ਹੀ ਹਿੰਦੂਆਂ ਦੀ ਔਲਾਦ ਹਾਂ, ਸਗੋਂ ਆਰੀਆ ਲੋਕ, ਜਿਹੜੇ ਕਿ ਮੱਧ ਏਸ਼ੀਆ ਵਿਚੋਂ ਕੰਮ ਦੀ ਭਾਲ ਲਈ ਕੁਝ ਕਬੀਲੇ ਭਾਰਤ ਵੱਲ ਆ ਗਏ ਤੇ ਕੁਝ ਕਬੀਲੇ ਯੂਰਪ ਵੱਲ ਚਲੇ ਗਏ। ਭਾਰਤ ਆਉਣ ਵਾਲੇ ਆਰੀਆ ਲੋਕਾਂ ਨੇ ਇੱਥੋਂ ਦੇ ਆਦਿਵਾਸੀ-ਭਾਵ ਮੂਲ ਵਾਸੀਆਂ ਨੂੰ ਗੁਲਾਮ ਬਣਾ ਲਿਆ। ਇਸ ਵਿਚ ਬਹੁਗਿਣਤੀ ਦ੍ਰਾਵਿੜ ਕਬੀਲਿਆਂ ਦੀ ਹੀ ਸੀ ਤੇ ਕੁਝ ਕਬੀਲੇ ਡਰਦੇ ਮੱਧ-ਭਾਰਤ ਵੱਲ ਦੌੜ ਗਏ। ਅਸਲ ਵਿਚ ਭਾਰਤ ਵਿਚ ਆਦਿਵਾਸੀ ਜਾਂ ਮੂਲ ਨਿਵਾਸੀ ਤਿੰਨ ਵਰਗਾਂ ਦੇ ਹੀ ਲੋਕ ਹਨ ਜੋ ਅਸਲੀ ਭਾਰਤੀ ਹਨ। ਇਹਨਾਂ ਦੇ ਨਾਮ ਹਨ ਦ੍ਰਾਵਿੜ, ਭੀਲ ਤੇ ਕੋਇਲ। ਇਹਨਾਂ ਵਰਗਾਂ ਨੂੰ ਗੁਲਾਮ ਬਣਾ ਕੇ ਤੇ ਆਪਣੇ ਸਮੇਤ ਮਨੂੰ ਨੇ ਸਮਾਜ ਨੂੰ ਚਾਰ ਵਰਗਾਂ ਵਿਚ ਵੰਡ ਦਿੱਤਾ। ਇਹਨਾਂ ਵਰਗਾਂ ਨੂੰ ਵਰਣ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਨਾਮ ਹਨ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ। ਉਪਰਲੇ ਪਹਿਲੇ ਦੋ ਵਰਗਾਂ ਵਿਚ ਆਰੀਆ ਨੇ ਆਪਣੇ ਆਪ ਨੂੰ ਰੱਖਿਆ ਤੇ ਆਪਣੇ ਕੋਲ ਵਿੱਦਿਆ ਤੇ ਦੇਸ਼ ਦੀ ਰੱਖਿਆ ਦਾ ਅਧਿਕਾਰ ਰੱਖ ਲਿਆ, ਇਹ ਸਾਫ-ਸੁਥਰੇ ਕਿੱਤੇ ਸਨ ਤੇ ਬਾਕੀ ਦੇ ਰਹਿੰਦੇ ਤੇ ਘਟੀਆ ਕਿੱਤੇ ਆਪਣੇ ਵੱਲੋਂ ਗੁਲਾਮ ਬਣਾਏ ਗਏ, ਤੀਸਰੇ ਤੇ ਚੌਥੇ ਭਾਵ ਵੈਸ਼ਾਂ ਤੇ ਛੂਦਰ ਵਰਗ ਨੂੰ ਦੇ ਦਿੱਤੇ। ਰੱਖਿਆ ਦੀ ਜ਼ਿੰਮੇਵਾਰੀ ਖੱਤਰੀ ਵਰਗ ਕੋਲ ਸੀ ਤੇ ਇਸ ਵਿਚ ਫੌਜ ਆਉਂਦੀ ਹੈ, ਜਿਸ ਦੇ ਕੋਲ ਅਥਾਹ ਤਾਕਤ ਹੁੰਦੀ ਹੈ ਤੇ ਇਸੇ ਤਾਕਤ ਨਾਲ ਉਹਨਾਂ ਨੇ ਵੈਸ਼ ਤੇ ਛੂਦਰ ਵਰਗ ਨੂੰ ਹਮੇਸ਼ਾ ਦਬਾਅ ਕੇ ਰੱਖਿਆ ਤੇ ਉਹਨਾਂ ਨੂੰ ਗੁਲਾਮ ਬਣਾ ਕੇ ਰੱਖਿਆ ਤੇ ਉਹਨਾਂ ਨਾਲ ਭੈੜਾ ਵਰਤਾਓ ਕੀਤਾ ਗਿਆ। ਇੱਥੋਂ ਤੱਕ ਭੈੜਾ ਵਤੀਰਾ ਰੱਖਿਆ ਕਿ ਇਹਨਾਂ ਦੋਵਾਂ ਨਿਚਲੇ ਵਰਗਾਂ ਨੂੰ ਵਿੱਦਿਆ ਪੜ੍ਹਨ ਦਾ ਅਧਿਕਾਰ ਵੀ ਨਾ ਦਿੱਤਾ ਤਾਂ ਕਿ ਇਹਨਾਂ ਵਰਗਾਂ ਦੇ ਲੋਕ ਵਿੱਦਿਆ ਪ੍ਰਾਪਤ ਕਰਕੇ ਜਾਗ੍ਰਿਤ ਨਾ ਹੋ ਜਾਣ ਤੇ ਇੱਥੋਂ ਤੱਕ ਜ਼ਿਆਦਤੀਆਂ ਕੀਤੀਆਂ ਕਿ ਉਹਨਾਂ ਨੂੰ ਜਾਇਦਾਦ ਬਣਾਉਣ ਦਾ ਅਧਿਕਾਰ ਵੀ ਨਾ ਦਿੱਤਾ।

ਇਹ ਇਕ ਕੁਦਰਤੀ ਗੱਲ ਹੈ ਕਿ ਵਿਦਿਅਕ ਤੇ ਜਾਗਰੂਕ ਇਨਸਾਨ ਬਹੁਤੀ ਦੇਰ ਮਾਨਸਿਕ ਗੁਲਾਮੀ ਵਿਚ ਨਹੀਂ ਰਹਿ ਸਕਦਾ ਤੇ ਇਕ ਦਿਨ ਉਹ ਜ਼ਰੂਰ ਆਪਣੀ ਮਾਨਸਿਕਤਾ ਨੂੰ ਆਜ਼ਾਦ ਕਰਾਉਣ ਲਈ ਵਿਦਰੋਹ ਕਰਦਾ ਹੈ। ਹਿਸ ਪ੍ਰਕਾਰ ਨਿਚਲੇ ਦੋ ਵਰਗਾਂ ਨੂੰ ਦਿੱਤੇ ਗਏ ਕਿੱਤੇ ਸਮੇਂ ਦੇ ਬੀਤ ਜਾਣ ਨਾਲ ਉਹਨਾਂ ਦੀ ਜਾਤ ਵਿਚ ਪ੍ਰੀਵਰਤਿਤ ਹੋ ਗਏ ਤੇ ਆਪਣੇ ਆਪ ਨੂੰ ਉੱਚ ਵਰਗ ਦੇ ਸਮਝਣ ਵਾਲੇ ਲੋਕ ਇਹਨਾਂ ਨੂੰ ਦਲਿਤ ਤੇ ਅਛੂਤ ਆਖਣ ਲੱਗ ਪਏ। ਇਸੇ ਰੋਹ ਵਿਚੋਂ ਹੀ ਬਾਬੂ ਮੰਗੂ ਰਾਮ ਜੀ ਦਾ ਸਥਾਪਤ ਕੀਤਾ ਗਿਆ “ਆਦਿ ਧਰਮ” ਜਨਮ ਲੈਂਦਾ ਹੈ। ਇਹਨਾਂ ਨੇ ਭਾਰਤ ਵਿਚ ਖਾਸ ਤੌਰ ਤੇ ਪੰਜਾਬ ਵਿਚ ਇਹਨਾਂ ਵਰਗਾਂ ਨਾਲ ਹੋ ਰਹੇ ਭੈੜੇ ਵਿਵਹਾਰ, ਸਮਾਜਿਕ ਬਰਾਬਰੀ ਪ੍ਰਾਪਤ ਕਰਨ ਲਈ ਤੇ ਛੂਤ-ਛਾਤ ਦੂਰ ਕਰਨ ਲਈ ਬਹੁਤ ਸੰਘਰਸ਼ ਕੀਤਾ। ਇਨ੍ਹਾਂ ਦੇ ਸਮਾਨਅੰਤਰ ਡਾ. ਭੀਮ ਰਾਓ ਅੰਬੇਡਕਰ ਜੀ ਵੀ ਭਾਰਤ ਵਿਚ ਖਾਸ ਤੌਰ ਮਹਾਂਰਾਸ਼ਟਰ ਵਿਚ ਜਾਤ-ਪਾਤ ਰਹਿਤ ਸਮਾਜ ਤੇ ਛੂਤ-ਛਾਤ ਖ਼ਿਲਾਫ਼ ਸੰਘਰਸ਼ ਕਰ ਰਹੇ ਸਨ। ਇਨ੍ਹਾਂ ਦੋਹਾਂ ਮਹਾਨ ਸ਼ਖਸੀਅਤਾਂ ਨੇ ਇਨ੍ਹਾਂ ਵਰਗਾਂ ਨੂੰ ਇਹਨਾਂ ਦੇ ਹੱਕ ਦਿਵਾਉਣ ਲਈ ਕੀਤੇ ਗਏ ਸੰਘਰਸ਼ ਨੇ ਬਹੁਤ ਜਾਗ੍ਰਿਤ ਕੀਤਾ।



ਗਦਰੀ ਬਾਬਾ ਬਾਬੂ ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ

ਅੱਜ ਯੁੱਗ ਬਦਲ ਗਿਆ ਹੈ। ਮਨੁੱਖ ਆਪਣੇ ਕਰਤਵਾਂ ਤੇ ਅਧਿਕਾਰਾਂ ਨੂੰ ਸਮਝਦਾ ਹੈ। ਮਾਨਵੀ ਕਦਰਾਂ-ਕੀਮਤਾਂ ਵਿਚ ਬੜੀ ਤਬਦੀਲੀ ਆਈ ਹੈ। ਮਨੁੱਖ ਦੀ ਵਿਗਿਆਨਕ ਸੋਚ ਨੇ ਮਾਨਵਵਾਦ ਤੇ ਅੰਤਰ ਰਾਸ਼ਟਰਵਾਦ ਨੂੰ ਜਨਮ ਦਿੱਤਾ ਹੈ ਜੋ ਮਾਨਵ ਅੱਜ ਦੇ ਅਜਿਹੇ ਯੁੱਗ ਵਿਚ ਜਾਤ-ਪਾਤ ਦੀ ਗੱਲ ਕਰਦਾ ਹੈ, ਉਹ ਮਾਨਵ ਨਹੀਂ ਹੈ। ਇਕ ਹੈਵਾਨ ਹੈ। ਇਹੀ ਸੋਚ ਆਉਣ ਵਾਲੇ ਸਮੇਂ ਵਿਚ ਤਬਦੀਲੀ ਦੀ ਸੂਚਕ ਹੈ। ਵੈਸੇ ਵੀ ਸੋਚਿਆ ਜਾਵੇ ਤਾਂ ਜਾਤੀ ਵਾਚਕ ਸ਼ਬਦਾਂ ਦੀ ਕੀ ਵੁੱਕਤ ਹੈ। ਇਹ ਸਿਰਫ ਸ਼ਬਦ ਹੀ ਹਨ ਇਨ੍ਹਾਂ ਦੀ ਅਜੋਕੇ ਵਿਗਿਆਨਕ ਯੁੱਗ ਵਿਚ ਕੋਈ ਸਾਰਥਿਕਤਾ ਨਹੀਂ ਹੈ। ਅੱਜ ਦਾ ਮਨੁੱਖੀ ਸਮਾਜ ਇੰਨੀ ਤਰੱਕੀ ਕਰ ਗਿਆ ਹੈ ਕਿ ਵਿਗਿਆਨ ਦੀਆਂ ਕਾਢਾਂ ਨੇ ਨਵੇਂ-ਨਵੇਂ ਕਿੱਤਿਆਂ ਨੂੰ ਜਨਮ ਦਿੱਤਾ ਹੈ ਤੇ ਮਨੁੱਖ ਆਪਣੇ ਜੱਦੀ-ਪੁਸ਼ਤੀ ਕਿੱਤਿਆਂ ਨੂੰ ਛੱਡੀ ਜਾ ਰਿਹਾ ਹੈ ਤੇ ਉੱਚ ਵਰਗ ਦੇ ਕਹੇ ਜਾਣ ਵਾਲੇ ਲੋਕ ਇਨ੍ਹਾਂ ਛੱਡੇ ਗਏ ਕਿੱਤਿਆਂ ਨੂੰ ਅਪਣਾਈ ਜਾ ਰਹੇ ਹਨ, ਜਿਹਨਾਂ ਨੂੰ ਉਹ ਘਟੀਆ ਕਿੱਤੇ ਸਮਝਦਾ ਸੀ। ਇੱਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕੀ ਨਿਮਨ ਵਰਗ ਕਹੇ ਜਾਣ ਵਾਲੇ ਲੋਕਾਂ ਦੇ ਕਿੱਤੇ, ਜੋ ਅੱਜ ਆਪਣੇ ਆਪ ਨੂੰ ਉੱਚ ਵਰਗ ਸਮਝਣ ਵਾਲੇ ਲੋਕ ਅਪਣਾ ਰਹੇ ਹਨ, ਇਨ੍ਹਾਂ ਕਿੱਤਿਆਂ ਨੂੰ ਆਪਣੀ ਜਾਤ ਕਹਿਲਾਉਣ ਲਈ ਤਿਆਰ ਹਨ? ਇਸ ਦਾ ਉਤਰ ਸ਼ਾਇਦ ਨਹੀਂ ਹੋਵੇਗਾ ਤੇ ਫਿਰ ਕਿਸੇ ਦੇ ਕਿੱਤੇ ਨੂੰ ਜਾਤ ਕਿਉਂ ਸਮਝਿਆ ਜਾਵੇ ਸਗੋਂ ਮਨੁੱਖ ਦੀ ਜਾਤ ਮਨੁੱਖਤਾ ਹੀ ਹੈ। ਜਦੋਂ ਮਾਨਵ ਜੰਗਲਾਂ ਵਿਚ ਰਹਿੰਦਾ ਸੀ ਤੇ ਉਹ ਇਕ ਸੱਭਿਅਤ ਮਾਨਵ ਅਜੇ ਨਹੀਂ ਬਣਿਆ ਸੀ ਤੇ ਉਸ ਦੀ ਨਾ ਕੋਈ ਬੋਲੀ ਤੇ ਭਾਸ਼ਾ ਸੀ, ਉਹ ਸਿਰਫ ਇਸ਼ਾਰਿਆਂ ਦੀ ਸੰਕੇਤਕ ਭਾਸ਼ਾ ਵਰਤ ਕੇ ਆਪਣੀ ਗੱਲ ਦੂਸਰੇ ਮਾਨਵ ਨੂੰ ਸਮਝਾਉਂਦਾ ਸੀ। ਉਸ ਸਮੇਂ ਉਸ ਦੀ ਕਿੱਤਾ ਜਾਤ ਨਹੀਂ ਸੀ ਸਗੋਂ ਉਹ ਇਕ ਸਿਰਫ ਮਨੁੱਖ ਹੀ ਸੀ। ਜਿਉਂ-ਜਿਉਂ ਮਨੁੱਖ ਸਭਿਅਤਾ ਵੱਲ ਵਧਿਆ, ਉਹ ਹੌਲੀ-ਹੌਲੀ ਚੁਸਤ ਤੇ ਚਲਾਕ ਹੁੰਦਾ ਗਿਆ ਤੇ ਦੂਸਰਿਆਂ ਨੂੰ ਗੁਲਾਮ ਰੱਖਣ ਦੀ ਪ੍ਰਵਿਰਤੀ ਰੱਖਣ ਲੱਗ ਪਿਆ। ਇਸੇ ਭਾਵਨਾ ਵਿਚੋਂ ਹੀ ਜਾਤ ਦੀ ਉਤਪੱਤੀ ਹੁੰਦੀ ਹੈ।

ਸ੍ਰੀ ਮੰਗੂ ਰਾਮ ਮੁੱਗੋਵਾਲੀਆ ਨੇ ਰੱਜ ਕੇ ਜਾਤ-ਪਾਤ ਦਾ ਵਿਰੋਧ ਕੀਤਾ ਤੇ ਆਪਣੇ 'ਆਦਿ ਧਰਮ' ਨੂੰ ਪ੍ਰਚਾਰਿਆ। ਉਹਨਾਂ ਨੇ ਕਿਹਾ, ਕਿ ਅਸੀਂ ਅਸਲੀ ਭਾਰਤੀ ਹਾਂ, ਅਸੀਂ ਆਰੀਆ ਜਾਂ ਹਿੰਦੂਆਂ ਦੀ ਔਲਾਦ ਨਹੀਂ ਹਾਂ। ਇਹ ਆਰੀਆ ਲੋਕ ਵਿਦੇਸ਼ੀ ਹਨ ਜਿਹਨਾਂ ਨੇ ਇੱਥੇ ਦੇ ਆਦਿਵਾਸੀ ਲੋਕਾਂ ਨੂੰ ਗੁਲਾਮ ਬਣਾ ਕੇ ਜਾਤ-ਪਾਤ ਦੀ ਸਿਰਜਣਾ ਕੀਤੀ ਹੈ, ਅਸੀਂ ਇਸ ਦਾ ਰੱਜ ਕੇ ਵਿਰੋਧ ਕਰਦੇ ਹਾਂ।''

'ਆਰੀਆ ਸਮਾਜ' ਦੇ ਕੁਲੀਨ ਵਰਗ ਨੇ ਅਛੂਤ ਆਧਾਰਿਤ ਸਮਾਜ ਨੂੰ ਤਿਲਾਂਜਲੀ ਦੇ ਕੇ ਆਪਣੇ ਲੋਕਾਂ ਦੁਆਰਾ ਆਪਣੀ ਸੁਤੰਤਰ ਹੋਂਦ ਨੂੰ ਭਾਵ ਮਾਨਵੀ ਸੋਚ ਨੂੰ ਉਭਾਰਿਆ ਤੇ ਛੂਤ-ਛਾਤ ਤੇ ਜਾਤ-ਪਾਤ ਦੂਰ ਕਰਕੇ ਮਾਨਵਵਾਦ ਲਈ ਸੰਘਰਸ਼ ਕੀਤਾ ਪਰ ਜਾਤ-ਪਾਤ ਦੀ ਹੋਂਦ ਤੇ ਸਮਾਜਿਕ ਨਾ ਬਰਾਬਰੀ ਉਸੇ ਤਰ੍ਹਾਂ ਹੀ ਕਾਇਮ ਹੈ। ਸ਼ਾਇਦ ਸਮਾਜਿਕ ਨਾ ਬਰਾਬਰੀ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਇਕ ਭਰਮ-ਭੁਲੇਖਾ ਹੀ ਲੱਗ ਰਿਹਾ ਹੈ। ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਜੀ ਦੀ ਸਰਕਾਰ ਨੇ ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਸਮਾਜ ਲਈ ਕੀਤੇ ਸੰਘਰਸ਼ ਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਕੁਰਬਾਨੀ ਬਦਲੇ ਉਨ੍ਹਾਂ ਨੂੰ 15 ਅਗਸਤ 1972 ਵਿਚ 'ਤਾਮਿਰ-ਪੱਤਰ' ਦੇ ਕੇ ਸਨਮਾਨਿਤ ਵੀ ਕੀਤਾ। ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ 22 ਅਪ੍ਰੈਲ 1980 ਨੂੰ ਸਵਰਗ ਸਿਧਾਰ ਗਏ।

ਸ੍ਰੀ ਮੰਗੂ ਰਾਮ ਮੁੱਗੋਵਾਲੀਆ ਵਰਗੀ ਤਿਆਗ ਭਾਵਨਾ ਨਾਲ ਜੀਵਨ ਜਿਉਂ ਕੇ ਬਾਹਰੀ ਲੋਕਾਂ ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ। ਇਕ ਵਾਰੀ ਆਇਰਲੈਂਡ ਦਾ ਇਕ ਕ੍ਰਾਂਤੀਕਾਰੀ ਯੁਗਾਂਤਰ/ ਗਦਰ ਆਸ਼ਰਮ ਦੇ ਦਫ਼ਤਰ ਆਇਆ, ਜਿਸ ਨੇ ਕ੍ਰਾਂਤੀਕਾਰੀਆਂ ਦੇ ਕੰਮ-ਕਾਜ ਦੀ ਜਾਣਕਾਰੀ ਤੇ ਉਹਨਾਂ ਦਾ ਛਾਪਾਖਾਨਾ ਦੇਖਿਆ, ਜਦ ਉਸਨੂੰ ਇਹ ਪਤਾ ਲੱਗਾ ਕਿ ਇੱਥੇ ਸਾਂਝੇ ਲੰਗਰ ਦਾ ਖਰਚਾ ਕੇਵਲ ਦੋ ਡਾਲਰ ਰੋਜ਼ ਦਾ ਹੈ ਤੇ ਉਹ ਬਹੁਤ ਭਾਵੁਕ ਹੋ ਗਿਆ। ਉਸਨੂੰ ਇਹ ਪਤਾ ਚੱਲਿਆ ਰੋਜ਼ ਸਬਜ਼ੀਆਂ ਸਰਦਾਰ ਜਵਾਲਾ ਸਿੰਘ ਜੀ ਦੇ ਫਾਰਮ ਤੋਂ ਆਉਂਦੀਆਂ ਹਨ। ਕਰਤਾਰ ਸਿੰਘ ਸਰਾਭਾ ਦੇ ਸਾਥੀ ਰੁਲੀਆ ਸਿੰਘ (ਜੋ ਉਨ੍ਹਾਂ ਦੇ ਪਿੰਡ ਦਾ ਹੀ ਸੀ), ਬਾਬਾ ਸੋਹਣ ਸਿੰਘ ਭਕਨਾ, ਪ੍ਰਿਥੀ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਲਾਲਾ ਹਰਦਿਆਲ ਜੀ ਵਰਗੇ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਸਾਥੀ ਸਨ। ਗਦਰੀ ਬਾਬਿਆਂ ਦੀ ਅਖ਼ਬਾਰ ਦਾ ਨਾਂ 'ਗਦਰ ਦੀ ਗੂੰਜ' ਸੀ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਗਦਰ ਲਹਿਰ ਦਾ ਸ਼ਾਨਾਮੱਤਾ, ਗੌਰਵਮਈ, ਵਿਲੱਖਣ ਤੇ ਸੁਨਹਿਰਾ ਇਤਿਹਾਸ ਹੈ। ਉਸ ਦੀਆਂ ਸਿਰਧੜ ਦੀ ਬਾਜੀ ਲਾਉਣ ਦੀਆਂ ਜੁਝਾਰੂ ਤੇ ਕ੍ਰਾਂਤੀਕਾਰੀ ਸਰਗਰਮੀਆਂ ਦੀ ਵਿਲੱਖਣ ਭੂਮਿਕਾ ਹੈ। ਲੋਕਤੰਤਰੀ, ਸਮਾਜਵਾਦੀ, ਭਾਰਤੀ ਰਾਸ਼ਟਰਵਾਦ, ਧਰਮ-ਨਿਰਪੇਖ ਤੇ ਸਮਾਜਿਕ ਸਮਰੱਥਾ ਦੀ ਵਿਚਾਰਧਾਰਾ ਭਾਰਤ ਵਾਸੀਆਂ ਲਈ ਇਕ ਅਤਿ ਮਹੱਤਵਪੂਰਨ ਵਿਰਸਾ ਤੇ ਵਿਰਾਸਤ ਹੈ। ਅਜਿਹੀ ਲੋਕ ਪੱਖੀ ਤੇ ਮਾਨਵਵਾਦੀ ਚੇਤਨਾ ਭਰਪੂਰ ਗੁਲਾਮੀ ਤੇ ਆਜ਼ਾਦੀ ਨੂੰ ਪਰਿਭਾਸ਼ਿਤ ਕਰਦੀ ਵਿਚਾਰਧਾਰਾ ਨੇ ਅਜੇ ਵੀ ਭਾਰਤ ਦੇ ਮੁੱਖ ਧਾਰਾ ਵਾਲੇ ਇਤਿਹਾਸ ਵਿਚ ਸਥਾਨ ਪ੍ਰਾਪਤ ਕਰਨਾ ਹੈ।

ਇਸ ਦ੍ਰਿਸ਼ਟੀ ਤੋਂ ਕਈ ਚਿੰਤਕਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਨਵੇਂ ਸਿਰਿਉਂ ਲਿਖਣ ਦੀ ਜ਼ਰੂਰਤ ਹੈ। ਇਸ ਦੇ ਨਾਲ ਇਹ ਸਵਾਲ ਵੀ ਉਭਰਦਾ ਹੈ ਕਿ ਘੱਟ-ਗਿਣਤੀ ਦੇ ਦੇਸ਼ ਭਗਤ ਮੁਸਲਮਾਨਾਂ ਤੇ ਦਲਿਤਾਂ ਦੀ ਗਦਰ ਲਹਿਰ ਵਿਚ ਸ਼ਮੂਲੀਅਤ ਤੇ ਮਹੱਤਵਪੂਰਨ ਭੂਮਿਕਾ ਨੂੰ ਉਚਿਤ ਸਥਾਨ ਦਿੱਤਾ ਜਾਵੇ, ਜਿਹਨਾਂ ਦੇ ਨਾਵਾਂ, ਥਾਂਵਾਂ ਤੇ ਕਾਰਨਾਮਿਆਂ ਨਾਲ ਸਰਕਾਰੀ ਤੇ ਗੈਰ ਸਰਕਾਰੀ ਦਸਤਾਵੇਜ਼ ਭਰੇ ਪਏ ਹਨ, ਹਿੰਦੂ ਮੰਚ ਬਲੀਦਾਨ ਅੰਕ (ਹਿੰਦੀ) ਸੰਪਾਦਕ ਕਮਲਾ ਦੱਤ ਪਾਂਡੇ ਤੇ ਪ੍ਰਸਤਾਵਨਾ ਰਾਮ ਵਿਲਾਸ ਸ਼ਰਮਾ ਆਦਿ ਨੂੰ ਛੱਡ ਕੇ ਜਿਹਨਾਂ ਨੇ 1857 ਦੇ ਗਦਰ 1913-15 ਦੇ ਦਸਤਾਵੇਜ਼ਾਂ ਵਿਚ ਦਲਿਤਾਂ ਨੂੰ ਉੱਕਾ ਸਥਾਨ ਨਹੀਂ ਦਿੱਤਾ। ਗਦਰ ਲਹਿਰ ਨੂੰ ਸਿਰਫ ਪੰਜਾਬ ਤੱਕ ਸੀਮਤ ਨਾ ਰੱਖਿਆ ਜਾਵੇ। ਇਹ ਲਹਿਰ ਸਮੁੱਚੇ ਦੇਸ਼ ਵਾਸੀਆਂ ਦੀ ਹੈ। ਇਸ ਗਦਰ ਲਹਿਰ ਵਿਚ ਦੇਸ਼ ਦੇ ਵੱਖ-ਵੱਖ ਖਿੱਤਿਆਂ ਦੇ ਲੋਕ ਸ਼ਾਮਲ ਸਨ। ਅੱਜ ਕਈ ਇਤਿਹਾਸਕਾਰ ਤੇ ਬੁੱਧੀਜੀਵੀ ਇਸ ਗਦਰ ਲਹਿਰ ਨੂੰ ਨਿਰੋਲ ਸਿੱਖ ਲਹਿਰ ਦੱਸ ਕੇ ਪੰਜਾਬ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਹਨ ਜੋ ਗਲਤ ਧਾਰਨਾ ਹੈ ਤੇ ਇਸ ਗਦਰ ਲਹਿਰ ਦੇ ਦੇਸ਼ ਭਗਤਾਂ ਨਾਲ ਬੇਈਮਾਨੀ ਤੇ ਧ੍ਰੋਅ ਕਰਨ ਬਰਾਬਰ ਹੈ। ਇਸ ਵਿਚ ਸਗੋਂ ਵੱਖ-ਵੱਖ ਪ੍ਰਾਂਤਾਂ ਦੇ ਦੇਸ਼ ਭਗਤਾਂ, ਕ੍ਰਾਂਤੀਕਾਰੀਆਂ ਤੇ ਗਦਰੀ ਬਾਬਿਆਂ ਨੂੰ ਉਭਾਰਿਆ ਜਾਵੇ। ਜਰਮਨ, ਅਮਰੀਕਾ ਤੇ ਆਇਰਲੈਂਡ ਦੇ ਉਹਨਾਂ ਦੇਸ਼ ਭਗਤਾਂ ਨੂੰ ਯਾਦ ਕੀਤਾ ਜਾਵੇ, ਜਿਹਨਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲਿਆ, ਸਾਲਾਂ ਬੱਧੀ ਕੈਦਾਂ ਕੱਟੀਆਂ ਤੇ 10-10 ਹਜ਼ਾਰ ਡਾਲਰ ਦੇ ਜੁਰਮਾਨੇ ਭਰੇ। ਇਤਿਹਾਸਕਾਰ ਆਪਣੀ ਤੰਗਦਿਲੀ ਤੇ ਸੌੜੀ ਸੋਚ ਨੂੰ ਤੇ ਰਾਜਨੀਤਿਕ ਪ੍ਰਭਾਵ ਦੀ ਪਰਵਾਹ ਨਾ ਕਰਦੇ ਹੋਏ ਅਣਗੌਲੇ ਦਲਿਤ ਗਦਰੀ ਬਾਬਿਆਂ ਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਉਕਰ ਕੇ ਅਮਰ ਬਣਾ ਦੇਣ। ਕਾਸ਼! ਇਸ ਤਰ੍ਹਾਂ ਦੀ ਸਮਾਜਿਕ ਗਦਰੀ ਲਹਿਰ ਅੱਜ ਦੇ ਜ਼ਮਾਨੇ ਵਿਚ ਹੁੰਦੀ ਤੇ ਅੱਜ ਇਸ ਤਰ੍ਹਾਂ ਦੀ ਵੱਖੋ-ਵੱਖਰੀ ਤਫਲੀ ਨਾ ਵਜਾਉਣੀ ਪੈਂਦੀ।

ਇਸ ਤੱਥ, ਸੋਚ ਤੇ ਸਮਾਜਿਕ ਵਿਸ਼ਲੇਸ਼ਣ ਨੂੰ ਧਿਆਨ ਗੋਚਰੇ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ ਤੇ ਗੁਲਾਮੀ ਨੂੰ ਸੱਦਾ ਦੇਣ ਤੇ ਉਸ ਨੂੰ ਬਰਕਰਾਰ ਰੱਖਣ ਵਿਚ ਸਾਡਾ ਆਪਣਾ ਹੀ ਵਰਣ-ਧਰਮ, ਆਰਥਿਕ ਕਾਣੀ ਵੰਡ, ਜਾਤ-ਪਾਤ ਤੇ ਛੂਤ-ਛਾਤ ਵਿਚ ਵੰਡਿਆ ਸਮਾਜ ਵੀ ਪ੍ਰਮੁੱਖ ਕਾਰਨ ਹੈ। ਇਸ ਵੱਲ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਨੇ ਵੀ ਆਪਣੇ ਇਕ ਲੰਮੇ ਲੇਖ 'ਅਛੂਤ ਦਾ ਸਵਾਲ' ਵਿਚ ਸਮਾਜਿਕ ਬਣਤਰ ਉਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਉਹ ਇਹ ਵੀ ਕਹਿੰਦੇ ਹਨ ਕਿ ਕ੍ਰਾਂਤੀ ਤੋਂ ਸਾਡਾ ਭਾਵ ਹੈ ਕਿ ਬੇਇਨਸਾਫੀ ਤੇ ਆਧਾਰਿਤ ਵਰਤਮਾਨ ਵਿਵਸਥਾ ਵਿਚ ਵੱਡੀ ਤਬਦੀਲੀ ਆਉਣੀ ਚਾਹੀਦੀ ਹੈ। ਉਪਰੋਕਤ ਸਭ ਕੁਝ ਲਈ ਅਸੀਂ ਗਦਰ ਪਾਰਟੀ ਦੇ ਕ੍ਰਾਂਤੀਕਾਰੀਆਂ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਹਨਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ ਵਿਚ ਤਬਦੀਲ ਕਰ ਸਕੀਏ।

ਜਦੋਂ ਸ੍ਰੀ ਮੰਗੂ ਰਾਮ ਮੁੱਗੋਵਾਲੀਆ ਜੀ ਮੈਵਰਿਕ ਜਹਾਜ਼ ਵਿਚ ਸਫਰ ਕਰ ਰਹੇ ਸਨ ਤਾਂ ਜਦੋਂ ਉਹਨਾਂ ਦਾ ਜਹਾਜ਼ ਵੇਰਾਕਰੂਜ਼ ਬੰਦਰਗਾਹ ਤੇ ਪਹੁੰਚਿਆ ਤਾਂ ਦੋ ਅਮਰੀਕੀ ਜਹਾਜ਼ ਕੇਂਡ ਤੇ ਰੇਨਬੋ ਨੇ ਘੇਰਾ ਪਾ ਕੇ ਮੈਵਰਿਕ

(ਬਾਕੀ ਅਗਲੇ ਸਫੇ ਤੇ)

# ‘ਅਣਗੌਲੇ ਗ਼ਦਰੀ ਬਾਬਿਆਂ ਦਾ ਇਤਿਹਾਸ’

ਜਹਾਜ਼ ਦੀ ਤਲਾਸ਼ੀ ਲਈ ਤੇ ਆਮ ਰੋਜ਼ ਦੀ ਤਰ੍ਹਾਂ ਰਸਮੀ ਤਲਾਸ਼ੀ ਲੈਣ ਤੋਂ ਬਾਅਦ ਜਹਾਜ਼ ਨੂੰ ਜਾਣ ਦਿੱਤਾ ਗਿਆ। ਇਸ ਜਹਾਜ਼ ਵਿਚ ਬ੍ਰਿਟਿਸ਼ ਸਰਕਾਰ ਦੇ ਖੁਫੀਆ ਵਿਭਾਗ ਦਾ ਇਕ ਵਿਅਕਤੀ ਚੁੱਪ-ਚਾਪ ਸਫਰ ਕਰ ਰਹੇ ਸਭ ਮੁਸਾਫਰਾਂ ਤੇ ਆਪਣੀ ਨਜ਼ਰ ਰੱਖ ਰਿਹਾ ਸੀ।

(ਹਵਾਲਾ ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ, ਦੂਜਾ ਭਾਗ, ਵਿਸ਼ਵਾਮਿੱਤਰ ਉਪਾਧਿਆਇ ਪੰਨਾ 127, 128)

ਮੈਵਰਿਕ ਦੇ ਸਫਰ ਦੌਰਾਨ ਹੀ ਉਹ ਵੇਰਾਕਰੂਜ਼ ਬੰਦਰਗਾਹ ਤੇ ਆਪਣਾ ਖਾਣ-ਪੀਣ ਦਾ ਰਾਸ਼ਨ ਲੈਣ ਲਈ ਪਹੁੰਚੇ। ਸ਼ੱਕ ਦੀ ਬੁਨਿਆਦ ਤੇ ਅਮਰੀਕੀ ਸਰਕਾਰ ਨੇ ਉਹਨਾਂ ਨੂੰ 10 ਦਿਨ ਤੱਕ ਜੇਲ੍ਹ ਵਿਚ ਨਜ਼ਰਬੰਦ ਰੱਖਿਆ। ਇਹ ਜਹਾਜ਼ ਕਈ ਟਾਪੂਆਂ ਵਿਚ ਦੀ ਲੰਘਦਾ ਹੋਇਆ ਬਤਾਵੀਆ ਦੀ ਬੰਦਰਗਾਹ ਤੇ ਪਹੁੰਚਿਆ ਤੇ ਪੁੱਜਦੇ ਸਾਰ ਹੀ ਕਈ ਜਪਾਨੀ ਜਹਾਜ਼ ਆਏ ਤੇ ਉਨ੍ਹਾਂ ਨੇ ਜਹਾਜ਼ ਸਮੇਤ ਬਾਬੂ ਮੰਗੂ ਰਾਮ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਕੈਲੇਫੋਰਨੀਆ ਵਿਚ ਉਹਨਾਂ ਤੇ ਮੁਕੱਦਮਾ ਚਲਾਇਆ ਗਿਆ ਤੇ ਫੈਸਲਾ ਇਹ ਸੁਣਾਇਆ ਗਿਆ ਕਿ ਜਹਾਜ਼ ਵਿਚ ਜਿਹੜੇ ਪੰਜ ਭਾਰਤੀ ਸਨ, ਉਨ੍ਹਾਂ ਨੂੰ ਦੂਜੇ ਦਿਨ 10 ਵਜੇ ਫਾਂਸੀ ਲਾ ਦਿੱਤੀ ਜਾਵੇਗੀ। ਜਰਮਨ ਦੇ ਕੁਝ ਦੂਤਾਂ ਨੂੰ ਜਦ ਇਸ ਫਾਂਸੀ ਦੇਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇਹਨਾਂ ਭਾਰਤੀਆਂ ਨੂੰ ਬਚਾਉਣ ਦਾ ਪ੍ਰਬੰਧ ਕੀਤਾ। ਉਨ੍ਹਾਂ ਨੂੰ ਰਾਤ ਨੂੰ ਕੋਈ 12 ਵਜੇ ਦੇ ਕਰੀਬ ਜਹਾਜ਼ ਵਿਚੋਂ ਕੱਢ ਕੇ ਅਲੱਗ-ਅਲੱਗ ਜਗ੍ਹਾ ਤੇ ਭੇਜ ਦਿੱਤਾ ਤੇ ਬਾਬੂ ਮੰਗੂ ਰਾਮ ਜੀ ਨੂੰ ਮਨੀਲਾ ਭੇਜ ਦਿੱਤਾ।

ਜਹਾਜ਼ੀ ਸਫਰ ਸਮੇਂ ਉਨ੍ਹਾਂ ਨੂੰ ਕਈ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਜਿਸ ਜਹਾਜ਼ ਵਿਚ ਉਹ ਮਨੀਲਾ ਜਾ ਰਹੇ ਸਨ, ਸਮੁੰਦਰੀ ਤੂਫਾਨ ਤੇ ਖਰਾਬ ਮੌਸਮ ਕਾਰਨ ਉਹ ਮਨੀਲਾ ਦੀ ਥਾਂ ਸਿੰਘਾਪੁਰ ਪਹੁੰਚ ਗਏ। ਜਹਾਜ਼ ਵਿਚੋਂ ਅਜੇ ਉਤਰੇ ਨਹੀਂ ਸਨ ਤਾਂ ਉਹਨਾਂ ਦੀ ਨਜ਼ਰ ਬੰਦਰਗਾਹ ਤੇ ਖੜ੍ਹੇ ਦੋ ਭਾਰਤੀਆਂ ’ਤੇ ਪਈ, ਉਹਨਾਂ ਵਿਚੋਂ ਇਕ ਨਾਮ ਬੇਲਾ ਸਿੰਘ ਪਿੰਡ ਜਿਆਣ, ਜ਼ਿਲ੍ਹਾ ਹੁਸ਼ਿਆਰਪੁਰ ਤੇ ਦੂਸਰੇ ਦਾ ਨਾਮ ਭਾਗ ਸਿੰਘ ਪਿੰਡ ਮਾਣਕੋ, ਜ਼ਿਲ੍ਹਾ ਜਲੰਧਰ ਸੀ। ਉਹਨਾਂ ਦੇ ਸੂਹ ਦੇਣ ਕਾਰਨ ਕਿਉਂਕਿ ਉਹ ਦੇਸ਼ ਦੇ ਗਦਾਰ ਸਨ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਪੁਲਿਸ ਨੇ ਪਕੜ ਲਿਆ ਤੇ ਇਕ ਕਿੱਲੇ ਵਿਚ ਲੈ ਗਏ ਤੇ ਤੋਪ ਦੇ ਅੱਗੇ ਖੜ੍ਹੇ ਕਰ ਦਿੱਤਾ ਤੇ ਕਿਹਾ ਕਿ ਤੈਨੂੰ ਅੱਧੇ ਘੰਟੇ ਬਾਅਦ ਤੋਪ ਨਾਲ ਉਡਾਅ ਦੇਣਾ ਹੈ, ਤੂੰ ਜਿਸ ਨੂੰ ਮਿਲਣਾ ਚਾਹੁੰਦਾ ਹੈ, ਸਾਨੂੰ ਦੱਸ ਅਸੀਂ ਤੈਨੂੰ ਮਿਲਾਅ ਦਿਆਂਗੇ। ਉਨ੍ਹਾਂ ਨੇ ਕਿਹਾ ਕਿ ਮੈਂ ਕਿਸੇ ਨੂੰ ਨਹੀਂ ਮਿਲਣਾ ਤੇ ਨਾ ਹੀ ਇੱਥੇ ਕੋਈ ਮੇਰਾ ਵਾਕਫ ਹੈ। ਉਹ ਤੋਪ ਦੇ ਸਾਹਮਣੇ ਅਜੇ ਖੜ੍ਹੇ ਹੀ ਸਨ ਕਿ ਇਕ ਬੰਦਾ ਆਇਆ, ਉਸ ਨੇ ਜਿਸ ਰੱਸੇ ਨਾਲ ਉਹਨਾਂ ਨੂੰ ਬੰਨਿਆ ਹੋਇਆ ਸੀ, ਨਾਲੋਂ ਖੋਲ੍ਹ ਕੇ ਫਿਰ ਮਨੀਲਾ ਜਾਣ ਵਾਲੇ ਜਹਾਜ਼ ਵਿਚ ਬਿਠਾਅ ਦਿੱਤਾ ਤੇ ਇਸ ਤਰ੍ਹਾਂ ਉਹ ਤੀਸਰੇ ਦਿਨ ਮਨੀਲਾ ਪੁੱਜੇ। ਜਹਾਜ਼ ਤੋਂ ਉਤਰਦੇ ਹੀ ਉਨ੍ਹਾਂ ਨੂੰ ਦੋ ਤਿੰਨ ਭਾਰਤੀ ਤੇ ਕੁਝ ਜਰਮਨੀ ਦੇ ਬੰਦੇ ਮਿਲੇ। ਉਹ ਬਾਬੂ ਮੰਗੂ ਰਾਮ ਨੂੰ ਇਕ ਹੋਟਲ ਵਿਚ ਲੈ ਗਏ। ਉਨ੍ਹਾਂ ਨੇ ਚਾਹ ਵਗੈਰਾ ਪੀਤੀ। ਉਥੇ ਪਏ ਇਕ ਅਖ਼ਬਾਰ ਜਿਸ ਦਾ ਨਾਮ ’ਮਨੀਲਾ ਟਾਈਮਜ਼’ ਸੀ ਤੇ ਮੋਟੀ ਖਬਰ ਪੜ੍ਹੀ ਕਿ ਮੰਗੂ ਰਾਮ ਨੂੰ ਤੋਪ ਨਾਲ ਉਡਾਅ ਦਿੱਤਾ ਗਿਆ ਹੈ। ਇਹ ਖਬਰ ਸਭ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ, ਪਾਰਟੀ ਦੇ ਦਫ਼ਤਰ ਤੇ ਉਨ੍ਹਾਂ ਦੇ ਪਿੰਡ ਮੁੱਗੋਵਾਲ ਉਹਨਾਂ ਦੇ ਘਰ ਵੀ ਪਹੁੰਚ ਗਈ। ਇਸ ਖਬਰ ਪਹੁੰਚਣ ਦੇ ਕੁਝ ਦਿਨਾਂ ਬਾਅਦ ਸ੍ਰੀ ਮੰਗੂ ਰਾਮ ਜੀ ਦੀ ਪਤਨੀ ਨੂੰ ਉਨ੍ਹਾਂ ਦੇ ਸਕੇ ਭਰਾ ਦੇ ਨਾਲ ਵਿਆਹ ਦਿੱਤਾ ਗਿਆ।

ਗਦਰ ਪਾਰਟੀ ਦੇ ਇਸ ਮਹਾਨ ਕ੍ਰਾਂਤੀਕਾਰੀ ਨੇ ਅਨੇਕਾਂ ਔਕੜਾਂ ਦਾ ਸਾਹਮਣਾ ਕੀਤਾ ਤੇ ਦੇਸ਼ ਦੀ ਆਨ ਤੇ ਸ਼ਾਨ ਨੂੰ ਉੱਚਾ ਰੱਖਣ ਲਈ ਕਿ ਮੇਰਾ ਦੇਸ਼ ਆਜ਼ਾਦ ਹੋਵੇ, ਇਸੇ ਉਦੇਸ਼ ਨਾਲ ਉਹ ਆਪਣੀ ਮੰਜ਼ਿਲ ਵੱਲ ਅੱਗੇ ਵਧਦੇ ਗਏ ਤੇ ਹੌਸਲਾ ਨਹੀਂ ਹਾਰਿਆ।

ਗਦਰ ਪਾਰਟੀ ਨੂੰ ਜਦ ਉਨ੍ਹਾਂ ਦੀਆਂ ਮੁਸੀਬਤਾਂ ਦਾ ਪਤਾ ਲੱਗਾ ਤਾਂ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਇਕ ਪ੍ਰਬੰਧ ਇਕ ਫਲਪੀਨੀ ਪਰਿਵਾਰ ਨਾਲ ਕਰ ਦਿੱਤਾ। ਇਸ ਪਰਿਵਾਰ ਕੋਲ ਉਹ ਕੋਈ ਇਕ ਮਹੀਨੇ ਦੇ ਕਰੀਬ ਰਹੇ ਤੇ ਇਸ ਠਿਕਾਣੇ ਦਾ ਬ੍ਰਿਟਿਸ਼ ਸਰਕਾਰ ਨੂੰ ਪਤਾ ਲੱਗ ਗਿਆ। ਇਸ ਤੋਂ ਬਾਅਦ ਉਹ ਪੰਡਤ ਮਾਧੋ ਰਾਮ ਬੱਦੋਵਾਲ ਜ਼ਿਲ੍ਹਾ ਲੁਧਿਆਣਾ ਤੇ ਸਰਦਾਰ ਜਵਾਲ ਸਿੰਘ ਖੁਰਦਪੁਰ, ਜ਼ਿਲ੍ਹਾ ਜਲੰਧਰ ਕੋਲ ਰਹੇ। ਇੱਥੇ ਉਹ ਤਕਰੀਬਨ ਇਕ ਸਾਲ ਤੱਕ ਰਹੇ ਤੇ ਫਿਰ ਉਹ ਮਨੀਲਾ ਮੁੜ ਗਏ ਤੇ ਜੰਗਲ ਵਿਚ ਕੋਈ ਦੋ ਸਾਲ ਦੇ ਕਰੀਬ ਆਦਿਵਾਸੀਆਂ ਕੋਲ ਰਹੇ। ਇੱਥੇ ਆਦਿਵਾਸੀਆਂ ਵਿਚ ਰਹਿੰਦਿਆਂ ਉਹਨਾਂ ਨੇ ਕਈ ਔਕੜਾਂ ਦਾ ਸਾਹਮਣਾ ਕੀਤਾ।

ਉਸੇ ਸਮੇਂ ਦੌਰਾਨ ਮੈਵਰਿਕ ਤੇ ਐਨੀ ਲਾਰਸਨ ਸਮੁੰਦਰੀ ਜਹਾਜ਼ ਵਿਚ ਹਥਿਆਰ ਲਿਜਾਣ ਤੇ ਅਮਰੀਕਾ ਦੀ ਕੈਲੇਫੋਰਨੀਆ ਵਿਚ, ’ਨਾਰਦਰਨ ਡਿਸਟ੍ਰਿਕਟ ਕੋਰਟ ਵਿਚ ਗਦਰ ਲਹਿਰ ਦਾ ਇਕ ਜਗਤ ਪ੍ਰਸਿੱਧ ਕੇਸ 20 ਨਵੰਬਰ, 1917 ਨੂੰ ਚੱਲ ਪਿਆ। ਇਸ ਮੁਕੱਦਮੇ ਦੀ ਸੁਣਵਾਈ ਕੋਈ 80 ਦਿਨਾਂ ਦੇ ਕਰੀਬ ਅਪ੍ਰੈਲ 1918 ਤੱਕ ਚੱਲੀ। (ਹਵਾਲਾ ਕੇਸ ਨੰਬਰ 6133 ਬਾਕਸ ਨੰਬਰ 575, ਫਾਈਲ ਨੰਬਰ- 1, ਫਾਈਲ, ਨੈਸ਼ਨਲ ਆਕਾਈਵ ਐਂਡ ਰਿਕਾਰਡ ਐਡਮਿਨਸਟ੍ਰੇਸ਼ਨ (ਨਾਰਾ) ਸਾਨ ਬਰੂਨੋ, ਕੈਲੇਫੋਰਨੀਆ ਯੂ. ਐਸ. ਏ.)।

ਇਸ ਮੁਕੱਦਮੇ ਦਾ ਪੂਰਾ ਨਾਮ ਹੈ- ਹਿੰਦੂ ਜਰਮਨ ਸਾਜਿਸ ਕੇਸ- 1915 ਤੇ ਇਸ ਕੇਸ ਦੀ ਫਾਈਲ ਦੇ ਆਰੰਭ ਵਿਚ ਜਰਮਨਾਂ, ਆਇਰਸ਼ ਸੁਤੰਤਰਤਾ ਸੰਗਰਾਮੀਆਂ ਤੋਂ ਬਾਅਦ ਭਾਰਤੀ ਕ੍ਰਾਂਤੀਕਾਰੀਆਂ ਦੇ ਨਾਮ ਹਨ ਤੇ ਇਸ ਕੇਸ ਫਾਈਲ ਤੇ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਨਾਮ ਵੀ ਦਰਜ ਹੈ। ਇਸ ਅਦਾਲਤੀ ਕਾਰਵਾਈ ’ਤੇ ਮਾਰਚ, 1917 ਦੇ ਪਹਿਲੇ ਸੋਮਵਾਰ ਦੀ ਮਿਤੀ ਦਰਜ ਹੈ।

ਅਮਰੀਕਾ ਦੀ ਫੌਜਦਾਰੀ ਦੰਡਾਵਲੀ ਦੀ ਧਾਰਾ 13 ਦੀ ਸਾਜਿਸ਼ ਦਾ ਦੋਸ਼ ਮੰਗੂ ਰਾਮ ਜੀ ਤੇ ਲਾ ਕੇ 7 ਜੁਲਾਈ 1917 ਨੂੰ ਕੈਲੇਫੋਰਨੀਆ ਨਾਰਦਰਨ ਜ਼ਿਲ੍ਹੇ ਦੇ ਮਾਰਸ਼ਲ ਵੱਲੋਂ ਸੰਮਨ ਜਾਰੀ ਕੀਤਾ ਗਿਆ ਹੈ। ਇਸ ਤਰ੍ਹਾਂ 11 ਅਕਤੂਬਰ, 1917 ਨੂੰ ਅਟਾਰਨੀ ਨੇ ਅਟਾਰਨੀ ਜਨਰਲ ਵਾਸ਼ਿੰਗਟਨ ਨੂੰ ਸਾਨਫਰਾਂਸਿਸਕੋ ਤੋਂ ਤਾਰ ਰਾਹੀਂ ਸੂਚਨਾ ਦਿੱਤੀ ਹੈ, ’’ਤੁਹਾਡੀ ਤਾਰ ਦੇ ਜਵਾਬ ਵਿਚ ਮੰਗੂ ਰਾਮ ਮੁੱਗੋਵਾਲੀਆ ਨੇ ਹਕੀਕਤਾਂ ਦਾ ਬਿਆਨ ਕਰ ਦਿੱਤਾ ਹੈ ਅਤੇ ਤਸਦੀਕ ਸ਼ੁਦਾ ਦੋਸ਼ ਅਰੋਪਣ ਪੱਤਰ (ਕਾਨੂੰਨੀ ਕਾਰਵਾਈ) ਦੀ ਨਕਲ ਯੂਨਾਈਟਿਡ ਸਟੇਟਸ ਅਟਾਰਨੀ ਸਦਰਨ ਡਿਸਟ੍ਰਿਕਟ, ਫਲੋਰੀਡਾ ਨੂੰ ਭੇਜੀ ਹੈ।’’

ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜ਼ਰੂਰੀ ਹੈ ਕਿ ਸ੍ਰੀ ਮੰਗੂ ਰਾਮ ਜੀ ਦੀ ਸੀ. ਆਈ. ਡੀ. ਫਾਈਲ ਨੰਬਰ 1273 ਆਫ 1915 ਅਨੁਸਾਰ ਉਹ ਸਤੰਬਰ 1915 ਤੱਕ ਅਮਰੀਕਾ ਵਿਚ ਸਨ ਜਦਕਿ ਉਹ 24 ਅਪ੍ਰੈਲ, 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੁਸਤਾਨ ਨੂੰ ਰਵਾਨਾ ਹੋ ਚੁੱਕੇ ਸਨ। ਆਪਣੇ ਦੂਜੇ ਚਾਰ ਸਾਥੀਆਂ ਹਰੀ ਸਿੰਘ ਬੱਦੋਵਾਲੀਆ (ਉਸਮਾਨ), ਗੰਭੀਰ ਸਿੰਘ, ਚਰਨ ਦਾਸ ਅਤੇ ਹਰਨਾਮ ਚੰਦ ਜਿਹਨਾਂ ਦੇ ਫਰਜ਼ੀ ਨਾਲ ਭਾਰਤ ਆਉਣ ਲਈ ਹੋਰ ਰੱਖੇ ਸਨ, ਨਾਲ ਫਾਈਲ ਦੇ ਰਿਕਾਰਡ ਅਨੁਸਾਰ 10 ਅਪ੍ਰੈਲ 1915 ਨੂੰ ਸਾਨਫਰਾਂਸਿਸਕੋ ਤੋਂ ਲਾਸ ਏਂਜਲਸ ਕੈਲੇਫੋਰਨੀਆ ਲਈ ਰਵਾਨਾ ਹੋਏ ਵੀ ਸਨ। ਇਸੇ ਤਰ੍ਹਾਂ ਹੀ ਵਰੰਟ/ ਸਮਨ (ਨੰਬਰ 1) 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਸੀ. ਆਈ. ਡੀ. ਮਹਿਕਮੇ ਦੀ ਨਲਾਇਕੀ ਨੂੰ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ ਇਹ ਗਦਰ ਪਾਰਟੀ ਦੇ ਆਪਣੇ ਖੁਫੀਆ ਤੰਤਰ ਦੀ ਹੁਸ਼ਿਆਰੀ ਨੂੰ ਦਰਸਾਉਂਦੀ ਹੈ।

ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ ਯੂ. ਐਸ. ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ 1917 ਦਾ ਪੱਤਰ) ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲੱਗਭੱਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ) ਕਾਰਤੂਸਾਂ ਦੇ ਲੱਗਭੱਗ 3773 ਬਕਸੇ ਜਿਹਨਾਂ ਵਿਚ ਲੱਗਭੱਗ 3,5000,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲੱਗਭੱਗ 10 ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਸਤੌਲ ਜਿਹਨਾਂ ਦੀ ਗਿਣਤੀ ਪਤਾ ਨਹੀਂ ਹੈ।’’ ਇਸ ਤੋਂ ਇਲਾਵਾ, ਗਦਰ ਲਹਿਰ ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਸ੍ਰੀ ਮੰਗੂ ਰਾਮ ਜੀ ਮੁਤਾਬਕ ਜਹਾਜ਼ ਵਿਚ ’ਗਦਰ’ ਅਖ਼ਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਇਸ ਕੇਸ ਵਿਚੋਂ ਮਿਲਦੀ ਹੈ।

ਇਸ ਉਪਰੰਤ ਸਾਰਾ ਅਸਲਾ-ਬਰੂਦ ਜੱਜਾਂ ਦੇ ਦਸਤਖਤਾਂ ਮਗਰੋਂ ਵੇਚ ਦਿੱਤਾ ਗਿਆ। ਸਾਨਫਰਾਂਸਿਸਕੋ ਕਰੋਨੀਕਲ, 22 ਅਪ੍ਰੈਲ 1918 (ਉਸ ਸਮੇਂ ਦੀ ਪ੍ਰਸਿੱਧ ਅਖ਼ਬਾਰ) ਦੇ ਮੁੱਖ ਪੰਨੇ ਦੇ ਸਿਖਰ ਉਤੇ ਮੋਏ ਅੱਖਰਾਂ ਵਿਚ ਸੁਰਖੀ ਹੈ:/ 3,000,000 ਇਜ ਕੋਸਟ ਆਫ ਪ੍ਰੋਸੀਕਿਊਟਿੰਗ ਹਿੰਦੂਸ ਪਲੌਟ ਕੇਸ’ ਤੋਂ ਦੂਜੀ ਛੋਟੀ ਸੁਰਖੀ ਹੈ: ਯੂ. ਐਸ. ਕੈਨ ਗੈਟ ਓਨਲੀ ਸਮਾਲ ਪਾਰਟ ਬੈਕ।’ ਇੱਥੇ ਕਹਿਣ ਦਾ ਮਤਲਬ ਹੈ ਕਿ ਇਹ ਦੁਨੀਆਂ ਦਾ ਸਭ ਤੋਂ ਮਹਿੰਗਾ ਮੁਕੱਦਮਾ ਸੀ, ਜਿਸ ਉਤੇ ਅਮਰੀਕੀ ਤੇ ਬਰਤਾਨਵੀ ਸਰਕਾਰਾਂ ਨੇ ਮਿਲ ਕੇ ਬਹੁਤ ਵੱਡਾ ਖਰਚ ਕੀਤਾ ਅਤੇ 320,000 ਜੁਰਮਾਨਾ ਮਿਲਣ ਦੀ ਸੰਭਾਵਨਾ ਹੈ।’ ਅੱਗੇ ਹੋਰ ਲਿਖਿਆ ਹੈ, 25 ਸਾਲ ਪਹਿਲਾਂ ਦੇ ਕਿਪਲਿੰਗ ਦੇ “ਮੈਵਰਿਕ’’ ਦੀ 1918 ਦੇ ‘ਮੈਵਰਿਕ’ ਨੇ ਮੁੜ ਯਾਦ ਕਰਵਾਈ।’’ ਇੱਥੇ ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਪ੍ਰਧਾਨ ਵੁਡਰੋਵਿਲਸਨ, ਅਮਰੀਕਾ ਦੀ ਕ੍ਰਾਂਤੀਕਾਰੀਆਂ ਪ੍ਰਤੀ ਸੁਹਿਰਦਤਾ ਤੇ ਉਸ ਤੋਂ ਮਗਰੋਂ ਦੀ ਸਰਕਾਰ ਨੇ ਉਪਰੋਕਤ ਮੁਕੱਦਮੇ ਨੂੰ ਨਾ ਚਲਾਉਣ ਲਈ ਬਹੁਤ ਸਮਾਂ ਟਾਲਿਆ ਪਰ ਬਰਤਾਨਵੀ ਦਬਾਅ ਵਧੇਰੇ ਵਧਣ ਕਾਰਨ ਇਹ ਮੁਕੱਦਮਾ ਚਲਾਇਆ ਗਿਆ।

ਮੈਵਰਿਕ ਤੇ ਐਨੀ ਲਾਰਸਨ ਜਹਾਜ਼ ਨਾਲ ਸਬੰਧਤ ’ਹਿੰਦੂ ਜਰਮਨ ਸਾਜਿਸ਼’ ਕੇਸ ਅਪ੍ਰੈਲ 1918 ਵਿਚ ਸਮਾਪਤ ਹੋ ਗਿਆ। ਸੰਸਾਰ ਦੀ ਪਹਿਲੀ ਵੱਡੀ ਜੰਗ ਸੀ 11 ਨਵੰਬਰ 1918 ਨੂੰ ਖਤਮ ਹੋ ਗਈ। ਪ੍ਰਿੰਸ ਆਫ ਵੇਲਜ਼ ਨੇ ਜੋ ਜਹਾਜ਼ ਪੰਜਵੇਂ ਦਾ ਪੁੱਤਰ ਸੀ 1921 ਤੋਂ 1922 ਦੇ ਦੌਰਾਨ ਭਾਰਤ ਸਮੇਤ ਪੂਰੇ ਪੂਰਬ ਏਸ਼ੀਆ ਦਾ ਦੌਰਾ ਕੀਤਾ। ਮਈ 1922 ਨੂੰ ਉਹ ਪੂਰਬੀ ਏਸ਼ੀਆ ਦੇ ਦੇਸ਼ ਫਿਲਪਾਈਨਜ਼ ਦਾ ਦੌਰਾ ਕੀਤਾ। ਉਸ ਸਮੇਂ ਬਾਬੂ ਮੰਗੂ ਰਾਮ ਜੀ ’ਮਿ: ਜੌਹਨਸਨ ਐਂਡ ਮਾਰਸ਼ਲ ਫੀਲਡ ਕੰਪਨੀ (ਜਿਸ ਦਾ ਸ਼ਿਕਾਗੋ ਵਿਚ ਵਿਭਾਗੀ ਭੰਡਾਰ ਵੀ ਹੈ) ਵਿਚ ਨੌਕਰੀ ਕਰਦੇ ਸਨ ਤੇ ਫੈਕਟਰੀ ਵਿਚ ਹੀ ਰਹਿੰਦੇ ਸਨ। ਕੋਈ ਇਕ ਸਾਲ ਨੌਕਰੀ ਕਰਨ ਉਪਰੰਤ ਫੈਕਟਰੀ ਦੇ ਮਾਲਕ ਨੂੰ ਪਤਾ ਲੱਗ ਗਿਆ ਕਿ ਉਹ ਗਦਰ ਪਾਰਟੀ ਦਾ ਆਦਮੀ ਹੈ। ਉਸ ਸਮੇਂ ਪ੍ਰਿੰਸ ਆਫ ਵੇਲਜ਼ ਦੁਨੀਆਂ ਦੀ ਸੈਰ ਕਰ ਰਿਹਾ ਸੀ, ਇਸ ਲਈ ਉਹਨਾਂ ਨੂੰ 6 ਮਹੀਨੇ ਲਈ ਨਜ਼ਰਬੰਦ ਕਰ ਲਿਆ ਗਿਆ।



12 ਮਈ 1922 ਨੂੰ ਪ੍ਰਿੰਸ ਆਫ ਵੇਲਜ਼ ਦੇ ਪੋਲੋ ਖੇਡਦਿਆਂ ਸੱਜੀ ਅੱਖ ਜ਼ਖਮੀ ਹੋ ਗਈ ਤੇ ਉਹ ਅਗਲੇ ਹੀ ਦਿਨ ਇੰਗਲੈਂਡ ਲਈ ਰਵਾਨਾ ਹੋ ਗਿਆ ਪਰ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਪ੍ਰਿੰਸ ਦੇ ਜਾਣ ਉਪਰੰਤ ਵੀ ਜੇਲ੍ਹ ’ਚੋਂ ਨਾ ਛੱਡਿਆ। ਬਰਤਾਨੀਆ ਸਰਕਾਰ ਦੀ ਨਜ਼ਰ ਵਿਚ ਉਹ ਅਜੇ ਵੀ ਇਕ ਖਤਰਨਾਕ ਕ੍ਰਾਂਤੀਕਾਰੀ ਸੀ ਕਿ ਕਿਸੇ ਤਰ੍ਹਾਂ ਦਾ ਪ੍ਰਿੰਸ ਨੂੰ ਨੁਕਸਾਨ ਨਾ ਪਹੁੰਚਾ ਦੇਵੇ। (ਹਵਾਲਾ ’ਦਿ ਬੈਰੀਅਰ ਮਾਈਨਰ 15 ਮਈ 1922 ਅਤੇ 14 ਮਈ 1922 ਅਨੁਸਾਰ) ਭਾਰਤ ਦੇ ਇਤਿਹਾਸਕਾਰ, ਸਾਹਿਤਕਾਰ ਤੇ ਬੁੱਧੀਜੀਵੀ ਲੋਕ ਸਭ ਇਸ ਸਚਾਈ ਨੂੰ ਮੰਨਦੇ ਹਨ ਕਿ 1857 ਦੇ ਪਹਿਲੇ ਗਦਰ ’ਤੇ 1913-15 ਦਾ ਦੂਜਾ ਗਦਰ ਆਧਾਰਿਤ ਸੀ। ਦੋਹਾਂ ਹੀ ਗਦਰਾਂ ਵਿਚ ਗਦਰੀ ਕ੍ਰਾਂਤੀਕਾਰੀ ਭਾਰਤ ਨੂੰ ਬਰਤਾਨੀਆ ਦੀ ਸਰਕਾਰ ਤੋਂ ਆਜ਼ਾਦ ਕਰਾਉਣਾ ਚਾਹੁੰਦੇ ਸਨ। ਇਹਨਾਂ ਦੋਹਾਂ ਗਦਰਾਂ ਵਿਚ ਅੰਤਰ ਸਿਰਫ ਇੰਨਾ ਸੀ ਕਿ ਪਹਿਲੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਹਥਿਆਰ ਚੁੱਕ ਕੇ ਲਾਮਬੰਦ ਹੋਏ ਤੇ ਦੂਸਰੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਦੂਸਰੇ ਦੇਸ਼ਾਂ ਵਿਚ ਖਾਸ ਕਰਕੇ ਅਮਰੀਕਾ ਵਿਚ ਲਾਮਬੰਦ ਹੋਏ। ਦੋਹਾਂ ਗਦਰਾਂ ਵਿਚ ਦਲਿਤ ਸਮਾਜ ਨਾਲ ਸਬੰਧਤ ਲੋਕਾਂ ਨੇ ਵੀ ਕਾਫੀ ਗਿਣਤੀ ਵਿਚ ਕੁਰਬਾਨੀਆਂ ਦਿੱਤੀਆਂ ਤੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਪਰ ਇਸ ਵਿਚ ਇਕ ਵੱਡੀ ਤ੍ਰਾਸਦੀ ਇਹ ਰਹੀ ਕਿ ਦਲਿਤ ਵਰਗ ਦੇ ਗਦਰੀ ਬਾਬਿਆਂ ਨੂੰ ’ਸਾਹਿਤ ਦੇ ਇਤਿਹਾਸ’ ਵਿਚ ਤੇ ’ਭਾਰਤ ਦੇ ਇਤਿਹਾਸ’ ਵਿਚ ਇਕ ਖਾਸ ਸੋਚ ਦੇ ਅਧੀਨ ਅਣਗੌਲਿਆਂ ਰੱਖਿਆ ਗਿਆ। ਪੰਜਾਬ ਵਿਚ ਤੇ ਭਾਰਤ ਦੇ ਇਤਿਹਾਸ ਵਿਚ ਇਕ ਖਾਸ ਵਰਗ ਦੇ ਲੋਕਾਂ ਨੂੰ ਉਭਾਰਿਆ ਗਿਆ ਤੇ ਸਨਮਾਨਿਤ ਕੀਤਾ ਗਿਆ। ਇਹ ਦਲਿਤ ਵਰਗ ਦੇ ਦੇਸ਼ ਭਗਤਾਂ ਤੇ ਕ੍ਰਾਂਤੀਕਾਰੀਆਂ ਨਾਲ ਵੱਡੀ ਬੇਇਨਸਾਫੀ ਹੈ। ਇਹ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਦਾ ਇਖਲਾਕੀ ਫਰਜ਼ ਬਣਦਾ ਹੈ ਕਿ ਉਹ ਕ੍ਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਇਨਸਾਫ ਦੀ ਤੱਕੜੀ ਦੇ ਦੋਵੇਂ ਪੱਲੇ ਸਾਵੇਂ ਰੱਖਦੇ ਹੋਏ ਮੁੜ ਆਜ਼ਾਦੀ ਦੇ ਇਤਿਹਾਸ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਕਰਨ ਵਾਲਿਆਂ ਨੂੰ ਉਭਾਰਨ ਤਾਂ ਜੋ ਉਹਨਾਂ ਨੂੰ ਆਜ਼ਾਦੀ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਅੰਕਿਤ ਕਰਕੇ ਮਾਣ ਤੇ ਸਨਮਾਨ ਦਿੱਤਾ ਜਾਵੇ। ਇਸੇ ਹੀ ਤਰ੍ਹਾਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦੀਆਂ ਗਦਰ ਲਹਿਰ ਵਿਚ ਦਿੱਤੀਆਂ ਕੁਰਬਾਨੀਆਂ ਨੂੰ ਉਭਾਰ ਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ ’ਤੇ ਅੰਕਿਤ ਕੀਤਾ ਜਾਵੇ ਕਿਉਂਕਿ ਸਾਰੇ ਇਤਿਹਾਸਕਾਰ, ਸਮਾਜਵਾਦੀ, ਪ੍ਰਗਤੀਵਾਦੀ ਅਤੇ ਕ੍ਰਾਂਤੀਕਾਰੀਆਂ ਨੂੰ ਆਪਣੀ ਵਿਰਾਸਤ ਸਮਝਦੇ ਹਨ।

ਇਸੇ ਹੀ ਤਰ੍ਹਾਂ 1857 ਦੇ ਗਦਰ ਵਿਚ ਅਨੇਕਾਂ ਹੀ ਦਲਿਤ ਕ੍ਰਾਂਤੀਕਾਰੀ ਹਨ ਜਿਵੇਂ- ਗੰਗੂ ਮੇਹਤਰ, ਬੱਲੂ ਮੇਹਤਰ, ਬਾਂਕੇ ਲਾਲ, ਚੇਤ ਰਾਮ ਜਾਟਵ, ਮੰਗਾਂ ਬਖਸ਼ ਪਾਸੀ, ਬੀਰਾ ਪਾਸੀ ਤੇ ਹੋਰ ਕਈ ਅਜਿਹੇ ਨਾਮ ਹਨ, ਜਿਹਨਾਂ ਨੇ ਇਸ ਗਦਰ ਲਹਿਰ ਵਿਚ ਕੁਰਬਾਨੀਆਂ ਦਿੱਤੀਆਂ ਹਨ। ਇਸ ਤੋਂ ਇਲਾਵਾ ਅਨੇਕਾਂ ਦਲਿਤ ਕ੍ਰਾਂਤੀਕਾਰੀ ਇਸਤਰੀਆਂ ਨੇ ਵੀ ਇਸ ਗਦਰ ਲਹਿਰ ਵਿਚ ਕੁਰਬਾਨੀਆਂ ਦਿੱਤੀਆਂ ਹਨ ਜਿਵੇਂ: ਮਹਾਂਵੀਰੀ ਦੇਵੀ ਭੰਗੀ ਤੇ ਉਸ ਨਾਲ 22 ਭੰਗੀ ਇਸਤਰੀਆਂ ਉਸ ਦੇ ਸੰਗ ਸਨ।

ਅੰਗਰੇਜ਼ਾਂ ਉਤੇ ਹਮਲਾ ਕਰਦੀਆਂ, ਸ਼ਹੀਦ ਹੋਈਆਂ ਸਨ। ਝਲਕਾਰੀ ਬਾਈ, ਮੁਫਤਸਾ ਬੇਗਮ, ਉਦਾਵਾਈ ਪਾਸੀ ਆਦਿ ਸਨ, ਦੀਆਂ ਕੁਰਬਾਨੀਆਂ ਨੂੰ ਇਤਿਹਾਸਕਾਰ ਖੋਜ ਕੇ ਇਤਿਹਾਸ ਦੇ ਪੰਨਿਆਂ ਤੇ ਲਿਆਉਣ ਦੀ ਜ਼ਰੂਰਤ ਹੈ।

ਇਸ ਦੇ ਨਾਲ ਹੀ 1857 ਦੇ ਗਦਰ ਤੋਂ ਪਹਿਲਾਂ ਅੰਗਰੇਜ਼ਾਂ ਨਾਲ ਗੁਰੀਲਾ ਯੁੱਧ ਲੜਦੇ ਹੋਏ ਕਈ ਯੋਧੇ ਫਾਂਸੀ ਤੇ ਚੜ੍ਹਾਏ ਗਏ ਜਾਂ ਅੰਗਰੇਜ਼ਾਂ ਦੇ ਅੱਤਿਆਚਾਰ ਦੇ ਸ਼ਿਕਾਰ ਹੋਏ। ਉਹਨਾਂ ਵਿਚ ਉਪਈਆ ਨਾਮ ਦੇ ਦਲਿਤ ਯੋਧੇ ਦਾ ਖਾਸ ਜ਼ਿਕਰ ਆਉਂਦਾ ਹੈ, ਜਿਸ ਨੇ ਛਤਰੀ ਕਿਲੇ ਵਿਚ ਬਰੂਦੀ ਸੁਰੰਗ ਵਿਛਾਅ ਕੇ ਕਈ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ।

ਇਹ ਬੜੇ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਇਨ੍ਹਾਂ ਮਹਾਨ ਗਦਰੀ ਲਹਿਰ ਦੇ ਦੇਸ਼ ਭਗਤ ਬਾਬਿਆਂ ਨੇ ਜੋ ਆਜ਼ਾਦ ਭਾਰਤ ਦਾ ਸੁਪਨਾ ਸੰਜੋਇਆ ਸੀ, ਉਹ ਆਜ਼ਾਦੀ ਪ੍ਰਾਪਤ ਕਰ ਲੈਣ ਬਾਅਦ ਵੀ ਅਧੂਰਾ ਹੈ, ਕਿਉਂਕਿ ਅੱਜ ਵੀ ਸਰਮਾਏਦਾਰ ਲੋਕ, ਭ੍ਰਿਸ਼ਟ ਰਾਜਨੀਤਿਕ ਲੋਕ ਤੇ ਪਾਖੰਡੀ, ਢੌਂਗੀ ਤੇ ਸਾਧ ਬਾਬੇ ਭੋਲੀ-ਭਾਲੀ ਜਨਤਾ ਨੂੰ ਸ਼ੋਸ਼ਿਤ ਕਰਕੇ ਲੁੱਟ-ਖਸੁੱਟ ਕਰ ਰਹੇ ਹਨ ਤੇ ਕਿਰਤੀ ਲੋਕਾਂ ਦੇ ਹੱਕਾਂ ਨੂੰ ਦਬਾਅ ਕੇ ਰੱਖਦੇ ਹਨ।

ਉਕਤ ਦੱਸੇ ਸਭ ਕੁਝ ਲਈ ਅਸੀਂ ਗਦਰ ਪਾਰਟੀ ਦੇ ਕ੍ਰਾਂਤੀਕਾਰੀ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਹਨਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ ਵਿਚ ਤਬਦੀਲ ਕਰ ਸਕੀਏ। ਅੰਤ ਵਿਚ ਮੈਂ ਭਾਰਤ ਦੀ ਗਦਰ ਲਹਿਰ ਦੇ ਮਹਾਨ ਕ੍ਰਾਂਤੀਕਾਰੀ ਬਾਬੇ ਸ੍ਰੀ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਜਨਮ ਦਿਨ ਤੇ ਲੱਖ-ਲੱਖ ਵਧਾਈ ਦਿੰਦਾ ਹਾਂ।

(ਉਕਤ ਸਭ ਹਵਾਲੇ ਤੇ ਵਿਆਖਿਆ ਧੰਨਵਾਦ ਸਹਿਤ ਅਦਾਰਾ ‘ਦੇਸ਼ ਦੁਆਬਾ’ ਤੋਂ ਪ੍ਰਾਪਤ ਕਰਕੇ ਤੇ ਉਕਤ ਸਾਰੀ ਚਰਚਾ ਇਹਨਾਂ ਪੁਸਤਕਾਂ (ਤੇ ਆਧਾਰਿਤ ਹੈ:- ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਾਰ 1985 ਸ੍ਰਰੀ ਸੀ। ਐਲ। ਚੁੰਬਰ ਦੁਆਰਾ ਪ੍ਰਕਾਸ਼ਤਿ, ਗਦਰ ਲਹਿਰ ਦੇ ਅਣਫੋਲੇ ਵਰਕੇ- ਬਾਬਾ ਭਗਤ ਸਿੰਘ ਬਿਲਗਾ, ਐਡੀਸ਼ਨ: 1989, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਗਦਰ ਪਾਰਟੀ ਦਾ ਇਤਿਹਾਸ- ਗੁਰਚਰਨ ਸਿੰਘ ਸੈਂਸਰਾ, ਤੀਜਾ ਐਡੀਸ਼ਨ: ਨਵੰਬਰ, 2006, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ, ’ਗਦਰ (- ਗਦਰ ਪਾਰਟੀ ਦਾ ਸਪਤਾਹਕ ਪਰਚਾ, ਭਾਗ ਪਹਿਲਾ (1913-14) ਪੁਨਰ ਪ੍ਰਕਾਸ਼ਨ- ਡਾ: ਵੇਦ ਪ੍ਰਕਾਸ਼ ‘ਵਟੁਕ’ ਪ੍ਰਕਾਸ਼ਨ, ਫੋਕਲੋਰ ਇੰਸਟੀਚਿਊਟ, ਪੀ. ਓ. ਵਾਕਸ 1142, ਬਰਕਲੇ, ਕੈਲੇਫੋਰਨੀਆ, ਗਦਰ ਦੀ ਗੂੰਜ-ਦੇਸ਼ ਭਗਤਾਂ ਦੀ ਬਾਣੀ, ਐਡੀਸ਼ਨ: 1993, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, ਰਵਿਦਾਸ ਪੱਤ੍ਰਕਾ (ਅਪ੍ਰੈਲ 1971), 615 ਐਲ. ਮਾਡਲ ਟਾਊਨ, ਜਲੰਧਰ ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ- ਵਿਸ਼ਵਾਮਿੱਤਰ ਉਪਾਧਿਆਇ, ਪ੍ਰਗਤੀਸ਼ੀਲ ਜਨ ਪ੍ਰਕਾਸ਼ਨ ਨਵੀਂ ਦਿੱਲੀ, ਪਹਿਲਾ ਸੰਸਕਣ: 1986, 1857 ਕੀ ਕ੍ਰਾਂਤੀ ਮੇਂ ਦਲਿਤੋਂ ਕਾ ਯੋਗਦਾਨ, ਸਤਨਾਮ ਸਿੰਘ ਸਮੱਕਅ ਪ੍ਰਕਾਸ਼ਨ, ਨਵੀਂ ’ਦੱਲੀ, ਪਹਿਲਾ ਸੰਸਕਰਨ: 2007, ਹਿੰਦੋਸਤਾਨ ਗਦਰ ਪਾਰਟੀ ਸੋਹਨ ਸਿੰਘ ਜੋਸ਼: ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਹਿੰਦੂ ਜਰਮਨ ਕਾਂਸਪੀਰੇਸੀ ਕੇਸ ਸ੍ਰੀ ਮੰਗੂ ਰਾਮ ਮੁੱਗੋਵਾਲੀਆ ਜੀ ਬਾਰੇ- ਸੀਤਾ ਰਾਮ ਮਾਧੋਪੁਰੀ, ਗਦਰ ਡਾਇਰੈਕਟਰੀ ਵਾਲੀਅਮ 4, 1913-15, ਲਹੌਰ 1916 ਐਡੀਸ਼ਨ: ਭਾਈ ਨਾਹਰ ਸਿੰਘ ਤੇ ਭਾਈ ਕਿਰਪਾਲ ਸਿੰਘ ਐਡੀਸ਼ਨ: 1996 ਤੇ ’ਗਦਰ ਡਾਇਰੈਕਟਰੀ’ ਡਾਇਰੈਕਟ ਇੰਟੈਲੀਜੈਂਸ ਬਿਊਰੋ, ਹੋਮ ਡੀਪਾਰਟਮੈਂਟ, ਭਾਰਤ ਸਰਕਾਰ- 1934)। ਬਾਬੂ ਮੰਗੂਰਾਮ ਮੁੱਗੋਵਾਲੀਆ ਸੋਵੀਨਾਰ 1985 ਸ੍ਰੀ ਸੀ. ਐਲ ਚੁੰਬਰ ਦੁਆਰਾ ਪ੍ਰਕਾਸ਼ਿਤ।

## ਜਨਮ ਵਰ੍ਹੇਗੰਢ 'ਤੇ ਵਿਸ਼ੇਸ਼

# ਨਿਧੜਕ ਯੋਧਾ-ਬਾਬੂ ਮੰਗੂ ਰਾਮ ਮੁੱਗੋਵਾਲੀਆ



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.

1970 ਦੇ ਸਤੰਬਰ ਮਹੀਨੇ ਕਾਲਜਾਂ ਵਿਚ ਪੱਤਝੜ ਦੀਆਂ ਛੁੱਟੀਆਂ ਹੋਈਆਂ ਤਾਂ ਮੈਂ ਉਸ ਸਮੇਂ ਡੀ.ਏ.ਵੀ. ਕਾਲਜ, ਜਲੰਧਰ ਵਿਖੇ ਬੀ.ਏ. ਫਾਈਨਲ ਦਾ ਵਿਦਿਆਰਥੀ ਸੀ। ਇਨ੍ਹਾਂ ਛੁੱਟੀਆਂ ਵਿਚ ਹੀ ਮਾਡਲ ਟਾਊਨ, ਜਲੰਧਰ ਤੋਂ ਛੱਪਦੇ ਹਫ਼ਤਾਵਾਰੀ 'ਰਵਿਦਾਸ ਪੱਤ੍ਰਿਕਾ' ਦੇ ਦਫ਼ਤਰ ਵਿਚ ਆਦਿ ਧਰਮ ਮੰਡਲ ਪੰਜਾਬ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਨਾਲ ਮੇਰਾ ਅਚਨਚੇਤੀ ਮਿਲਾਪ ਹੋਇਆ। ਨਿੱਕੇ ਹੁੰਦਿਆਂ ਜਦੋਂ ਕਦੀ ਇਨਕਲਾਬੀ ਰਹਿਨੁਮਾ ਅਤੇ ਮਹਾਨ ਡਾ. ਅੰਬੇਡਕਰ ਜੀ ਦੇ ਅਣਥੱਕ ਸੰਘਰਸ਼ ਦਾ ਜ਼ਿਕਰ ਚੱਲਦਾ ਤਾਂ ਬਜ਼ੁਰਗਾਂ ਦੇ ਮੂੰਹੋਂ ਇਹ ਵੀ ਸੁਣਦਾ, 'ਬੱਲੇ, ਮੰਗੂ ਰਾਮ ਕਿੱਤੇ ਘਰ-ਘਰ ਜੰਮਣਾਂ... ਉਹਦੀਆਂ ਕੀ ਰੀਸਾਂ।' ਬਚਪਨ ਵਿਚ ਹੀ ਮੇਰੇ ਮਨ ਦੇ ਚਿੱਤਰ-ਪੱਟ 'ਤੇ ਡਾ. ਅੰਬੇਡਕਰ ਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਵਲੋਂ ਕ੍ਰਮਵਾਰ ਭਾਰਤ ਅਤੇ ਪੰਜਾਬ ਦੇ ਦਲਿਤ ਵਰਗ ਲਈ ਕੀਤੇ ਸੰਘਰਸ਼ ਦੀਆਂ ਕਈ ਕਲਪਨਿਕ ਤਸਵੀਰਾਂ ਉਲੀਕੀਆਂ ਜਾਂਦੀਆਂ ਹਨ। ਦਿਲ ਵਿਚ ਸਧਰ ਜਾਗਦੀ, ਕਾਸ਼! ਇਹ ਮਹਾਨ ਵਿਅਕਤੀ ਸਾਡੇ ਜੀਵਨ ਵਿਚ ਹੁੰਦੇ।

ਇਸੇ ਸਾਲ 17 ਫ਼ਰਵਰੀ, 1970 ਨੂੰ ਯੂ.ਕੇ. ਨਿਵਾਸੀਆਂ ਦੇ ਸਹਿਯੋਗ ਨਾਲ ਬਾਬੂ ਮੰਗੂ ਰਾਮ ਜਸਪਾਲ ਵਲੋਂ 'ਰਵਿਦਾਸ ਪੱਤ੍ਰਿਕਾ' ਜਾਰੀ ਹੋਈ ਤਾਂ ਹੈਰਾਨੀ ਭਰੀ ਅਸਲੀਅਤ ਤੋਂ ਪਰਦਾ ਉੱਠਿਆ ਕਿ ਮੰਗੂ ਰਾਮ ਜਿਸ ਨੂੰ ਪਿਆਰ ਨਾਲ ਲੋਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਕਹਿੰਦੇ ਸਨ, ਹਾਲੇ ਜਿਉਂਦੇ ਹਨ। ਗੱਲ ਮੰਨਣ ਵਿਚ ਨਾ ਆਵੇ, ਘਰ ਵਿਚ ਜ਼ਿਕਰ ਚੱਲਿਆ ਤਾਂ ਇਸ ਗੱਲ ਨੂੰ ਕੋਈ ਮੰਨੇ ਹੀ ਨਾ। ਖ਼ੈਰ, ਕੁਝ ਅਰਸੇ ਬਾਦ ਇਹ ਹੈਰਾਨੀ ਹਕੀਕਤ ਵਿਚ ਬਦਲ ਗਈ ਜਦੋਂ ਪੱਤਝੜ ਦੀਆਂ ਛੁੱਟੀਆਂ ਵਿਚ ਇਕ ਮਧਰੇ ਕੱਦ ਦਾ ਗੋਰਾ-ਚਿੱਟਾ, ਵਧੇਰੇ ਉਮਰ ਪਰ ਚੰਗੀ ਸਿਹਤ ਵਾਲਾ, ਸਿਰ ਉੱਪਰ ਉਨ ਵਾਲੀ ਕਸ਼ਮੀਰੀ ਟੋਪੀ ਅਤੇ ਬੰਦ ਗਲੇ ਵਾਲਾ ਕੋਟ ਪਾਈ ਆਕਰਸ਼ਕ ਵਿਅਕਤੀਤਵ ਦਾ ਮਾਲਕ ਬਾਬੂ ਮੰਗੂ ਰਾਮ ਮੁੱਗੋਵਾਲੀਆ 'ਰਵਿਦਾਸ ਪੱਤ੍ਰਿਕਾ' ਦੇ ਦਫ਼ਤਰ ਵਿਚ ਸੱਚਮੁਚ ਹੀ ਮੇਰੇ ਸਾਹਮਣੇ ਵਾਲੀ ਕੁਰਸੀ ਉੱਪਰ ਬਿਰਾਜਮਾਨ ਸੀ। ਪਰ ਮੈਨੂੰ ਯਕੀਨ ਫਿਰ ਵੀ ਨਹੀਂ ਸੀ ਆ ਰਿਹਾ, ਕੀ ਇਹ ਉਹੋ ਮੰਗੂ ਰਾਮ ਹੈ ਜੋ ਮੇਰੇ ਬਚਪਨ ਦੀਆਂ ਯਾਦਾਂ ਦਾ ਬੇਤਾਜ ਬਾਦਸ਼ਾਹ ਸੀ?

ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਮਿਲ ਕੇ, ਉਸ ਦਾ ਦੀਦਾਰ ਕਰਕੇ ਐਨਾ ਚਾਅ, ਉਮਾਹ ਤੇ ਉਤਸ਼ਾਹ ਸੀ ਕਿ ਕਲਮ ਬਿਆਨ ਕਰਨ ਤੋਂ ਅਸਮਰੱਥ ਹੈ। ਕਈ ਵਾਰੀ ਇਹ ਪਹਿਲੀ ਮਿਲਣੀ ਇਕ ਕਲਪਨਾ ਜਾਪਦੀ, ਅੱਖਾਂ ਸਾਹਮਣੇ ਚੱਲ ਰਹੀ ਇਕ ਫਿਲਮ ਦੀ ਰੀਲ ਲੱਗਦੀ, ਪਰ ਨਹੀਂ... ਸੱਚਮੁੱਚ ਹੀ ਬਾਬੂ ਜੀ ਮੇਰੇ ਸਾਹਮਣੇ ਸਨ ਅਤੇ ਬੜੀ ਧੀਮੀ ਆਵਾਜ਼ ਵਿਚ ਮੇਰੇ ਸੁਆਲਾਂ ਦੇ ਜੁਆਬ ਦੇ ਰਹੇ ਸਨ। ਲਗਭਗ 85 ਸਾਲ ਦੀ ਉਮਰ ਵਿਚ ਵੀ ਉਨ੍ਹਾਂ ਦੀਆਂ ਅੱਖਾਂ ਦਲਿਤ ਲੋਕਾਂ ਦੇ ਰੋਸ਼ਨ ਭਵਿੱਖ ਲਈ ਆਸ਼ਾਵਾਂ ਨਾਲ ਚਮਕ ਰਹੀਆਂ ਸਨ।

ਇਸ ਤੋਂ ਬਾਦ ਬਾਬੂ ਜੀ ਨੂੰ ਕਈ ਵਾਰ ਮਿਲਣ, ਉਨ੍ਹਾਂ ਨਾਲ ਵਿਚਾਰ-ਚਰਚਾ ਕਰਨ ਅਤੇ ਪੰਜਾਬ ਵਿਚ ਆਦਿ ਧਰਮ ਨੂੰ ਪੁਨਰ ਸੁਰਜੀਤ ਕਰਨ ਲਈ ਆਯੋਜਿਤ ਕਾਨਫ਼ਰੰਸਾਂ ਵਿਚ ਸ਼ਾਮਲ ਹੋਣ ਦਾ ਅਵਸਰ ਮਿਲਿਆ। ਉਨ੍ਹਾਂ ਦੀ ਜੀਵਨ ਕਹਾਣੀ ਅਤੇ ਆਰੰਭਿਆ ਘੋਲ ਅੱਜ ਵੀ ਮੈਨੂੰ ਜ਼ਿੰਦਗੀ ਵਿਚ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ। 1925 ਵਿਚ ਅਮਰੀਕਾ ਤੋਂ ਵਾਪਿਸ ਆ ਕੇ ਉਨ੍ਹਾਂ ਨੇ ਪੰਜਾਬ ਦੇ ਦਲਿਤ ਵਰਗ ਨੂੰ ਆਦਿ ਧਰਮ ਮੰਡਲ ਦੇ ਝੰਡੇ ਹੇਠ ਸੰਗਠਿਤ ਕਰਨ ਦਾ ਅਤਿ-ਕਠਿਨ ਕੰਮ ਸ਼ੁਰੂ ਕੀਤਾ।

ਬਾਬੂ ਜੀ ਨੇ ਅਣਥੱਕ ਯਤਨਾਂ ਨਾਲ ਆਪਣੇ ਬਹੁਤ ਸਾਰੇ ਸੁਚੱਜੇ, ਸੂਝਵਾਨ ਅਤੇ ਦੂਰ-ਅੰਦੇਸ਼ ਸਾਥੀਆਂ ਨਾਲ ਮਿਲ ਕੇ ਪੰਜਾਬ ਦੇ ਦਲਿਤਾਂ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕ ਅਜਿਹੀ ਚਿਣਗ ਬਾਲੀ ਜੋ ਛੇਤੀ ਹੀ ਅੱਗ ਦਾ ਭਾਂਬੜ ਬਣ ਗਈ। ਆਦਿ ਧਰਮ ਮੰਡਲ ਦੇ ਆਗੂ ਜਿੱਥੇ ਪੰਜਾਬ ਵਿਚ ਦਲਿਤ ਵਰਗ ਦੀ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਅਵਸਥਾ ਬਦਲਣ ਲਈ ਸੰਘਰਸ਼ਸ਼ੀਲ ਸਨ, ਉੱਥੇ ਉਹ ਦਲਿਤਾਂ ਦੇ ਮਸੀਹਾ ਮਹਾਨ ਡਾ. ਅੰਬੇਡਕਰ ਜੀ ਦੇ ਸੰਘਰਸ਼ ਭਰੇ ਘੋਲ ਵਿਚ ਵੀ ਪੂਰਾ ਸਹਿਯੋਗ ਦੇ ਰਹੇ ਸਨ। ਆਦਿ ਧਰਮ ਮੰਡਲ ਦੀ ਅਗਰਗਾਮੀ ਵਿਚਾਰਧਾਰਾ ਜਾਣਨ ਲਈ ਇਸ ਸੰਸਥਾ ਵਲੋਂ 1926 ਦੀ ਮੁੱਗੋਵਾਲ ਕਾਨਫ਼ਰੰਸ ਵਲੋਂ ਪਾਸ ਕੀਤੇ ਕੁਝ ਮਤੇ ਅਤੇ 1931 ਵਿਚ ਜਾਰੀ ਕੀਤੀ ਗਈ ਪਹਿਲੀ ਰਿਪੋਰਟ ਦੀਆਂ ਹੇਠ ਲਿਖੀਆਂ ਕੁਝ ਮੱਦਾਂ ਅਤੇ ਹਦਾਇਤਾਂ ਜ਼ਿਕਰਯੋਗ ਹਨ:

1. ਆਦਿ ਧਰਮ ਦਾ ਸ਼ੁਭ ਕਾਮਨਾ ਸੰਦੇਸ਼ 'ਜੈ ਗੁਰੂਦੇਵ' ਹੈ, ਵਿਸ਼ਵਾਸ 'ਆਦਿ ਪ੍ਰਕਾਸ਼' ਦੀਆਂ ਸਿੱਖਿਆਵਾਂ ਅਨੁਸਾਰ ਅਤੇ ਪਵਿੱਤਰ ਸ਼ਬਦ 'ਸੋਹੰ' ਹੈ।

2. ਜਿਹੜੇ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦਿਖਾਉਂਦੇ ਹਨ, ਉਨ੍ਹਾਂ ਦਾ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ।

3. ਅਛੂਤ ਜਿਨ੍ਹਾਂ ਘਰਾਂ ਵਿਚ ਰਹਿੰਦੇ ਹਨ, ਉਨ੍ਹਾਂ ਦੀ ਮਾਲਕੀ ਦੇ ਯੋਗ ਬਣਾਇਆ ਜਾਵੇ। ਰਈਅਤਨਾਮਾ ਅਤੇ ਇਹੋ ਜਿਹੀਆਂ ਹੋਰ ਸ਼ਰਤਾਂ ਖਤਮ ਕੀਤੀਆਂ ਜਾਣ।

4. ਇਹ ਜਨ ਸਭਾ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਜਿਨ੍ਹਾਂ ਸ਼ਾਸਤਰਾਂ ਅਰਥਾਤ ਮਨੂੰ ਸਮ੍ਰਿਤੀਆਂ ਆਦਿ ਵਿਚ ਅਛੂਤਾਂ ਨੂੰ ਦਾਸ ਬਣਾ ਕੇ ਰੱਖਣ ਦਾ ਜ਼ਿਕਰ ਕੀਤਾ ਗਿਆ ਅਤੇ ਜਿਨ੍ਹਾਂ ਰਾਹੀਂ ਅਛੂਤਾਂ ਨੂੰ ਉੱਨਤ ਹੋਣ ਤੋਂ ਰੋਕਿਆ ਗਿਆ ਹੈ, ਉਨ੍ਹਾਂ ਉੱਪਰ ਕਾਨੂੰਨੀ ਪ੍ਰਤੀਬੰਧ ਲਾਇਆ ਜਾਵੇ।

5. ਇਹ ਜਨ-ਸਭਾ ਸਰਬਸੰਮਤੀ ਨਾਲ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਅਛੂਤਾਂ ਦੀ ਹਿੰਦੂ ਧਰਮ ਜਾਂ ਹਿੰਦੂ ਆਬਾਦੀ ਵਿਚ ਗਿਣਤੀ ਨਾ ਕੀਤੀ ਜਾਵੇ, ਸਗੋਂ ਉਨ੍ਹਾਂ ਨੂੰ ਆਦਿ ਧਰਮ ਮਜ਼ਹਬ ਵਿਚ ਗਿਣਿਆ ਜਾਵੇ। ਅਸੀਂ ਨਾ ਹਿੰਦੂ ਹਾਂ ਅਤੇ ਨਾ ਹੀ ਹਿੰਦੂ ਸਾਡੇ ਵਿਚੋਂ ਹਨ।

6. ਮੂਰਤੀ ਪੂਜਾ ਦਾ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ-ਭਰਮਾਂ ਅਤੇ ਭੂਤਾਂ-ਪ੍ਰੇਤਾਂ ਦੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

7. ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

8. ਲੜਕੇ ਅਤੇ ਲੜਕੀ ਦੇ ਜਨਮ 'ਤੇ ਇਕੋ ਜਿਹੀ ਅਪਾਰ ਖ਼ੁਸ਼ੀ ਮਨਾਉਣੀ ਚਾਹੀਦੀ ਹੈ।

9. ਲੜਕੀਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ, ਖਾਸ ਕਰਕੇ ਘਰੇਲੂ ਕੰਮਾਂ ਅਤੇ ਸਿਲਾਈ ਕਢਾਈ ਦੀ।

10. ਮਰੇ ਪਸ਼ੂ ਜਾਂ ਪੰਛੀ ਦਾ ਮੀਟ ਖਾਣਾ ਆਦਿ ਧਰਮ ਦੇ ਨਿਯਮਾਂ ਦੇ ਵਿਰੁੱਧ ਹੈ।

11. ਸ਼ਰਾਬ ਜਾਂ ਕੋਈ ਹੋਰ ਨਸ਼ਾ ਬੀਮਾਰੀ ਦੀ ਹਾਲਤ ਤੋਂ ਬਿਨਾਂ ਵਰਤਣਾ ਇਕ ਪਾਪ ਹੈ।

12. ਬਾਲ ਵਿਆਹ ਅਤੇ ਖਰਚੀਲੇ ਵਿਆਹਾਂ ਦੀ ਪੂਰਨ ਮਨਾਹੀ ਕਰਵਾਉਣਾ।

13. ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ-ਪਿਆਰ ਵਿਚ ਵਾਧਾ ਕਰਨ।

ਉਪਰੋਕਤ ਪ੍ਰਸਤਾਵਾਂ ਨੂੰ ਵਾਚ ਕੇ ਇਹ ਪਤਾ ਲੱਗਦਾ ਹੈ ਕਿ ਜੋ ਬੁਰਾਈਆਂ ਅੱਜ ਵੀ ਸਾਡੇ ਸਮਾਜ ਵਿਚ ਪ੍ਰਚਲਿਤ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਅੱਜ ਤੋਂ ਲਗਭਗ 85 ਸਾਲ ਪਹਿਲਾਂ ਸੋਚਣਾ ਕਿੰਨੀ ਦੂਰ-ਅੰਦੇਸ਼ੀ ਅਤੇ ਸਮਾਜਿਕ ਉੱਥਾਨ ਵਾਲੀ ਗੱਲ ਸੀ। ਮਹਾਨ ਡਾ. ਅੰਬੇਡਕਰ ਦੀ ਰਹਿਨੁਮਾਈ ਹੇਠ ਆਦਿ ਧਰਮ ਮੰਡਲ, ਪੰਜਾਬ ਨੇ ਭਾਰਤ ਦੀ ਅੰਗ੍ਰੇਜ਼ੀ ਹਕੂਮਤ ਨੂੰ ਇਸ ਵਿਚਾਰਧਾਰਾ ਨਾਲ ਸਹਿਮਤ ਕੀਤਾ ਕਿ ਅਸੀਂ ਸਦੀਆਂ ਤੋਂ ਮਿੱਧੇ-ਕੁੱਚਲੇ ਕਰੋੜਾਂ ਦਲਿਤ ਹਿੰਦੂ ਨਹੀਂ, ਬਾਹਰੋਂ ਆਏ ਆਰੀਅਨ ਨਹੀਂ, ਸਗੋਂ ਭਾਰਤ ਦੇ ਮੂਲਨਿਵਾਸੀ ਹਾਂ ਅਤੇ ਆਦਿ ਧਰਮ ਸਾਡਾ ਮਜ਼ਹਬ ਹੈ। 1931 ਈ. ਵਿਚ ਬਾਬੂ ਜੀ ਅਤੇ ਦੂਸਰੇ ਆਗੂਆਂ ਦੀ ਜਦੋ-ਜਹਿਦ ਨਾਲ ਹੀ ਪੰਜਾਬ ਵਿਚ ਆਦਿ ਧਰਮ ਨੂੰ ਇਕ ਵੱਖਰੇ ਧਰਮ ਵਜੋਂ ਮਾਨਤਾ ਮਿਲੀ। ਆਦਿ ਧਰਮ ਮੰਡਲ ਦੀ ਇਹ ਪ੍ਰਾਪਤੀ ਕੋਈ ਮਾਮੂਲੀ ਪਰਾਪਤੀ ਨਹੀਂ ਸੀ। 1932 ਈ. ਵਿਚ ਰੈਮਜ਼ੇ ਮੈਕਡੌਨਲ ਐਵਾਰਡ ਜਾਰੀ ਹੋਣ, ਸ਼੍ਰੀ ਗਾਂਧੀ ਵਲੋਂ ਦਲਿਤਾਂ ਨੂੰ ਰਾਜਨੀਤਿਕ ਰਿਜ਼ਰਵੇਸ਼ਨ ਦੇਣ ਦੇ ਵਿਰੋਧ ਵਿਚ ਰੱਖੇ ਮਰਨ ਵਰਤ ਉਪਰੰਤ ਡਾ. ਅੰਬੇਡਕਰ ਅਤੇ ਸ਼੍ਰੀ ਗਾਂਧੀ ਵਿਚਕਾਰ ਹੋਏ ਪੂਨਾ ਪੈਕਟ ਤਹਿਤ 1937 ਵਿਚ ਭਾਰਤ ਵਿਚ ਹੋਈਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਪੰਜਾਬ ਪ੍ਰਾਂਤ ਵਿਚ ਦਲਿਤਾਂ ਲਈ 8 ਸੀਟਾਂ ਰਿਜ਼ਰਵ ਕੀਤੀਆਂ ਗਈਆਂ। ਇਨ੍ਹਾਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਯੂਨੀਅਨਿਸਟ ਪਾਰਟੀ ਦੇ ਸਹਿਯੋਗ ਨਾਲ ਆਦਿ ਧਰਮ ਮੰਡਲ ਦੇ ਨੁਮਾਇੰਦੇ ਪੰਜਾਬ ਵਿਧਾਨ ਸਭਾ ਲਾਹੌਰ ਲਈ ਚੁਣੇ ਗਏ। ਬਾਬਾ ਸਾਹਿਬ ਦੇ ਸਹਿਯੋਗ ਸਦਕਾ ਆਦਿ ਧਰਮ ਮੰਡਲ ਦੇ ਬਾਨੀ ਦੀ ਇਹ ਇਕ ਮਹਾਨ ਜਿੱਤ ਸੀ।



ਬਾਬੂ ਮੰਗੂ ਰਾਮ ਮੁੱਗੋਵਾਲੀਆ ਨਾਲ ਲੇਖਕ ਦੀ 1975 ਦੀ ਇਕ ਤਸਵੀਰ

ਬਾਬੂ ਜੀ ਨੇ ਜਲੰਧਰ ਨੂੰ ਆਦਿ ਧਰਮ ਮੰਡਲ ਦੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਅਤੇ ਇਥੇ ਹੀ ਬੜੀਆਂ ਬੋਝਲ ਆਰਥਿਕ ਕਠਿਨਾਈਆਂ ਦੇ ਬਾਵਜੂਦ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਪੰਜਾਬ ਆਦਿ ਧਰਮ ਮੰਡਲ ਦੇ ਨਾਂ ਅਧੀਨ ਜਗ੍ਹਾ ਖਰੀਦ ਕੇ ਸੰਸਥਾ ਦਾ ਕੇਂਦਰੀ ਦਫ਼ਤਰ ਕਾਇਮ ਕੀਤਾ। ਪਰ ਕੁਝ ਚਲਾਕ ਤੇ ਸਵਾਰਥੀ ਸਿਆਸਤਦਾਨਾਂ ਨੇ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਹਾਸਲ ਕਰਕੇ, ਨਿੱਜੀ ਚੌਧਰ ਲਈ, ਪੰਜਾਬ ਭਰ ਵਿਚ ਇਸ ਸੰਸਥਾ ਅਧੀਨ ਸੰਗਠਿਤ ਹੋ ਰਹੇ ਦਲਿਤ ਲੋਕਾਂ ਨਾਲ ਗੱਦਾਰੀ ਕੀਤੀ, ਸੰਸਥਾ ਦੀ ਪਿੱਠ ਵਿਚ ਛੁੱਰਾ ਮਾਰਿਆ, ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਗੁਮਨਾਮੀ ਵਾਲਾ ਜੀਵਨ ਜਿਊਣ ਲਈ ਮਜਬੂਰ ਕੀਤਾ ਅਤੇ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਆਦਿ ਧਰਮ ਮੰਡਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਦੂਰ ਰੱਖਣ ਲਈ ਇਹ ਪ੍ਰਚਾਰ ਵੀ ਕਰਵਾਇਆ ਕਿ ਬਾਬੂ ਮੰਗੂ ਰਾਮ ਮੁੱਗੋਵਾਲੀਆਂ ਤਾਂ ਚੜ੍ਹਾਈ ਕਰ ਗਿਆ ਹੈ। ਸਿੱਟੇ ਵਜੋਂ ਹੌਲੀ-ਹੌਲੀ ਲੋਕ ਇਸ ਮਹਾਨ ਯੋਧੇ ਦੀਆਂ ਕੁਰਬਾਨੀਆਂ ਨੂੰ ਭੁੱਲ ਗਏ। ਪਰ 1970 ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ' ਜਾਰੀ ਹੋਇਆ ਤਾਂ ਬਾਬੂ ਜੀ ਇਕ ਵਾਰੀ ਫਿਰ ਮੌਤ ਵਰਗੀ ਗੁਮਨਾਮੀ 'ਚੋਂ ਬਾਹਰ ਆਏ। 'ਰਵਿਦਾਸ ਪੱਤ੍ਰਿਕਾ' ਦੇ ਐਡੀਟਰ ਹੋਣ ਵਜੋਂ ਮੈਨੂੰ ਉਨ੍ਹਾਂ ਨਾਲ ਅਕਸਰ ਵਿਚਾਰ-ਚਰਚਾ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਚੌ. ਹਜ਼ਾਰਾ ਰਾਮ ਪਿੱਪਲਾਂ ਵਾਲਾ (ਸਾਬਕਾ ਜਨਰਲ ਸਕੱਤਰ, ਆਦਿ ਧਰਮ ਮੰਡਲ) ਆਮ ਤੌਰ ਤੇ ਮਹੀਨੇ-ਦੋ ਮਹੀਨੇ ਦੌਰਾਨ ਇਕ ਦੋ ਹਫ਼ਤੇ ਪੱਤ੍ਰਿਕਾ ਦੇ ਦਫ਼ਤਰ, ਮਾਡਲ ਟਾਊਨ ਵਿਖੇ ਹੀ ਠਹਿਰਦੇ ਸਨ। ਅੱਜ ਜਦੋਂ ਮੈਂ ਉਨ੍ਹਾਂ ਨਾਲ ਮਿਲਾਪ ਦੀਆਂ ਯਾਦਾਂ ਨੂੰ ਫਰੋਲਦਾ ਹਾਂ ਤਾਂ ਦੇਖਦਾ ਹਾਂ ਕਿ ਆਖ਼ਰੀ ਸਮੇਂ ਤੱਕ ਵੀ ਦਲਿਤਾਂ ਨੂੰ ਸੰਗਠਿਤ ਕਰਨ ਲਈ ਉਨ੍ਹਾਂ ਦੇ ਮਨ ਵਿਚ ਕਿੰਨਾਂ ਜਜ਼ਬਾ ਸੀ, ਕਿੰਨੀ ਤੜਪ ਸੀ, ਕਿੰਨੀ ਤੀਬਰ ਇੱਛਾ ਸੀ ਕਿ ਅਸੀਂ ਸਾਰੇ ਇਕ ਝੰਡੇ ਥੱਲੇ ਇਕੱਠੇ ਹੋ ਜਾਈਏ।

ਮੈਨੂੰ ਯਾਦ ਹੈ ਕਿ 14 ਅਪ੍ਰੈਲ, 1974 ਨੂੰ ਬਾਬੂ ਮੰਗੂ ਰਾਮ ਜਸਪਾਲ, ਚੀਫ਼ ਐਡੀਟਰ, ਰਵਿਦਾਸ ਪੱਤ੍ਰਿਕਾ ਨਾਲ ਜਦੋਂ ਬਾਬੂ ਜੀ ਦੀ ਸਿਹਤਯਾਬੀ ਦਾ ਪਤਾ ਕਰਨ ਲਈ ਅਸੀਂ ਗੜ੍ਹਸ਼ੰਕਰ ਉਨ੍ਹਾਂ ਦੇ ਨਿਵਾਸ-ਸਥਾਨ ਤੇ ਗਏ ਤਾਂ ਆਪਣੀ ਬੀਮਾਰੀ ਬਾਰੇ ਦੋ-ਚਾਰ ਮਿੰਟ ਗੱਲ ਕਰਨ ਉਪਰੰਤ ਉਹ ਸਾਡੇ ਨਾਲ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਵਿਚਾਰ-ਵਟਾਂਦਰਾ ਕਰਦੇ ਰਹੇ। ਫਿਰ 23 ਅਪ੍ਰੈਲ, 1974 ਨੂੰ 'ਰਵਿਦਾਸ ਪੱਤ੍ਰਿਕਾ' ਵਿਚ ਉਨ੍ਹਾਂ ਦਾ ਇਕ ਬਿਆਨ 'ਅਪੀਲ ਅਤੇ ਐਲਾਨ' ਸਿਰਲੇਖ ਹੇਠ ਛੱਪਿਆ ਜਿਸ ਵਿਚ ਉਨ੍ਹਾਂ ਨੇ ਇਕ ਐਡਹਾਕ ਕਮੇਟੀ ਬਣਾ ਕੇ ਸੰਸਥਾ ਨੂੰ ਨਵੇਂ ਸਿਰਿਉਂ ਜਥੇਬੰਦ ਕਰਨ ਲਈ ਸਮੁੱਚੇ ਆਦਿ ਧਰਮੀਆਂ ਨੂੰ ਅਪੀਲ ਕੀਤੀ। ਬਾਬੂ ਜੀ ਦੇ ਇਸ ਐਲਾਨ ਦੀਆਂ ਕੁਝ ਆਖ਼ਰੀ ਸਤਰਾਂ ਇਥੇ ਪੇਸ਼ ਹਨ :

"ਮੈਂ ਕੌਮ ਦਾ ਸੇਵਾਦਾਰ ਹੁੰਦਾ ਹੋਇਆ, ਹੇਠ ਲਿਖੇ ਸੱਜਣਾਂ ਦੀ ਐਡਹਾਕ ਕਮੇਟੀ ਦਾ ਐਲਾਨ ਕਰਦਾ ਹੋਇਆ ਆਦਿ ਧਰਮੀ ਕੌਮ ਅੱਗੇ ਬੇਨਤੀ ਕਰਦਾ ਹਾਂ ਕਿ ਅਗੋਂ ਤੋਂ ਇਨ੍ਹਾਂ ਸਾਥੀਆਂ ਨੂੰ ਪੂਰਾ-ਪੂਰਾ ਸਹਿਯੋਗ ਦੇ ਕੇ ਇਨ੍ਹਾਂ ਨਿਮਾਣੇ ਸੇਵਕਾਂ ਦਾ ਹੌਸਲਾ ਵਧਾਉਣ, ਮੇਰੀਆਂ ਸ਼ੁਭ ਇਛਾਵਾਂ ਤੇ ਅਸੀਸ ਇਨ੍ਹਾਂ ਦੇ ਤੇ ਕੌਮ ਦੇ ਸਮਰਪਣ ਹਨ। ਇਸ ਐਡਹਾਕ ਕਮੇਟੀ ਨੂੰ ਪੂਰਨ ਹੱਕ ਹਨ ਜੋ ਕਿ ਆਪਣੇ ਅਧਿਕਾਰਾਂ ਦੀ ਪੂਰੀ-ਪੂਰੀ ਵਰਤੋਂ ਕਰੇਗੀ ਤੇ ਅਗੋਂ ਤੋਂ ਮੈਂਬਰਸ਼ਿਪ ਕਰਕੇ ਨਵੀਆਂ ਚੋਣਾਂ ਕਰਾ ਸਕੇ। ਅੱਜ ਤੋਂ ਪਹਿਲਾਂ ਜੋ ਬੋਰਡ ਦਸੰਬਰ, 1970 ਵਿਚ ਬਣਾਇਆ ਗਿਆ ਸੀ, ਉਸਦੀ ਥਾਂ ਇਹ ਐਡਹਾਕ ਕਮੇਟੀ ਕੰਮ ਕਰੇਗੀ : 1. ਮੰਗੂ ਰਾਮ ਜਸਪਾਲ 2. ਚਾਨਣ ਲਾਲ ਮਾਣਕ 3. ਠਾਕਰ ਦਾਸ 4. ਗਿਆਨ ਚੰਦਰ ਕੌਲ 5. ਸਵਰਨ ਚੰਦ 6. ਸ਼ਾਮ ਚੰਦ ਪਾਲ 7. ਹਰਬੰਸ ਸਿੰਘ 8. ਗੁਰਮੀਤ ਚੰਦ ਸੁੰਮਣ 9. ਸ਼ੰਕਰ ਲਾਲ ਧਰਭੰਗਾ, ਚੁਣੇ ਗਏ ਹਨ। ਇਨ੍ਹਾਂ ਤੋਂ ਇਲਾਵਾ 5 ਮੈਂਬਰ ਹੋਰ ਸਥਾਪਤ ਕੀਤੇ ਜਾਣਗੇ, ਫਿਲਹਾਲ ਇਹ ਕਮੇਟੀ ਕੰਮ ਚਾਲੂ ਕਰੇਗੀ।"

ਬਾਬੂ ਜੀ ਨੇ ਇਸ ਐਡਹਾਕ ਕਮੇਟੀ ਵਿਚ ਪੰਜਾਬ ਤੋਂ ਤਿੰਨ ਅਤੇ ਯੂ.ਕੇ. ਤੋਂ ਪੰਜ ਮੈਂਬਰਾਂ ਨੂੰ ਸ਼ਾਮਲ ਕੀਤਾ। ਇਸ ਐਡਹਾਕ ਕਮੇਟੀ ਦੀ ਕਾਰਗੁਜ਼ਾਰੀ ਅਤੇ ਅਸਫਲਤਾ ਇਕ ਵੱਖਰਾ ਵਿਸ਼ਾ ਹੈ। ਕਮੇਟੀ ਵਲੋਂ ਆਦਿ ਧਰਮੀਆਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ ਹਰ ਸਮਾਗਮ ਵਿਚ ਬਾਬੂ ਜੀ ਖੁਦ ਸ਼ਾਮਲ ਹੋਏ ਅਤੇ ਸਾਥੀਆਂ ਨੂੰ ਭਰਪੂਰ ਹੌਸਲਾ ਦਿੰਦੇ ਰਹੇ।

1975 ਵਿਚ ਹੀ ਕੁਝ ਘੜੰਮ ਚੌਧਰੀ ਸਿਆਸਤਦਾਨਾਂ ਵਲੋਂ ਆਦਿ ਧਰਮ ਮੰਡਲ ਦੀ 50ਵੀਂ ਵਰ੍ਹੇ-ਗੰਢ ਉੱਪਰ ਪ੍ਰਕਾਸ਼ਿਤ ਕੀਤੇ ਇਕ ਸੋਵੀਨਰ ਲਈ ਵੱਡੇ-ਵੱਡੇ ਆਗੂਆਂ ਵਲੋਂ ਮੰਗਵਾਏ ਗਏ ਸੰਦੇਸ਼ਾਂ ਰਾਹੀਂ ਲਿਖ ਕੇ) ਬਾਬੂ ਜੀ ਨੂੰ ਇਕ ਵਾਰੀ ਫਿਰ 'ਚੜ੍ਹਾਈ ਕਰ ਗਿਆ' ਘੋਸ਼ਿਤ ਕੀਤਾ ਗਿਆ, ਹਾਲਾਂਕਿ ਜਿਸ ਸਮਾਗਮ 'ਤੇ ਇਹ ਸੋਵੀਨਰ ਰਿਲੀਜ਼ ਕੀਤਾ ਗਿਆ, ਉੱਥੇ ਖੁਦ ਬਾਬੂ ਮੰਗੂ ਰਾਮ ਮੁੱਗੋਵਾਲੀਆ ਮੌਜੂਦ ਸਨ। ਮੈਨੂੰ ਇਸ ਗੱਲ ਦਾ ਵੀ ਵਿਸ਼ੇਸ਼ ਦੁੱਖ ਹੈ ਕਿ 1980 ਵਿਚ ਬਾਬੂ ਜੀ ਦੀ ਅੰਤਮ ਸ਼ੋਕ ਸਭਾ 'ਤੇ ਵਿਸ਼ੇਸ਼ ਸੱਦਾ ਪੱਤਰ ਭੇਜੇ ਜਾਣ ਦੇ ਬਾਵਜੂਦ ਵੀ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਵਾਲਿਆਂ ਵਿਚੋਂ ਕੋਈ ਵੀ ਘੜੰਮ ਚੌਧਰੀ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਉਨ੍ਹਾਂ ਦੇ ਨਿਵਾਸ-ਸਥਾਨ, ਗੜ੍ਹਸ਼ੰਕਰ ਵਿਖੇ ਨਹੀਂ ਪਹੁੰਚਾ। ਆਪਣੀ ਯੂ.ਕੇ. ਯਾਤਰਾ ਦੌਰਾਨ, ਵਿਸ਼ੇਸ਼ ਕਰਕੇ ਆਦਿ ਧਰਮ ਬ੍ਰਦਰਹੁਡ ਅਤੇ ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਵੂਲਵਰਹੈਂਪਟਨ ਦੀਆਂ ਵਿਸ਼ੇਸ਼ ਇਕਤ੍ਰਤਾਵਾਂ ਵਿਚ ਜਾ ਕੇ ਮੈਨੂੰ ਖ਼ੁਸ਼ੀ ਹੋਈ ਕਿ ਬਾਬੂ ਜੀ ਹਾਲੇ ਵੀ ਉਨ੍ਹਾਂ ਦੇ ਦਿਲੋ-ਦਿਮਾਗ ਵਿਚ ਜ਼ਿੰਦਾ ਹਨ। ਮੈਂ ਉਸ ਮਹਾਨ ਯੋਧੇ ਨੂੰ ਪ੍ਰਣਾਮ ਕਰਦਾ ਹਾਂ!

# ਗਦਰੀ ਬਾਬਾ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ

ਰਮੇਸ਼ ਸਿੱਧੂ
ਅਨੰਦਗੜ੍ਹ ਮਹਿਲਾਂਵਾਲੀ (ਹੁਸ਼ਿਆਰਪੁਰ)



ਸ੍ਰੀ ਕਰਮ ਚੰਦ ਲੀਲ ਜੀ ਦੀ ਹਿੰਦੀ ਪੁਸਤਕ 'ਅੰਬੇਡਕਰੀ ਅੰਦੋਲਨ ਮੇਂ ਪੰਜਾਬੀਓਂ ਕਾ ਰੋਲ' ਵਿਚ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਬਾਰੇ ਜੀਵਨੀ ਪੜ੍ਹੀ ਅਤੇ ਪਤਾ ਲੱਗਾ ਕਿ ਕਿਵੇਂ ਉਹਨਾਂ ਨੇ ਗਦਰ ਪਾਰਟੀ ਵਿਚ ਸਰਗਰਮ ਹਿੱਸਾ ਲਿਆ ਅਤੇ ਬਾਅਦ ਵਿਚ ਉਹਨਾਂ ਨੇ ਅੰਗਰੇਜ਼ਾਂ ਦੇ ਗੁਲਾਮਾਂ ਦੇ ਗੁਲਾਮ-ਅਛੂਤਾਂ ਦੀ ਆਜ਼ਾਦੀ ਲਈ ਆਦਿ ਧਰਮ ਮੰਡਲ, ਪੰਜਾਬ ਦੀ 1926 ਈ: ਵਿਚ ਸਥਾਪਨਾ ਕੀਤੀ। ਬਾਬੂ ਜੀ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਸਭ ਤੋਂ ਸਿਰਮੌਰ ਸਨ ਜਿਹਨਾਂ ਨੇ ਦੇਸ਼ ਦੇ 'ਅਸਲ' ਗੁਲਾਮਾਂ ਦੀ ਆਜ਼ਾਦੀ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ।

ਬਾਬੂ ਮੰਗੂ ਰ ਾਮ ਜੀ ਮੁੱਗੋਵਾਲੀਆ ਦੇ ਜਿੰਦਾ ਹੋਣ ਬਾਰੇ ਪਤਾ ਨਹੀਂ ਸੀ, ਨਹੀਂ ਤਾਂ ਦੇਸ਼ ਦੇ ਅਜਿਹੇ ਉਚ ਕੋਟੀ ਦੇ ਮਨੁੱਖਤਾਵਾਦੀ ਨੂੰ ਮਿਲਣ ਦੀ ਬੜੀ ਜਗਿਆਸਾ ਉਤਪੰਨ ਹੋ ਗਈ ਸੀ। ਇਕ ਦਿਨ ਬੱਸ ਵਿਚ ਸਫਰ ਕਰਦਿਆਂ ਰਿਸ਼ਤੇਦਾਰੀ ਵਿਚੋਂ ਹੀ ਸੀਤਲ ਨਾਂ ਦਾ ਹਮਉਮਰ ਸਾਥੀ ਮਿਲ ਪਿਆ। ਉਹ ਬਾਬੂ ਜੀ ਦੇ ਜੱਦੀ ਪਿੰਡ ਮੁੱਗੋਵਾਲ ਦਾ ਰਹਿਣ ਵਾਲਾ ਸੀ। ਉਸ ਤੋਂ ਪਤਾ ਲੱਗਾ ਕਿ ਬਾਬੂ ਜੀ ਹੁਣ ਗੜ੍ਹਸ਼ੰਕਰ ਰਹਿੰਦੇ ਹਨ। ਮਨ ਵਿਚ ਉਹਨਾਂ ਨੂੰ ਮਿਲਣ ਦੀ ਤਾਂਘ ਪੈਦਾ ਹੋਈ, ਪਰ ਜਲਦੀ ਮਿਲ ਨਾ ਸਕਿਆ।

ਦੂਜੇ ਸਾਲ 1979 ਈ: ਨੂੰ ਬਸੰਤ ਦੇ ਦਿਹਾੜੇ ਜਦੋਂ ਮੈਂ ਆਪਣੇ ਸਹੁਰੀਂ ਗਿਆ ਤਾਂ ਬਾਬੂ ਜੀ ਨੂੰ ਮਿਲਣ ਦਾ ਪੱਕਾ ਮਨ ਬਣਾ ਲਿਆ। ਇਸ ਲਈ ਮੈਂ ਉਚੇਰੀ ਛੁੱਟੀ ਲੈ ਕੇ ਗਿਆ ਸੀ। ਬਾਬੂ ਜੀ ਨੂੰ ਗੜ੍ਹਸ਼ੰਕਰ, ਉਹਨਾਂ ਦੇ ਘਰ ਮਿਲਣ ਗਿਆ ਤਾਂ ਸਬੱਬ ਨਾਲ ਬਾਬੂ ਜੀ ਉਸ ਦਿਨ ਘਰੇ ਸਨ। ਉਹ ਬਰਾਂਡੇ ਵਿਚ ਡਿੱਠੇ ਮੰਜੇ 'ਤੇ ਬੈਠੇ ਸਨ। ਮੈਂ ਉਹਨਾਂ ਦੇ ਪੈਰੀਂ ਹੱਥ ਲਾਇਆ ਤੇ ਆਪਣੇ ਬਾਰੇ ਦੱਸਿਆ। ਬਾਬੂ ਜੀ ਨੇ ਮੈਨੂੰ ਮੇਰੇ ਪਿੰਡ ਦੇ ਕੁਝ ਸਿਆਣਿਆਂ ਦਾ ਨਾਂ ਲੈ ਕੇ ਉਹਨਾਂ ਦੀ ਰਾਜ਼ੀ ਖੁਸ਼ੀ ਬਾਰੇ ਪੁੱਛਿਆ।

ਬਾਬੂ ਜੀ ਨੇ ਦੱਸਿਆ ਕਿ ਉਹਨਾਂ ਦਲਿਤ ਕੌਮ ਵਿਚ ਜਨਮ ਲੈ ਕੇ ਕਿਵੇਂ ਮੁਸ਼ਕਿਲਾਂ ਨਾਲ ਹਾਈ ਸਕੂਲ ਦੀਆਂ ਕੁਝ ਜਮਾਤਾਂ ਪਾਸ ਕੀਤੀਆਂ। ਉਹ ਨਾਰੂ ਨੰਗਲ (ਕਿਲੇ) ਤੋਂ ਬਜਵਾੜਾ ਹਾਈ ਸਕੂਲ ਪੜ੍ਹਨ ਜਾਇਆ ਕਰਦੇ ਸਨ। ਇਹ ਸਾਰਾ ਪੈਂਡਾ ਪੈਦਲ ਹੀ ਕਰਨਾ ਪੈਂਦਾ ਸੀ। ਘਰੋਂ ਕੀਤਾ ਗਿਆ ਕੰਮ ਮਾਸਟਰ ਨਾ ਦੇਖਦਾ ਤੇ ਨਾ ਹੀ ਅਛੂਤ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕੋਈ ਦਿਲਚਸਪੀ ਹੀ ਲੈਂਦਾ। ਮਾਸਟਰ ਜੇ ਗੁੱਸੇ ਵਿਚ ਹੁੰਦਾ ਤਾਂ ਬਿਨਾਂ ਮਤਲਬ ਕੁੱਟਣ ਲਈ ਅਛੂਤ ਵਿਦਿਆਰਥੀਆਂ 'ਤੇ ਜੋਰ ਲਾ ਦਿੰਦਾ।

ਮਾਸਟਰ ਗੁੱਸੇ ਵਿਚ ਜਿੱਧਰ ਆਉਂਦਾ ਡੰਡਾ ਮਾਰਦਾ ਸਿਰ, ਪਿੱਠ, ਲੱਤਾਂ, ਹੱਥ, ਬਾਹਾਂ ਤੇ ਸਰਰ ਦੇ ਕਿਸੇ ਵੀ ਅੰਗ 'ਤੇ। ਕਈ ਵਾਰ ਤਾਂ ਸਕੂਲ ਵਿਚ ਮਾਰ ਦੇ ਡਰ ਅਤੇ ਛੂਆ-ਛਾਤ ਦਾ ਸਾਹਮਣਾ ਨਾ ਕਰਦੇ ਵਿਦਿਆਰਥੀ ਪੜ੍ਹਨੋਂ ਹੀ ਹਟ ਜਾਂਦੇ। ਉਹਨਾਂ ਦੱਸਿਆ ਕਿ ਉਹਨਾਂ ਵੀ ਇਸੇ ਕਾਰਨ ਕਰਕੇ ਪੜ੍ਹਾਈ ਛੱਡ ਦਿੱਤੀ ਸੀ।

ਘਰ ਗਰੀਬੀ ਬਹੁਤ ਸੀ, ਪੈਸਾ ਮੁਸ਼ਕਿਲ ਨਾਲ ਪ੍ਰਾਪਤ ਹੁੰਦਾ ਸੀ। ਬਾਬੂ ਜੀ ਨੇ ਗੱਲਬਾਤ ਦੀ ਲੜੀ ਜਾਰੀ ਰੱਖਦਿਆਂ ਕਿਹਾ ਕਿ ਅਛੂਤਾਂ ਦੇ ਲੜਕਿਆਂ ਦੀ ਪੜ੍ਹਾਈ ਦੀ ਸਮੱਸਿਆ ਨੂੰ ਮੁੱਖ ਰੱਖ ਕੇ ਫਿਰ ਕੋਟ ਅਬਦੁਲ ਖਾਲਿਕ (ਪੀ. ਆਰ. ਟੀ. ਸੀ. ਜਹਾਨ ਖੇਲਾਂ, ਹੁਸ਼ਿਆਰਪੁਰ) ਸਕੂਲ ਖੁੱਲ੍ਹ ਗਿਆ ਜੋ ਕਿ ਮੁਸਲਮਾਨਾਂ ਦੇ ਉਦਮ ਨਾਲ ਖੁੱਲ੍ਹਾ ਤੇ ਫਿਰ ਬਹੁਤ ਸਾਰੇ ਅਛੂਤ ਲੜਕੇ ਉਥੇ ਪੜ੍ਹਨ ਲੱਗ ਪਏ।

ਬਾਬੂ ਜੀ ਨੇ ਆਦਿ ਧਰਮੀ ਲੋਕਾਂ ਨੂੰ ਜਾਗ੍ਰਿਤ ਕਰਨ ਬਾਰੇ ਕਾਫੀ ਕੁਝ ਦੱਸਿਆ। ਗੋਲਮੇਜ ਕਾਨਫਰੰਸ ਵਿਚ ਡਾ. ਅੰਬੇਡਕਰ ਨੂੰ ਅਛੂਤਾਂ ਦਾ ਨੁਮਾਇੰਦਾ ਦੱਸਣ ਲਈ ਆਦਿ ਧਰਮ ਮੰਡਲ ਨੇ ਤਾਰਾਂ ਦਿੱਤੀਆਂ ਤੇ ਫਿਰ ਜਦੋਂ ਪੂਨੇ ਵਿਚ ਯਰਵਦਾ ਜੇਲ੍ਹ ਵਿਚ ਗਾਂਧੀ ਨੇ ਅਛੂਤਾਂ ਨੂੰ ਮਿਲੇ ਹੱਕਾਂ ਖਿਲਾਫ ਮਰਨ ਵਰਤ ਰੱਖਿਆ ਤਾਂ ਗਾਂਧੀ ਦੀ ਅਛੂਤ ਵਿਰੋਧੀ ਸਾਜਿਸ਼ ਨੂੰ ਨੰਗਿਆਂ ਕਰਨ ਲਈ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨੇ ਵੀ ਮਰਨ ਵਰਤ ਰੱਖਿਆ। ਇਕ ਪਾਸੇ ਆਦਿ ਧਰਮੀਆਂ ਦਾ ਵਿਰੋਧ ਸੀ ਅਤੇ ਦੂਜੇ ਪਾਸੇ ਆਦਿ ਧਰਮੀਆਂ ਦੇ ਹੱਕਾਂ ਦਾ ਮਸੀਹਾ ਬਾਬੂ ਮੰਗੂ ਰਾਮ ਜੀ।

ਅੱਜ ਲੋੜ ਹੈ ਸਾਨੂੰ ਆਪਣੇ ਦੋਸਤਾਂ ਅਤੇ ਦੁਸ਼ਮਣਾਂ ਨੂੰ ਪਹਿਚਾਨਣ ਦੀ। ਅੱਜ ਅਸੀਂ ਦੋਸਤਾਂ ਨੂੰ ਦੁਸ਼ਮਣ ਅਤੇ ਦੁਸ਼ਮਣਾਂ ਨੂੰ ਦੋਸਤ ਸਮਝ ਬੈਠੇ ਹਾਂ। ਬਾਬੂ ਜੀ ਨੇ ਜੋ ਕੁਝ ਇਸ ਮੁਲਾਕਾਤ ਵਿਚ ਦੱਸਿਆ ਸੀ, ਉਸ ਤੋਂ ਕੌਮ ਲਈ ਉਹਨਾਂ ਜੋ ਕੰਮ ਕੀਤਾ, ਸੱਚੇ ਅਰਥਾਂ ਵਿਚ ਉਹਨਾਂ ਦੀ ਇਕ ਖੂਬਸੂਰਤ ਤਸਵੀਰ ਉਕਰਦੀ ਹੈ।

ਦੋ ਕੁ ਘੰਟੇ ਦਾ ਸਮਾਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨਾਲ ਬਿਤਾ ਕੇ ਮੈਂ ਉਹਨਾਂ ਦੇ ਪੈਰੀਂ ਹੱਥ ਲਾ ਕੇ ਆ ਗਿਆ।

ਮਨ ਵਿਚ ਜੋ ਸੱਧਰ ਸੀ, ਉਹ ਪੂਰੀ ਹੋ ਗਈ ਸੀ ਤੇ ਕਾਫੀ ਜਾਣਕਾਰ ਵੀ ਮਿਲੀ ਸੀ। ਜਿਸ ਦੀ ਮੈਨੂੰ ਸਾਰੇ ਸਫਰ ਵਿਚ ਖੁਸ਼ੀ ਮਹਿਸੂਸ ਹੁੰਦੀ ਰਹੀ ਤੇ ਹੁਣ ਵੀ ਉਹ ਦੋ ਘੰਟੇ ਮੇਰੇ ਜੀਵਨ ਦੇ ਅਮੁੱਲੇ ਪਲ ਹਨ। ਪਰ ਅਫਸੋਸ ਕਿ 22 ਅਪ੍ਰੈਲ 1980ਈ: ਨੂੰ ਕੌਮ ਦਾ ਇਹ ਚਾਨਣ ਮੁਨਾਰਾ ਸਾਥੋਂ ਸਰਰਕ ਤੌਰ ਤੇ ਸਦਾ ਲਈ ਵਿੱਛੜ ਗਿਆ।

ਪਰ ਉਹਨਾਂ ਦੇ ਕਾਰਨਾਮੇ ਭਾਰਤ ਦੀ ਆਜ਼ਾਦੀ ਅਤੇ ਖਾਸ ਕਰਕੇ ਅਤੂਤਾਂ ਦੀ ਆਜ਼ਾਦੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣਗੇ।

*ਬਾਬੂ ਮੰਗੂਰਾਮ ਮੁੱਗੋਵਾਲੀਆ ਸੋਵੀਨਾਰ 1985 'ਚੋਂ ਧੰਨਵਾਦ ਸਹਿਤ*

# ਸੰਸਥਾਵਾਂ ਦੀ ਅਧੋਗਤੀ



ਸਵਰਾਜਬੀਰ

ਜਮਹੂਰੀਅਤ ਸੰਵਿਧਾਨ ਤੇ ਕਾਨੂੰਨ ਦੀ ਬੁਨਿਆਦ 'ਤੇ ਉਸਰਦੀ ਹੈ ਅਤੇ ਇਸ ਦਾ ਰੂਪ-ਸਰੂਪ ਕਾਇਮ ਰੱਖਣ ਲਈ ਮਜ਼ਬੂਤ ਸੰਸਥਾਵਾਂ ਦੀ ਜ਼ਰੂਰਤ ਹੁੰਦੀ ਹੈ। ਜਮਹੂਰੀਅਤ ਦੇ ਮੁੱਢਲੇ ਅਸੂਲ ਹਨ: ਰਾਜ ਕਿਸੇ ਹਾਕਮ ਦੇ ਹੁਕਮਾਂ ਅਨੁਸਾਰ ਨਹੀਂ ਸਗੋਂ ਦੇਸ਼ ਦੇ ਕਾਨੂੰਨ 'ਤੇ ਆਧਾਰਤ ਹੋਵੇਗਾ; ਕਾਨੂੰਨ ਦੇ ਸਾਹਮਣੇ ਸਾਰੇ ਲੋਕ ਬਰਾਬਰ ਹਨ; ਦੇਸ਼ ਵਿਚ ਕਾਨੂੰਨ ਬਣਾਉਣ ਵਾਲੀਆਂ ਵਿਧਾਨ ਸਭਾਵਾਂ ਦੇ ਮੈਂਬਰ ਵੋਟਾਂ ਰਾਹੀਂ ਚੁਣੇ ਜਾਣਗੇ ਤੇ ਸਰਕਾਰ ਵੀ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਹੋਂਦ ਵਿਚ ਆਏਗੀ; ਦੇਸ਼ ਦੇ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਹੋਣਗੇ; ਦੇਸ਼ ਵਿਚ ਆਜ਼ਾਦ ਨਿਆਂ ਪ੍ਰਬੰਧ ਪ੍ਰਣਾਲੀ ਲੋਕਾਂ ਨੂੰ ਨਿਆਂ ਦੇਵੇਗੀ ਅਤੇ ਇਹ ਵੀ ਯਕੀਨੀ ਬਣਾਏਗੀ ਕਿ ਉਨ੍ਹਾਂ ਦੇ ਮੌਲਿਕ ਅਧਿਕਾਰ ਸੁਰੱਖਿਅਤ ਰਹਿਣ ਅਤੇ ਕਾਨੂੰਨਸਾਜ਼ ਦੇਸ਼ ਦੇ ਸੰਵਿਧਾਨ ਅਨੁਸਾਰ ਕਾਨੂੰਨ ਬਣਾਉਣ। ਇਸ ਸਭ ਕੁਝ ਨੂੰ ਸੁਨਿਸ਼ਚਿਤ ਕਰਨ ਲਈ ਸਭ ਤੋਂ ਅਹਿਮ ਰੋਲ ਸੰਸਥਾਵਾਂ ਦਾ ਹੈ। ਇਨ੍ਹਾਂ ਸੰਸਥਾਵਾਂ ਵਿਚੋਂ ਸੰਸਦ, ਵਿਧਾਨ ਸਭਾਵਾਂ, ਅਦਾਲਤਾਂ, ਪੁਲੀਸ, ਸੁਰੱਖਿਆ ਤੇ ਜਾਂਚ ਏਜੰਸੀਆਂ, ਫ਼ੌਜ, ਚੋਣ ਕਮਿਸ਼ਨ, ਪ੍ਰਸ਼ਾਸਨਿਕ ਸੇਵਾਵਾਂ, ਵਿੱਦਿਅਕ ਅਦਾਰੇ ਆਦਿ ਪ੍ਰਮੁੱਖ ਹਨ।

ਦੇਸ਼ ਦੇ ਸੰਵਿਧਾਨ ਦੇ ਨਿਰਮਾਣ ਵੇਲੇ ਸੰਵਿਧਾਨ-ਘਾੜਿਆਂ ਨੇ ਕਈ ਦੇਸ਼ਾਂ ਦੇ ਸੰਵਿਧਾਨਾਂ ਦੀ ਪਰਖ-ਪੜਤਾਲ ਕੀਤੀ ਅਤੇ ਉਨ੍ਹਾਂ ਵਿਚੋਂ ਪ੍ਰੌੜ੍ਹ ਤੇ ਹੰਢਣਸਾਰ ਤੱਤ ਲੈ ਕੇ ਵੱਖ ਵੱਖ ਸੰਸਥਾਵਾਂ ਨੂੰ ਚਲਾਉਣ ਲਈ ਨਿਯਮ ਬਣਾਏ। ਸੰਵਿਧਾਨ ਵਿਚ ਲੋਕ ਸਭਾ, ਰਾਜ ਸਭਾ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਜਪਾਲ, ਮੁੱਖ ਮੰਤਰੀ, ਕੇਂਦਰ ਸਰਕਾਰ, ਸੂਬਾ ਸਰਕਾਰ, ਸੁਪਰੀਮ ਕੋਰਟ, ਹਾਈ ਕੋਰਟ, ਚੋਣ ਕਮਿਸ਼ਨ ਆਦਿ ਸੰਸਥਾਵਾਂ ਨੂੰ ਚਲਾਉਣ ਲਈ ਨਿਯਮ ਹਨ ਅਤੇ ਇਸੇ ਲਈ ਇਸ ਨੂੰ ਦੇਸ਼ ਦਾ ਬੁਨਿਆਦੀ ਕਾਨੂੰਨ (ਫੰਡਾਮੈਂਟਲ ਲਾਅ ਆਫ਼ ਦਿ ਕੰਟਰੀ) ਕਿਹਾ ਜਾਂਦਾ ਹੈ। ਦੂਸਰੀਆਂ ਸੰਸਥਾਵਾਂ ਸੰਸਦ ਦੁਆਰਾ ਬਣਾਏ ਹੋਏ ਕਾਨੂੰਨਾਂ ਰਾਹੀਂ ਹੋਂਦ ਵਿਚ ਆਉਂਦੀਆਂ ਹਨ ਜਿਵੇਂ ਵਿੱਦਿਅਕ ਅਦਾਰੇ, ਜਾਂਚ ਏਜੰਸੀਆਂ, ਖੋਜ ਸੰਸਥਾਵਾਂ, ਅਰਧ ਸੈਨਿਕ ਬਲ ਆਦਿ। ਇਨ੍ਹਾਂ ਨੂੰ ਚਲਾਉਣ ਲਈ ਨਿਯਮ ਸੰਸਦ ਬਣਾਉਂਦੀ ਹੈ। ਭਾਵੇਂ ਇਹ ਸੰਸਥਾਵਾਂ ਸਰਕਾਰ ਦੀ ਦੇਖ-ਰੇਖ ਹੇਠ ਕੰਮ ਕਰਦੀਆਂ ਹਨ ਪਰ ਇਨ੍ਹਾਂ ਨੂੰ ਸੀਮਤ ਖ਼ੁਦਮੁਖ਼ਤਾਰੀ ਦਿੱਤੀ ਜਾਂਦੀ ਹੈ ਤਾਂ ਕਿ ਇਹ ਸਰਕਾਰ ਤੋਂ ਸੇਧ ਲੈਣ ਦੇ ਨਾਲ ਨਾਲ ਆਪਣੀ ਕਾਰਗੁਜ਼ਾਰੀ ਦਾ ਮੁੱਖ ਟੀਚਾ ਲੋਕ ਹਿੱਤਾਂ ਨੂੰ ਰੱਖਣ।

ਆਜ਼ਾਦੀ ਤੋਂ ਬਾਅਦ ਦੇ ਦਹਾਕੇ ਵਿਚ ਵੇਲੇ ਦੀ ਸਰਕਾਰ ਨੇ ਸੰਸਥਾਵਾਂ ਦੇ ਜਮਹੂਰੀ ਕਿਰਦਾਰ ਨੂੰ ਮਜ਼ਬੂਤੀ ਦੇਣ ਦਾ ਕੰਮ ਆਰੰਭਿਆ। ਲੋਕ ਸਭਾ ਤੇ ਰਾਜ ਸਭਾ ਵਿਚ ਭਰਪੂਰ ਬਹਿਸ ਹੁੰਦੀ ਅਤੇ ਪ੍ਰਧਾਨ ਮੰਤਰੀ ਤੇ ਹੋਰ ਮੰਤਰੀ ਸੰਸਦ ਦੇ ਦੋਹਾਂ ਸਦਨਾਂ ਵਿਚ ਹਾਜ਼ਰ ਰਹਿੰਦੇ। ਵਿਰੋਧੀ ਧਿਰ ਦੇ ਨੇਤਾ ਤਿਆਰੀ ਕਰਕੇ ਸਵਾਲ ਉਠਾਉਂਦੇ ਅਤੇ ਸਰਕਾਰੀ ਧਿਰ ਬੜੀ ਜ਼ਿੰਮੇਵਾਰੀ ਨਾਲ ਉਨ੍ਹਾਂ ਦਾ ਜਵਾਬ ਦਿੰਦੀ। ਜਵਾਹਰ ਲਾਲ ਨਹਿਰੂ ਖ਼ੁਦ ਲੰਮੇ ਸਮੇਂ ਲਈ ਸਦਨਾਂ ਵਿਚ ਬੈਠਦਾ ਤੇ ਇਸ ਦੇ ਕੰਮਾਂ ਵਿਚ ਰੁਚੀ ਲੈਂਦਾ। ਇਨ੍ਹਾਂ ਵਰ੍ਹਿਆਂ ਵਿਚ ਦੇਸ਼ ਦੀ ਨਿਆਂ ਪ੍ਰਣਾਲੀ, ਚੋਣ ਕਮਿਸ਼ਨ, ਫ਼ੌਜ, ਅਰਧ ਸੈਨਿਕ ਬਲਾਂ, ਅਦਾਲਤਾਂ ਤੇ ਹੋਰ ਸੰਸਥਾਵਾਂ ਨੂੰ ਮਜ਼ਬੂਤ ਕਰਨ ਵਾਲੇ ਕਦਮ ਚੁੱਕੇ ਗਏ ਤੇ ਇਹ ਯਕੀਨੀ ਬਣਾਇਆ ਗਿਆ ਕਿ ਇਨ੍ਹਾਂ ਵਿਚ ਗ਼ੈਰ-ਜ਼ਰੂਰੀ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਏਗੀ। ਇਨ੍ਹਾਂ ਸੰਸਥਾਵਾਂ ਦੇ ਰੂਪ-ਸਰੂਪ ਨਿਖ਼ਰੇ ਤੇ ਹਰ ਸੰਸਥਾ ਨੇ ਆਪਣੀ ਵੱਖਰੀ ਪਛਾਣ ਬਣਾਈ। ਇਹ ਪਛਾਣ ਇਹ ਸੁਨਿਸ਼ਚਿਤ ਕਰਦੀ ਸੀ ਕਿ ਸੰਸਥਾ ਕਾਨੂੰਨ ਦੁਆਰਾ ਦਿੱਤੀ ਗਈ ਸੇਧ ਅਨੁਸਾਰ ਚੱਲਦੀ ਹੈ ਅਤੇ ਇਸ ਦੀ ਆਪਣੀ ਵਿਲੱਖਣ ਹੋਂਦ ਹੈ। ਉਨ੍ਹਾਂ ਵਰ੍ਹਿਆਂ ਵਿਚ ਇਹ ਪਹੁੰਚ ਵੀ ਬਣੀ ਕਿ ਇਨ੍ਹਾਂ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਜਾਂ ਸੀਮਤ ਖ਼ੁਦਮੁਖ਼ਤਾਰੀ ਨੂੰ ਮਾਣ-ਸਨਮਾਨ ਦਿੱਤਾ ਜਾਏ ਤਾਂ ਕਿ ਉਹ ਰਾਜ ਪ੍ਰਬੰਧ ਵਿਚ ਢੁਕਵਾਂ ਯੋਗਦਾਨ ਪਾ ਸਕਣ।

> **ਦੇਸ਼ ਦੇ ਸੰਵਿਧਾਨ ਦੇ ਨਿਰਮਾਣ ਵੇਲੇ ਸੰਵਿਧਾਨ-ਘਾੜਿਆਂ ਨੇ ਕਈ ਦੇਸ਼ਾਂ ਦੇ ਸੰਵਿਧਾਨਾਂ ਦੀ ਪਰਖ-ਪੜਤਾਲ ਕੀਤੀ ਅਤੇ ਉਨ੍ਹਾਂ ਵਿਚੋਂ ਪ੍ਰੌੜ੍ਹ ਤੇ ਹੰਢਣਸਾਰ ਤੱਤ ਲੈ ਕੇ ਵੱਖ ਵੱਖ ਸੰਸਥਾਵਾਂ ਨੂੰ ਚਲਾਉਣ ਲਈ ਨਿਯਮ ਬਣਾਏ। ਸੰਵਿਧਾਨ ਵਿਚ ਲੋਕ ਸਭਾ, ਰਾਜ ਸਭਾ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਜਪਾਲ, ਮੁੱਖ ਮੰਤਰੀ, ਕੇਂਦਰ ਸਰਕਾਰ, ਸੂਬਾ ਸਰਕਾਰ, ਸੁਪਰੀਮ ਕੋਰਟ, ਹਾਈ ਕੋਰਟ, ਚੋਣ ਕਮਿਸ਼ਨ ਆਦਿ ਸੰਸਥਾਵਾਂ ਨੂੰ ਚਲਾਉਣ ਲਈ ਨਿਯਮ ਹਨ ਅਤੇ ਇਸੇ ਲਈ ਇਸ ਨੂੰ ਦੇਸ਼ ਦਾ ਬੁਨਿਆਦੀ ਕਾਨੂੰਨ (ਫੰਡਾਮੈਂਟਲ ਲਾਅ ਆਫ਼ ਦਿ ਕੰਟਰੀ) ਕਿਹਾ ਜਾਂਦਾ ਹੈ।**

ਚਾਹੀਦਾ ਤਾਂ ਇਹ ਸੀ ਕਿ ਇਹ ਸੰਸਥਾਵਾਂ ਹੋਰ ਮਜ਼ਬੂਤ ਹੁੰਦੀਆਂ ਪਰ ਹੋਇਆ ਇਸ ਤੋਂ ਉਲਟ। 70ਵਿਆਂ ਵਿਚ ਬਹੁਤ ਸਾਰੀਆਂ ਸੰਸਥਾਵਾਂ ਨੂੰ ਖ਼ੋਰਾ ਲੱਗਣ ਲੱਗਾ। ਸ਼ਾਇਦ ਸਭ ਤੋਂ ਪਹਿਲਾ ਵੱਡਾ ਖ਼ੋਰਾ ਕੇਂਦਰੀ ਕੈਬਨਿਟ ਨੂੰ ਲੱਗਾ। ਸਰਕਾਰ ਦੇ ਸਾਰੇ ਵੱਡੇ ਫ਼ੈਸਲੇ ਕੈਬਨਿਟ ਲੈਂਦੀ ਹੈ ਤੇ 70ਵਿਆਂ ਤਕ ਇਹ ਰਵਾਇਤ ਰਹੀ ਕਿ ਹਰ ਫ਼ੈਸਲਾ ਲੈਣ ਤੋਂ ਪਹਿਲਾਂ ਹਰ ਮੁੱਦੇ 'ਤੇ ਜਮਹੂਰੀ ਢੰਗ ਨਾਲ ਬਹਿਸ-ਮੁਬਾਹਿਸੇ ਹੁੰਦੇ। ਪਰ ਵੇਲੇ ਦੀ ਪ੍ਰਧਾਨ ਮੰਤਰੀ ਨੇ ਤਾਕਤ ਆਪਣੇ ਤੇ ਆਪਣੇ ਨੇੜਲੇ ਮੰਤਰੀਆਂ ਦੇ ਹੱਥਾਂ ਵਿਚ ਕੇਂਦਰਿਤ ਕਰਨੀ ਸ਼ੁਰੂ ਕੀਤੀ ਅਤੇ ਇਹ ਮੰਡਲੀ 'ਕਿਚਨ ਕੈਬਨਿਟ' ਦੇ ਨਾਂ ਨਾਲ ਮਸ਼ਹੂਰ ਹੋਈ। ਪ੍ਰਧਾਨ ਮੰਤਰੀ ਦਾ ਦਫ਼ਤਰ (ਪੀਐੱਮਓ) ਮਜ਼ਬੂਤ ਹੋਣਾ ਸ਼ੁਰੂ ਹੋਇਆ ਅਤੇ ਉਸ ਦਾ ਵੱਖ ਵੱਖ ਵਿਭਾਗਾਂ ਵਿਚ ਦਖ਼ਲ ਵਧਿਆ। ਸਰਕਾਰ ਨੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਨਿਯੁਕਤੀ ਸਬੰਧੀ ਰਵਾਇਤਾਂ ਦੀ ਵੀ ਉਲੰਘਣਾ ਕੀਤੀ। ਐਮਰਜੈਂਸੀ ਵਿਚ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਅਤੇ ਅੰਦਰੂਨੀ ਸ਼ਕਤੀ-ਸਰੋਤਾਂ ਨੂੰ ਭਾਰੀ ਢਾਹ ਲੱਗੀ ਤੇ ਸਿੱਟੇ ਵਜੋਂ ਸੰਸਥਾਵਾਂ ਜਰਜਰੀਆਂ ਤੇ ਬੋਦੀਆਂ ਹੋਣ ਲੱਗੀਆਂ।

ਸੰਸਦ ਨੂੰ ਦੇਸ਼ ਦੀ ਸਮੂਹਿਕ ਇੱਛਾ-ਸ਼ਕਤੀ ਦਾ ਪ੍ਰਤੀਕ ਕਿਹਾ ਜਾਂਦਾ ਹੈ। ਕਈ ਵਰ੍ਹਿਆਂ ਤੋਂ ਇਸ ਦੀ ਕਾਰਵਾਈ ਦੀ ਪੱਧਰ ਵਿਚ ਭਾਰੀ ਗਿਰਾਵਟ ਆਈ ਹੈ। 50ਵਿਆਂ ਤੋਂ ਲੈ ਕੇ 70ਵਿਆਂ ਤਕ ਸੰਸਦ ਵਿਚ ਹੁੰਦੀਆਂ ਊਰਜਾ ਭਰਪੂਰ ਬਹਿਸਾਂ ਹੁਣ ਮਹਿਜ਼ ਯਾਦ ਬਣ ਕੇ ਰਹਿ ਗਈਆਂ ਹਨ। ਸੂਬਿਆਂ ਦੀਆਂ ਵਿਧਾਨ ਸਭਾਵਾਂ ਦਾ ਹਾਲ ਜ਼ਿਆਦਾ ਖ਼ਰਾਬ ਹੈ। ਹਾਲ ਵਿਚ ਹੀ ਪੰਜਾਬ ਦੀ ਵਿਧਾਨ ਸਭਾ ਦਾ ਇਜਲਾਸ ਦੋ ਦਿਨ ਤਕ ਸੀਮਤ ਰਿਹਾ ਅਤੇ ਹਰਿਆਣਾ ਵਿਧਾਨ ਸਭਾ ਦਾ ਇਕ ਦਿਨ ਤਕ। ਕੁਝ ਲੋਕ ਇਸ ਵਰਤਾਰੇ ਵਿਰੁੱਧ ਬੋਲੇ ਪਰ ਜਿਸ ਤਰ੍ਹਾਂ ਦਾ ਸਮਾਜਿਕ ਰੋਹ ਇਹੋ ਜਿਹੇ ਗ਼ੈਰ-ਜਮਹੂਰੀ ਵਰਤਾਰੇ ਵਿਰੁੱਧ ਪ੍ਰਗਟ ਹੋਣਾ ਚਾਹੀਦਾ ਹੈ, ਉਸ ਦੀ ਗ਼ੈਰਹਾਜ਼ਰੀ ਰੜਕਦੀ ਰਹੀ। ਪਿਛਲੇ ਵਰ੍ਹੇ ਸੁਪਰੀਮ ਕੋਰਟ ਦੇ ਚਾਰ ਜੱਜਾਂ ਨੇ ਪ੍ਰੈਸ ਕਾਨਫਰੰਸ ਕਰਕੇ ਇਲਜ਼ਾਮ ਲਾਇਆ ਕਿ ਸੁਪਰੀਮ ਕੋਰਟ ਦੇ ਅੰਦਰੂਨੀ ਕੰਮ ਵਿਚ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ। ਚਾਰ ਸੀਨੀਅਰ ਜੱਜਾਂ ਦਾ ਇਹ ਕਹਿਣਾ ਸਪਸ਼ਟ ਕਰਦਾ ਹੈ ਕਿ ਹਾਲਾਤ ਕਿੰਨੇ ਖ਼ਰਾਬ ਹੋ ਚੁੱਕੇ ਹਨ। ਸੰਸਥਾਵਾਂ ਦੇ ਇਸ ਤਰ੍ਹਾਂ ਬੋਦੀਆਂ ਤੇ ਖੀਣ ਹੋਣ ਦੀ ਪ੍ਰਕਿਰਿਆ ਨੂੰ ਸਿਆਸੀ ਅਧੋਗਤੀ (ਪੁਲਿਟੀਕਲ ਡੀਕੇਅ) ਕਿਹਾ ਜਾਂਦਾ ਹੈ। ਜਿਨ੍ਹਾਂ ਰਾਜ ਪ੍ਰਬੰਧਾਂ ਵਿਚ ਸੰਸਥਾਵਾਂ ਜਰਜਰੀਆਂ ਹੋ ਜਾਣ, ਉਨ੍ਹਾਂ ਨੂੰ 'ਬਾਨਾਨਾ ਰੀਪਬਲਿਕਸ' (ਤੁੱਛ ਦਰਜੇ ਦੇ ਗਣਤੰਤਰ, ਜਿੱਥੇ ਕਾਨੂੰਨ ਨਾਲ ਸਹਿਜੇ ਖਿਲਵਾੜ ਕੀਤਾ ਜਾ ਸਕੇ) ਗਰਦਾਨਿਆ ਜਾਂਦਾ ਹੈ।

ਸੀਬੀਆਈ ਦੀ ਮੌਜੂਦਾ ਹਾਲਤ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਨੂੰ ਢਾਹ ਲੱਗਣ ਦੀ ਪ੍ਰਕਿਰਿਆ ਦੀ ਉੱਘੜਵੀਂ ਮਿਸਾਲ ਤੇ ਪ੍ਰਤੀਕ ਹੈ। ਦੂਸਰੀ ਸੰਸਾਰ ਜੰਗ ਦੌਰਾਨ ਅੰਗਰੇਜ਼ ਸਰਕਾਰ ਨੇ ਡਿਪਾਰਟਮੈਂਟ ਆਫ਼ ਵਾਰ ਐਂਡ ਸਪਲਾਈ (ਜੰਗ ਸਬੰਧੀ ਸਾਮਾਨ ਦੀ ਖ਼ਰੀਦੋ-ਫਰੋਖ਼ਤ ਕਰਨ ਵਾਲਾ ਵਿਭਾਗ) ਵਿਚ ਰਿਸ਼ਵਤਖੋਰੀ ਦੇ ਇਲਜ਼ਾਮਾਂ ਦੀ ਪੜਤਾਲ ਕਰਨ ਲਈ ਸਪੈਸ਼ਲ ਪੁਲੀਸ ਐਸਟੈਬਲਿਸ਼ਮੈਂਟ ਦੀ ਸਥਾਪਨਾ ਕੀਤੀ। 1963 ਵਿਚ ਇਸ ਦਾ ਨਾਂ ਸੈਂਟਰਲ ਬਿਓਰੋ ਆਫ਼ ਇਨਵੈਸਟੀਗੇਸ਼ਨ ਰੱਖਿਆ ਗਿਆ ਅਤੇ ਇਸ ਨੂੰ ਕੇਂਦਰੀ ਸਰਕਾਰ ਦੇ ਵਿਭਾਗਾਂ ਵਿਚ ਰਿਸ਼ਵਤਖੋਰੀ ਦੀਆਂ ਸ਼ਿਕਾਇਤਾਂ ਅਤੇ ਹੋਰ ਮਹੱਤਵਪੂਰਨ ਕੇਸਾਂ ਦੀ ਜਾਂਚ ਕਰਨ ਦੇ ਅਧਿਕਾਰ ਦਿੱਤੇ। ਲੋਕਾਂ ਦਾ ਵਿਸ਼ਵਾਸ ਇਸ ਵਿਚ ਵਧਿਆ ਅਤੇ ਜਿੱਥੇ ਕਿਤੇ ਵੀ ਕੋਈ ਭਿਆਨਕ ਅਪਰਾਧ ਹੁੰਦਾ, ਲੋਕ ਸੀਬੀਆਈ ਦੁਆਰਾ ਜਾਂਚ ਦੀ ਮੰਗ ਕਰਦੇ। ਸੁਪਰੀਮ ਕੋਰਟ ਅਤੇ ਵੱਖ ਵੱਖ ਹਾਈ ਕੋਰਟਾਂ ਨੇ ਵੀ ਕਈ ਕੇਸ ਇਸ ਏਜੰਸੀ ਨੂੰ ਜਾਂਚ ਲਈ ਸੌਂਪੇ। ਏਜੰਸੀ ਨੇ ਵੱਡੇ ਵੱਡੇ ਅਪਰਾਧੀਆਂ ਅਤੇ ਰਿਸ਼ਵਤਖੋਰ ਅਫ਼ਸਰਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਿਸ ਨਾਲ ਇਸ ਦੇ ਵੱਕਾਰ ਵਿਚ ਵਾਧਾ ਹੋਇਆ। ਇਸ ਦੀ ਸਫ਼ਲਤਾ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਏਜੰਸੀ ਨੇ ਆਪਣੇ ਅੰਦਰੂਨੀ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਨਿਯਮ ਬਣਾਏ। ਪਰ 1990ਵਿਆਂ ਵਿਚ ਇਸ ਵਿਚ ਸਰਕਾਰੀ ਦਖ਼ਲ ਵਧਿਆ ਤੇ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਰਕਾਰ ਇਸ ਦੀ ਵਰਤੋਂ ਸਿਆਸੀ ਵਿਰੋਧੀਆਂ ਨੂੰ ਨੁੱਕਰੇ ਲਾਉਣ ਲਈ ਕਰ ਰਹੀ ਹੈ। ਇਸ ਦੇ ਕੰਮਕਾਜ ਵਿਚ ਨਿਘਾਰ ਆਉਂਦਾ ਚਲਾ ਗਿਆ ਤੇ ਪਿਛਲੇ ਕੁਝ ਵਰ੍ਹਿਆਂ ਵਿਚ ਇਹੋ ਜਿਹੇ ਵਿਗਾੜ ਦੇਖੇ ਗਏ ਕਿ ਸੁਪਰੀਮ ਕੋਰਟ ਨੇ ਇਸ ਨੂੰ 'ਪਿੰਜਰੇ ਵਿਚ ਪਿਆ ਤੋਤਾ' ਕਿਹਾ। ਇਸ ਏਜੰਸੀ ਦੇ ਦੋ ਮੁਖੀ ਵੀ ਸ਼ੱਕ ਦੇ ਘੇਰੇ ਵਿਚ ਆਏ ਤੇ ਲੋਕ ਹੈਰਾਨ ਹੋਣ ਲੱਗੇ ਕਿ ਉਹ ਏਜੰਸੀ, ਜਿਸ ਨੂੰ ਨੈਤਿਕਤਾ ਦਾ ਮੁਜੱਸਮਾ ਮੰਨਿਆ ਜਾਂਦਾ ਸੀ, ਜੇ ਉਸ ਦੇ ਮੁਖੀ ਹੀ ਏਦਾਂ ਦੇ ਹੋ ਸਕਦੇ ਹਨ ਤਾਂ ਏਜੰਸੀ ਦਾ ਕੀ ਹਾਲ ਹੋਵੇਗਾ।

ਸੀਬੀਆਈ ਦੀ ਕਾਰਗੁਜ਼ਾਰੀ ਵਿਚ ਆਇਆ ਨਿਘਾਰ ਇਕ ਪ੍ਰਤੀਕ ਮਾਤਰ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਦੇਸ਼ ਦੀਆਂ ਸਭ ਸੰਸਥਾਵਾਂ ਨੂੰ ਘੁਣ ਲੱਗ ਚੁੱਕਾ ਹੈ ਤੇ ਉਹ ਹੌਲੀ ਹੌਲੀ ਗਲਣ-ਸੜਨ ਵੱਲ ਜਾ ਰਹੀਆਂ ਹਨ। ਇਹ ਬਹੁਤ ਅਸੁਖਾਵੀਂ ਸਥਿਤੀ ਹੈ। ਜਦ ਕਿਸੇ ਦੇਸ਼ ਦੀਆਂ ਸੰਸਥਾਵਾਂ ਨੂੰ ਘੁਣ ਲੱਗਦਾ ਹੈ ਤਾਂ ਉਸ ਦਾ ਮਤਲਬ ਹੈ ਦੇਸ਼ ਦੀ ਜਮਹੂਰੀਅਤ ਨੂੰ ਘੁਣ ਲੱਗਣਾ। ਸੰਸਥਾਵਾਂ ਵਿਚੋਂ ਲੋਕਾਂ ਦਾ ਯਕੀਨ ਖ਼ਤਮ ਹੋਣ ਨਾਲ ਸਮਾਜਿਕ ਉਦਾਸੀਨਤਾ ਦਾ ਪਾਸਾਰ ਹੁੰਦਾ ਹੈ। ਲੋਕ ਆਪਣੀਆਂ ਪ੍ਰੇਸ਼ਾਨੀਆਂ ਦੂਰ ਕਰਾਉਣ ਲਈ ਗ਼ੈਰ-ਜਮਹੂਰੀ ਤੇ ਗ਼ੈਰ-ਸੰਸਥਾਤਮਕ ਤਰੀਕਿਆਂ ਦੀ ਤਲਾਸ਼ ਕਰਦੇ ਹਨ। ਸੱਤਾਧਾਰੀਆਂ ਅੰਦਰ ਤਾਨਾਸ਼ਾਹੀ ਪ੍ਰਵਿਰਤੀਆਂ ਭਾਰੂ ਹੁੰਦੀਆਂ ਹਨ। ਇਸ ਸਿਆਸੀ ਅਧੋਗਤੀKਜੀਰਨਤਾ ਦਾ ਨੁਕਸਾਨ ਲੋਕਾਂ ਨੂੰ ਹੁੰਦਾ ਹੈ। ਮੌਜੂਦਾ ਰਾਜਨੀਤਕ ਤੇ ਸਮਾਜਿਕ ਹਾਲਾਤ ਇਹੋ ਜਿਹੇ ਹਨ ਕਿ ਇਸ ਅਧੋਗਤੀ ਵਿਰੁੱਧ ਲੜਨ ਵਾਲੇ ਸਮਾਜਿਕ ਵਿਰੋਧ ਦੀ ਅਣਹੋਂਦ ਸਿਆਸੀ ਚਿਤਰਪਟ ਦਾ ਮੁੱਖ ਚਿੰਨ੍ਹ ਬਣ ਗਈ ਹੈ। 2011 ਵਿਚ ਸ਼ੁਰੂ ਹੋਏ ਰਿਸ਼ਵਤਖੋਰੀ-ਵਿਰੋਧੀ ਅੰਦੋਲਨ ਦੇ ਢਹਿ-ਢੇਰੀ ਹੋਣ ਨਾਲ ਲੋਕਾਂ ਦਾ ਸਮਾਜਿਕ ਅੰਦੋਲਨਾਂ ਵਿਚੋਂ ਵਿਸ਼ਵਾਸ ਘਟਿਆ ਹੈ ਪਰ ਜਮਹੂਰੀਅਤ ਨੂੰ ਬਚਾਉਣ ਲਈ ਇਹ ਜ਼ਰੂਰੀ ਹੈ ਕਿ ਲੋਕ ਇਨ੍ਹਾਂ ਗ਼ੈਰ-ਜਮਹੂਰੀ ਰੁਝਾਨਾਂ ਖ਼ਿਲਾਫ਼ ਅੰਦੋਲਨ ਕਰਨ, ਹਰ ਪੱਧਰ 'ਤੇ ਵਿਰੋਧ ਕੀਤਾ ਜਾਏ ਅਤੇ ਸੰਸਥਾਵਾਂ ਤੋਂ ਨਿੱਜੀ ਤੇ ਵਕਤੀ ਲਾਭ ਲੈਣ ਦੇ ਰੁਝਾਨਾਂ ਨੂੰ ਠੱਲ੍ਹ ਪਾਈ ਜਾਏ। ਇਸ ਕੰਮ ਲਈ ਸਮਾਜ ਵਿਚ ਆਮ ਸਹਿਮਤੀ ਬਣਾਉਣ ਦੀ ਜ਼ਰੂਰਤ ਹੈ, ਨਹੀਂ ਤਾਂ ਇਹ ਗ਼ੈਰ-ਜਮਹੂਰੀ ਰੁਝਾਨ ਵਧਦੇ ਜਾਣਗੇ ਤੇ ਸੰਸਥਾਵਾਂ ਹੋਰ ਖੀਣ ਹੁੰਦੀਆਂ ਜਾਣਗੀਆਂ।

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

**(ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)**

**"ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ.ਐਲ. ਚੁੰਬਰ, ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਆਦਿ ਧਰਮ ਮੰਡਲ ਦੇ ਸੁਨਹਿਰੀ ਇਤਿਹਾਸ ਦੇ 11-12 ਜੂਨ ਦੇ ਸ਼ੁਭ ਦਿਹਾੜੇ ਮੌਕੇ ਫਿਰ ਤੋਂ ਇਕ ਵਾਰ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

**– ਤੇਜਪਾਲ ਗੰਗੜ**

**ਬਰਨਬੀ, ਬ੍ਰਿਟਿਸ ਕੁਲੰਬੀਆ, ਕੈਨੇਡਾ (ਫੋਨ: 778.319.5431)**

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀ ਐਮ ਐਸ ਆਈ, ਜੀ.ਜੀ.ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਪੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐਲ. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਉਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।

### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ




ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, ਉਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।

ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:

ਪਹਿਲਾ ਮਤਾ- ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

ਦੂਜਾ- ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁਧ ਹੈ।

ਤੀਜਾ ਮਤਾ- ਰਾਜਾ ਮੁੰਜੇ ਪੈਕਟ ਦੀ ਸਖਤ ਵਿੱਰਧਤਾ ਕਰਦੇ ਹਾਂ।

ਚੌਥਾ ਮਤਾ: ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

ਪੰਜਵਾਂ ਮਤਾ- ਹਿੰਦੂਵਾਦ, ਦਇਆਨੰਦ ਦਲਿਤ ਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ। ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੌਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪਰ ਖੱਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ ਉਸੋਂਹੰ"' ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ ਉਵੱਖਰੇ ਚੋਣ ਖੇਤਰ ਪ੍ਰਨਾਲੀ" ਸ਼ੲਪੳਰੳਟੲ ੲਲੲਚਟੋਰੳਟੲ ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾਂ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ। ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ. ਐਚ. ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ। ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। ਭੂਮੀ ਇੰਤਕਾਲ ਆਰਜੀ ਐਕਟ ਨੇ ਡ੍ਰਿਰੈਸਡ ਕਲਾਸਿਜ਼ ਦੀ ਹਾਲਤ ਨਾਜੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਜਕੀਨ ਕਰਦੇ ਹਾਂ ਕਿ ਆਪਦੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੈ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਪਿੰਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ ਉ ਧਾਰਮਿਕ ਗੀਤਾ ਅਤੇ ਭਾਸ਼ਨਾ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਨਾਲੀ ਦੇ ਵਿੱਚਕਾਰ ਪ੍ਰਗਟ ਕੀਤੀ।"

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ

**(ਬਾਕੀ ਅਗਲੇ ਸਫੇ ਤੇ)**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ-ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿ-ਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅੱਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮੱਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਰੈਸਡ ਕਲਾਸਿਜ਼ ਵਲੋਂ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ ।

1. ਪਹਿਲੀ ਮੰਗ- ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. ਦੂਜੀ ਮੰਗ- ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ''। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੁਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. ਤੀਜੀ ਮੰਗ – ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ।ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ , ਉਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ''। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. ਚੌਥੀ ਮੰਗ –ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾ ਦੇ ਦਬਾਅ ਥੱਲੇ ਹਨ। ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕਤਿਾ ਜਾਵੇ।

5. ਪੰਜਵੀਂ ਮੰਗ:- ਸਾਡੇ ਲੋਕ ਗਰੀਬ ਹਨ ਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ The Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆਂ ਹੈ (Principles)

1. To work in every way for the uplift for all Ad-Dharmi (Aborging depressed classes) of punjab generally calles Achhuts and Shudras especially.

2. To work without religious prejudge for the unity of all.

3. To obtain all political rights in cooperation with the government.

4. To keep government intouch with the true state of Ad-Dharmi's.

5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸੱਕਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਿਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ , ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੋਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂੰਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆਂ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ । ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ । ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ ''ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ , ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

### ਗਵਰਨਰ ਪੰਜਾਬ ਨੂੰ ਯਾਦ ਪੱਤਰ

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ ।

ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ । ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

ਉਹਨਾਂ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ, ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ''

**ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ (ਭਾਰਤ)**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org